22-Jan-PAGE-1.qxd 1/21/2026 9:02 PM Page 1

ਵੀਰਵਾਰ, 22 ਜਨਵਰੀ, 2026
9 ਮਾਘ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 233

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • THURSDAY, 22 JANUARY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਰੁਪੱਈਏ ਦੀ ਦੁਰਗਤ, ਸ਼ੇਅਰ ਬਾਜ਼ਾਰ ਲਗਾਤਾਰ ਤੀਜੇ ਦਿਨ ਡਿੱਗਾ

**ਮੁੰਬਈ** : ਭਾਰਤੀ ਰੁਪੱਈਆ ਬੁੱਧਵਾਰ ਸ਼ੁਰੂਆਤੀ ਕਾਰੋਬਾਰ ਵਿੱਚ 76 ਪੈਸੇ ਟੁੱਟ ਕੇ ਅਮਰੀਕੀ ਡਾਲਰ ਦੇ ਮੁਕਾਬਲੇ 91.73 ਦੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ। ਡਾਲਰ ਦੀ ਸਥਿਰ ਮੰਗ ਤੇ ਆਲਮੀ ਪੱਧਰ 'ਤੇ ਚੌਕਸੀ ਵਾਲੇ ਮਾਹੌਲ ਕਰਕੇ ਰੁਪਏ ਵਿੱਚ ਨਿਘਾਰ ਆਇਆ। ਫਾਰੈਕਸ ਵਪਾਰੀਆਂ ਅਨੁਸਾਰ, ਭੂ-ਸਿਆਸੀ ਬੇਯਕੀਨੀ ਨੇ ਆਲਮੀ ਬਾਜ਼ਾਰਾਂ ਵਿੱਚ ਜੋਖਮ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਅਤੇ ਘਰੇਲੂ ਸਟਾਕ ਮਾਰਕੀਟ ਵਿੱਚ ਸੁਸਤੀ ਨੇ ਵੀ ਰੁਪਏ ਦੀ ਕਮਜ਼ੋਰੀ ਵਿੱਚ ਵਾਧਾ ਕੀਤਾ ਹੈ।

ਉਧਰ, ਘਰੇਲੂ ਸ਼ੇਅਰ ਬਾਜ਼ਾਰਾਂ ਸੈਂਸੈਕਸ ਤੇ ਨਿਫਟੀ ਨੇ ਵੀ ਗਿਰਾਵਟ ਦਰਜ ਕੀਤੀ ਹੈ। ਸੈਂਸੈਕਸ 270.84 ਅੰਕ ਡਿੱਗ ਕੇ 81,909.63, ਜਦੋਂਕਿ ਨਿਫਟੀ 75 ਅੰਕ ਡਿੱਗ ਕੇ 25,157.50 'ਤੇ ਬੰਦ ਹੋਇਆ। ਸੈਂਸੈਕਸ ਵਿੱਚ ਸ਼ਾਮਲ 30 ਕੰਪਨੀਆਂ 'ਚੋਂ ਭਾਰਤ ਇਲੈਕਟਰਾਨਿਕਸ, ਆਈ ਸੀ ਆਈ ਸੀ ਆਈ ਬੈਂਕ, ਟਰੈਂਟ, ਲਾਰਸਨ ਐਂਡ ਟੂਬਰੋ, ਐੱਚ ਸੀ ਐੱਲ ਬੈਂਕ ਤੇ ਇਨਫੋਸਿਸ ਦੇ ਸ਼ੇਅਰ ਸਭ ਤੋਂ ਵੱਧ ਨੁਕਸਾਨ ਵਿੱਚ ਰਹੇ। ਇਟਰਨਲ, ਸਨ ਫਾਰਮਾ, ਇੰਟਰਗਲੋਬ ਏਵੀਏਸ਼ਨ ਤੇ ਟਾਟਾ ਸਟੀਲ ਦੇ ਸ਼ੇਅਰਾਂ ਵਿਚ ਤੇਜ਼ੀ ਰਹੀ।



# ਭਾਰਤ ਅਮਰੀਕਾ ਦੇ 'ਸ਼ਾਂਤੀ ਬੋਰਡ' 'ਚ ਸ਼ਾਮਲ ਨਾ ਹੋਵੇ : ਖੱਬੇ ਪੱਖੀ ਪਾਰਟੀਆਂ

**ਲੁਧਿਆਣਾ (ਐੱਮ ਐੱਸ ਭਾਟੀਆ)** ਪੰਜ ਖੱਬੇ-ਪੱਖੀ ਪਾਰਟੀਆਂ—ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਭਾਰਤੀ ਕਮਿਊਨਿਸਟ ਪਾਰਟੀ (ਐੱਮ ਐੱਲ) ਲਿਬਰੇਸ਼ਨ, ਆਲ ਇੰਡੀਆ ਫਾਰਵਰਡ ਬਲਾਕ ਅਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਨੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਭਾਰਤ ਸਰਕਾਰ 'ਗਾਜ਼ਾ ਸ਼ਾਂਤੀ ਯੋਜਨਾ' ਨੂੰ ਲਾਗੂ ਕਰਨ ਲਈ ਤਿਆਰ ਕੀਤੇ ਗਏ ਅਖੌਤੀ ਸ਼ਾਂਤੀ ਬੋਰਡ ਬਾਰੇ ਅਮਰੀਕਾ ਦੁਆਰਾ ਪੇਸ਼ ਕੀਤੇ ਗਏ ਸਟੈਂਡ ਨੂੰ ਸਵੀਕਾਰ ਨਾ ਕਰੇ। ਅਜਿਹੇ ਬੋਰਡ ਵਿੱਚ ਭਾਰਤ ਦੀ ਭਾਗੀਦਾਰੀ, ਜੋ ਫਲਸਤੀਨੀ ਅਧਿਕਾਰਾਂ ਦਾ ਸਤਿਕਾਰ ਨਹੀਂ ਕਰਦੀ, ਫਲਸਤੀਨੀ ਉਦੇਸ਼ ਨਾਲ ਇੱਕ ਗੰਭੀਰ ਵਿਸ਼ਵਾਸਘਾਤ ਹੋਵੇਗੀ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਪ੍ਰਸਤਾਵਿਤ ਇਹ ਬੋਰਡ ਜਾਣਬੁੱਝ ਕੇ ਸੰਯੁਕਤ ਰਾਸ਼ਟਰ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਅਮਰੀਕਾ ਦੁਆਰਾ ਨਿਯੰਤਰਿਤ ਇੱਕ ਨਵਾਂ ਅੰਤਰਰਾਸ਼ਟਰੀ ਢਾਂਚਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਮੌਜੂਦਾ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਨੀਵਾਂ ਦਿਖਾਉਣ ਲਈ ਅਮਰੀਕਾ ਦੀ ਕੋਸ਼ਿਸ਼ ਦਾ ਸਖ਼ਤ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਭਾਰਤ ਸਰਕਾਰ ਨੂੰ ਅਜਿਹੇ ਪ੍ਰਸਤਾਵਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਫਲਸਤੀਨ ਅਤੇ ਦੁਨੀਆ ਦੇ ਦੱਖਣੀ ਹਿੱਸੇ ਦੇ ਹੋਰ ਦੇਸ਼ਾਂ ਦੇ ਬਚਾਅ ਵਿੱਚ ਦ੍ਰਿੜ੍ਹਤਾ ਨਾਲ ਖੜ੍ਹਾ ਹੋਣਾ ਚਾਹੀਦਾ ਹੈ, ਜੋ ਅਮਰੀਕੀ ਸਾਮਰਾਜੀ ਇੱਛਾਵਾਂ ਤੋਂ ਖ਼ਤਰੇ ਵਿੱਚ ਹਨ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਡੀ. ਰਾਜਾ ਜਨਰਲ ਸਕੱਤਰ ਸੀ ਪੀ ਆਈ, ਐੱਮ ਏ ਬੇਬੀ ਜਨਰਲ ਸਕੱਤਰ ਸੀ ਪੀ ਆਈ (ਐੱਮ), ਦੀਪਾਂਕਰ ਭੱਟਾਚਾਰੀਆ ਜਨਰਲ ਸਕੱਤਰ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨਜ਼, ਦੇਵਰਾਜਨ ਜਨਰਲ ਸਕੱਤਰ ਏ ਆਈ ਐੱਫ ਬੀ ਅਤੇ ਮਨੋਜ ਭੱਟਾਚਾਰੀਆ ਜਨਰਲ ਸਕੱਤਰ ਆਰ ਐੱਸ ਪੀ ਸ਼ਾਮਲ ਸਨ।



# ਹਵਾ ਦੀ ਕੁਆਲਿਟੀ ਸੁਧਾਰਨ ਲਈ ਕੇਂਦਰ ਤੇ ਦਿੱਲੀ ਸਰਕਾਰ ਤੋਂ ਮੰਗਿਆ ਜਵਾਬ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਦਿੱਲੀ-ਐੱਨ ਸੀ ਆਰ ਵਿੱਚ ਹਵਾ ਗੁਣਵੱਤਾ ਸੂਚਕ ਅੰਕ (ਏ ਕਿਊ ਆਈ) ਨੂੰ ਬਿਹਤਰ ਬਣਾਉਣ ਲਈ ਲੰਮੇ ਸਮੇਂ ਦੇ ਉਪਾਵਾਂ ਲਈ ਕੇਂਦਰੀ ਪ੍ਰਦੂਸ਼ਣ ਨਿਗਰਾਨੀ ਸੰਸਥਾ ਦੀਆਂ ਸਿਫਾਰਸ਼ਾਂ 'ਤੇ ਆਪਣੀ ਕਾਰਜ ਯੋਜਨਾ ਚਾਰ ਹਫਤਿਆਂ ਦੇ ਅੰਦਰ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਹੈ। ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ ਪੰਚੋਲੀ ਦੀ ਬੈਂਚ ਨੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਵੱਲੋਂ ਪੇਸ਼ ਹੋਏ ਐਡੀਸ਼ਨਲ ਸੋਲੀਸਿਟਰ ਜਨਰਲ ਐਸ਼ਵਰਿਆ ਭਾਟੀ ਵਲੋਂ ਦਾਇਰ ਸਟੇਟਸ ਰਿਪੋਰਟ ਦਾ ਨੋਟਿਸ ਲਿਆ।

ਬੈਂਚ ਨੇ ਕਿਹਾ ਕਿ ਪ੍ਰਦੂਸ਼ਣ ਨਿਗਰਾਨ ਸੰਸਥਾ ਨੇ 15 ਨੁਕਾਤੀ ਲੰਮੇ ਸਮੇਂ ਵਿੱਚ ਪ੍ਰਦੂਸ਼ਣ ਘੱਟ ਕਰਨ ਦੇ ਉਪਾਅ ਦੀ ਸਿਫਾਰਸ਼ ਕੀਤੀ ਸੀ ਤੇ ਸੰਬੰਧਤ ਏਜੰਸੀਆਂ ਦੀ ਵੀ ਪਛਾਣ ਕੀਤੀ ਹੈ, ਜੋ ਇਨ੍ਹਾਂ ਲੰਮੇ ਸਮੇਂ ਦੇ ਉਪਾਵਾਂ ਨੂੰ ਪ੍ਰਭਾਵਤ ਕਰਨ ਦੇ ਸਮਰੱਥ ਹਨ। ਬੈਂਚ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਨਿਗਰਾਨ ਸੰਸਥਾ ਵੱਲੋਂ ਸਿਫਾਰਸ਼ ਕੀਤੇ ਗਏ ਇਨ੍ਹਾਂ ਲੰਮੇ ਸਮੇਂ ਦੇ ਉਪਾਵਾਂ ਨੂੰ ਬਿਨਾਂ ਕਿਸੇ ਦੇਰੀ ਦੇ ਲਾਗੂ ਕਰਨ ਦੀ ਲੋੜ ਹੈ।

# ਜਲੰਧਰ 'ਚ ਕਾਰੋਬਾਰੀ 'ਤੇ ਗੋਲੀਆਂ ਚਲਾਉਣ ਵਾਲੇ ਚੰਡੀਗੜ੍ਹ 'ਚ ਨੱਪੇ

ਚੰਡੀਗੜ੍ਹ : ਪੁਲਸ ਦੀ ਕ੍ਰਾਈਮ ਬਰਾਂਚ ਨੇ ਸੈਕਟਰ 39 ਸਥਿਤ ਨਵੀਂ ਅਨਾਜ ਮੰਡੀ ਨਜ਼ਦੀਕ ਬੁੱਧਵਾਰ ਸਵੇਰੇ ਮੁਕਾਬਲੇ ਦੌਰਾਨ ਤਿੰਨ ਗੈਂਗਸਟਰਾਂ ਨੂੰ ਕਾਬੂ ਕਰ ਲਿਆ। ਦੋ ਗੈਂਗਸਟਰਾਂ ਦੇ ਪੈਰਾਂ ਉੱਤੇ ਗੋਲੀ ਲੱਗੀ, ਜਿਨ੍ਹਾਂ ਦੀ ਪਛਾਣ ਰਾਹੁਲ ਅਤੇ ਰੌਕੀ ਵਜੋਂ ਹੋਈ ਹੈ, ਜਦੋਂਕਿ ਤੀਜੇ ਦਾ ਨਾਂਅ ਪ੍ਰੀਤ ਦੱਸਿਆ ਗਿਆ ਹੈ। ਇਹ ਮੁਲਜ਼ਮ ਪਿਛਲੇ ਦਿਨੀਂ ਸੈਕਟਰ 32 ਵਿਚ ਫਾਰਮੇਸੀ ਦੀ ਦੁਕਾਨ 'ਤੇ ਹੋਈ ਫਾਇਰਿੰਗ ਦੇ ਮਾਮਲੇ 'ਚ ਲੋੜੀਂਦੇ ਸਨ। ਮੁਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਤਿੰਨਾਂ ਗੈਂਗਸਟਰਾਂ ਨੇ ਜਲੰਧਰ ਵਿੱਚ ਮੰਗਲਵਾਰ ਰਾਤ ਕਿਸੇ ਵੱਡੇ ਕਾਰੋਬਾਰੀ 'ਤੇ ਗੋਲੀਆਂ ਚਲਾਈਆਂ ਸਨ। ਉੱਥੋਂ ਫਰਾਰ ਹੋ ਕੇ ਚੰਡੀਗੜ੍ਹ ਆਏ ਸੀ, ਜਿੱਥੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣਾ ਸੀ। ਜਾਣਕਾਰੀ ਮਿਲਦਿਆਂ ਹੀ ਚੰਡੀਗੜ੍ਹ ਪੁਲਸ ਨੇ ਮੁਹਾਲੀ ਪੁਲਸ ਦੇ ਸਹਿਯੋਗ ਨਾਲ ਸ਼ਹਿਰ ਵਿੱਚ ਸਖਤੀ ਵਧਾ ਦਿੱਤੀ ਸੀ। ਇੱਕ ਨਾਕੇ 'ਤੇ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਕਾਰ ਭਜਾ ਲਈ। ਪੁਲਸ ਪਿੱਛਾ ਕਰ ਰਹੀ ਸੀ ਤਾਂ ਕਾਰ ਬਿਜਲੀ ਦੇ ਖੰਭੇ ਨਾਲ ਟਕਰਾ ਗਈ। ਇਨ੍ਹਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਨੇ ਗੋਲੀਆਂ ਚਲਾ ਕੇ ਤਿੰਨਾਂ ਨੂੰ ਕਾਬੂ ਕਰ ਲਿਆ।

# ਆਂਗਣਵਾੜੀ ਸੈਂਟਰਾਂ ਤੇ ਪਲੇ-ਵੇਅ ਸਕੂਲਾਂ ਦਾ ਸਿਲੇਬਸ ਇੱਕ ਹੋਵੇਗਾ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਹੁਣ ਆਂਗਣਵਾੜੀ ਸੈਂਟਰਾਂ ਤੋਂ ਲੈ ਕੇ ਪ੍ਰਾਈਵੇਟ ਪਲੇ-ਵੇਅ ਸਕੂਲਾਂ ਤੱਕ ਇੱਕੋ ਜਿਹਾ ਸਿਲੇਬਸ ਪੜ੍ਹਾਉਣ ਦਾ ਫੈਸਲਾ ਕੀਤਾ ਹੈ। ਪਲੇ-ਵੇਅ ਸਕੂਲਾਂ ਦੀ ਰਜਿਸਟਰੇਸ਼ਨ ਲਈ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਇੱਕ ਆਨਲਾਈਨ ਪੋਰਟਲ ਵੀ ਸ਼ੁਰੂ ਕੀਤਾ ਹੈ। ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪਲੇ-ਵੇਅ ਸਕੂਲਾਂ ਦੀ ਰਜਿਸਟਰੇਸ਼ਨ ਦੀ ਪ੍ਰਕਿਰਿਆ ਤਾਂ ਕਾਫੀ ਪਹਿਲਾਂ ਸ਼ੁਰੂ ਹੋ ਗਈ ਸੀ, ਪਰ ਸਕੂਲ ਪ੍ਰਬੰਧਕਾਂ ਨੇ ਇਸ ਵਿੱਚ ਜ਼ਿਆਦਾ ਦਿਲਚਸਪੀ ਨਹੀਂ ਦਿਖਾਈ, ਇਸ ਲਈ ਹੁਣ ਇਸ ਨੂੰ ਆਨਲਾਈਨ ਕਰ ਦਿੱਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਵਿੱਚ ਕਰੀਬ 16,000 ਪਲੇ-ਵੇਅ ਸਕੂਲ ਹਨ, ਜਿਨ੍ਹਾਂ ਵਿੱਚੋਂ ਸਿਰਫ 300 ਸਕੂਲਾਂ ਨੇ ਹੀ ਰਜਿਸਟਰੇਸ਼ਨ ਲਈ ਅਪਲਾਈ ਕੀਤਾ ਹੈ। ਵਿਭਾਗ ਵੱਲੋਂ 27,000 ਆਂਗਣਵਾੜੀ ਸੈਂਟਰਾਂ ਦੇ 6,000 ਸਟਾਫ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਉਹ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪੜ੍ਹਾ ਸਕਣ। ਇਸ ਲਈ ਸਰਕਾਰ ਨੇ ਬਕਾਇਦਾ ਇੱਕ ਸਿਲੇਬਸ ਵੀ ਤਿਆਰ ਕੀਤਾ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਉਦੇਸ਼ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਪੂਰਾ ਸਰੀਰਕ ਅਤੇ ਮਾਨਸਿਕ ਵਿਕਾਸ ਕਰਨਾ ਹੈ। ਪੰਜਾਬ ਸਰਕਾਰ ਨੇ 1,000 ਆਂਗਣਵਾੜੀ ਕੇਂਦਰਾਂ ਨੂੰ ਆਧੁਨਿਕ ਰੂਪ ਦਿੱਤਾ ਹੈ। 130 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਤਹਿਤ 100 ਕਰੋੜ ਰੁਪਏ ਬੁਨਿਆਦੀ ਢਾਂਚੇ 'ਤੇ ਅਤੇ 30 ਕਰੋੜ ਰੁਪਏ ਆਂਗਣਵਾੜੀ ਕੇਂਦਰਾਂ ਲਈ ਫਰਨੀਚਰ ਖਰੀਦਣ 'ਤੇ ਖਰਚ ਕੀਤੇ ਗਏ ਹਨ।

# ਮੈਨੂੰ ਮਾਰਿਆ ਤਾਂ ਈਰਾਨ ਦੀ ਹਸਤੀ ਮਿਟ ਜਾਵੇਗੀ : ਟਰੰਪ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਕਿਹਾ ਕਿ ਜੇ ਈਰਾਨ ਨੇ ਉਨ੍ਹਾ ਦੀ ਹੱਤਿਆ ਕਰਵਾਈ ਤਾਂ ਉਹ ਈਰਾਨ ਦੀ ਹਸਤੀ ਮਿਟਾ ਦੇਣਗੇ। ਟਰੰਪ ਨੇ ਨਿਊਜ਼ਨੇਸ਼ਨ ਦੇ ਪ੍ਰੋਗਰਾਮ 'ਕੇਟੀ ਪਾਵਲਿਚ ਟੂਨਾਈਟ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ, "ਮੈਂ ਬਹੁਤ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਜੇ ਕੁਝ ਵੀ ਹੁੰਦਾ ਹੈ, ਤਾਂ ਉਹ ਉਨ੍ਹਾਂ ਨੂੰ ਨਕਸ਼ੇ ਤੋਂ ਮਿਟਾ ਦੇਣਗੇ।" ਇਸ ਤੋਂ ਪਹਿਲਾਂ ਈਰਾਨ ਨੇ ਟਰੰਪ ਨੂੰ ਦੇਸ਼ ਦੇ ਸੁਪਰੀਮ ਆਗੂ ਅਯਾਤੁੱਲਾ ਅਲੀ ਖਾਮੇਨੀ ਵਿਰੁੱਧ ਕੋਈ ਵੀ ਕਾਰਵਾਈ ਕਰਨ ਖਿਲਾਫ ਚੇਤਾਵਨੀ ਦਿੱਤੀ ਸੀ। ਕਾਬਿਲੇਗੌਰ ਹੈ ਕਿ ਟਰੰਪ ਨੇ ਪਹਿਲਾਂ ਖਾਮੇਨੀ ਦੇ ਕਰੀਬ 40 ਸਾਲਾਂ ਦੇ ਸ਼ਾਸਨ ਨੂੰ ਖਤਮ ਕਰਨ ਦੀ ਗੱਲ ਆਖੀ ਸੀ ਤੇ ਹੁਣ ਈਰਾਨ ਨੂੰ ਨਵੇਂ ਸਿਰੇ ਤੋਂ ਉਪਰੋਕਤ ਚੇਤਾਵਨੀ ਦਿੱਤੀ ਹੈ। ਈਰਾਨ ਦੇ ਹਥਿਆਰਬੰਦ ਬਲਾਂ ਦੇ ਬੁਲਾਰੇ ਜਨਰਲ ਅਬੁਲਫਜ਼ਲ ਸ਼ੇਕਾਰਚੀ ਨੇ ਕਿਹਾ, "ਟਰੰਪ ਜਾਣਦੇ ਹਨ ਕਿ ਜੇ ਸਾਡੇ ਨੇਤਾ ਵੱਲ ਇੱਕ ਹੱਥ ਵਧਾਇਆ ਗਿਆ ਤਾਂ ਅਸੀਂ ਨਾ ਸਿਰਫ ਉਸ ਹੱਥ ਨੂੰ ਕੱਟ ਦੇਵਾਂਗੇ ਸਗੋਂ ਉਨ੍ਹਾਂ ਦੀ ਦੁਨੀਆ ਨੂੰ ਅੱਗ ਲਗਾ ਦੇਵਾਂਗੇ।"

## ਟਰੰਪ ਦੇ ਜਹਾਜ਼ 'ਚ ਨੁਕਸ

**ਵਾਸ਼ਿੰਗਟਨ** : ਰਾਸ਼ਟਰਪਤੀ ਡੋਨਾਲਡ ਟਰੰਪ ਦਾ ਜਹਾਜ਼ ਏਅਰ ਫੋਰਸ ਵਨ ਮੰਗਲਵਾਰ ਸ਼ਾਮੀਂ ਸਵਿਟਜ਼ਰਲੈਂਡ ਲਈ ਰਵਾਨਾ ਹੋਣ ਤੋਂ ਕਰੀਬ ਇੱਕ ਘੰਟੇ ਬਾਅਦ ਜੁਆਇੰਟ ਬੇਸ ਐਂਡਰਿਊਜ਼ ਵਾਪਸ ਆ ਗਿਆ। ਚਾਲਕ ਦਲ ਨੇ 'ਇੱਕ ਮਾਮੂਲੀ ਬਿਜਲੀ ਦੀ ਸਮੱਸਿਆ' ਧਿਆਨ ਵਿੱਚ ਆਉਣ ਮਗਰੋਂ ਪਿੱਛੇ ਮੁੜਨ ਦਾ ਫੈਸਲਾ ਕੀਤਾ। ਜਹਾਜ਼ ਵਿੱਚ ਸਵਾਰ ਇੱਕ ਰਿਪੋਰਟਰ ਨੇ ਕਿਹਾ ਕਿ ਜਹਾਜ਼ ਦੇ ਪ੍ਰੈੱਸ ਕੈਬਿਨ ਦੀਆਂ ਲਾਈਟਾਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਬੰਦ ਹੋ ਗਈਆਂ, ਪਰ ਇਸ ਬਾਰੇ ਫੌਰੀ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ। ਟਰੰਪ ਇੱਕ ਹੋਰ ਜਹਾਜ਼ 'ਚ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਵਿਸ਼ਵ ਆਰਥਿਕ ਫੋਰਮ 'ਚ ਹਿੱਸਾ ਲੈਣ ਜਾਣਗੇ।

## ਸਕੂਲਾਂ ਦਾ ਪੁਰਾਣਾ ਸਮਾਂ ਬਹਾਲ

**ਮੁਹਾਲੀ** : ਪੰਜਾਬ ਸਕੂਲ ਸਿੱਖਿਆ ਵਿਭਾਗ ਮੁਤਾਬਕ 22 ਜਨਵਰੀ ਤੋਂ ਸਾਰੇ ਸਕੂਲ ਨਿਰਧਾਰਤ ਸਮੇਂ ਅਨੁਸਾਰ ਚੱਲਣਗੇ। ਪ੍ਰਾਇਮਰੀ ਸਕੂਲ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਅਤੇ ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3:20 ਵਜੇ ਤੱਕ ਲੱਗਣਗੇ।

## ਚਾਰ ਜ਼ਿਲ੍ਹਿਆਂ 'ਚ ਨਵੇਂ ਡੀ ਸੀ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਬੁੱਧਵਾਰ ਕਈ ਆਈ ਏ ਐੱਸ ਤੇ ਪੀ ਸੀ ਐੱਸ ਅਫਸਰ ਇੱਧਰ-ਉੱਧਰ ਕਰ ਦਿੱਤੇ। ਅਭਿਨਵ ਤ੍ਰਿਖਾ ਨੂੰ ਵਿੱਤ ਸਕੱਤਰ ਬਣਾਇਆ ਗਿਆ ਹੈ। ਕੁਮਾਰ ਅਮਿਤ ਨੂੰ ਮੁੱਖ ਮੰਤਰੀ ਦੇ ਵਿਸ਼ੇਸ਼ ਮੁੱਖ ਸਕੱਤਰ ਦੇ ਨਾਲ-ਨਾਲ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦਾ ਪ੍ਰਸ਼ਾਸਨਿਕ ਸਕੱਤਰ ਨਿਯੁਕਤ ਕੀਤਾ ਗਿਆ ਹੈ। ਕੰਵਲ ਪ੍ਰੀਤ ਬਰਾੜ ਨੂੰ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੀ ਸਕੱਤਰ ਅਤੇ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ ਦੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਪਟਿਆਲਾ ਦੀ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਨੂੰ ਮਾਰਕਫੈੱਡ ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਆਦਿੱਤਿਆ ਡਾਚਲਵਾਲ (2016 ਬੈਚ) ਨੂੰ ਰੂਪਨਗਰ ਦਾ ਡੀ ਸੀ ਤੇ ਰੂਪਨਗਰ ਦੇ ਡੀ ਸੀ ਵਰਜੀਤ ਵਾਲੀਆ ਨੂੰ ਪਟਿਆਲਾ ਦਾ ਡੀ ਸੀ, ਬਰਨਾਲਾ ਦੇ ਡੀ ਸੀ ਬੈਨਿਥ ਨੂੰ ਮਾਲ ਤੇ ਮੁੜ ਵਸੇਬਾ ਵਿਭਾਗ ਵਿੱਚ ਐਡੀਸ਼ਨਲ ਸਕੱਤਰ, ਜਦਕਿ ਹਰਪ੍ਰੀਤ ਸਿੰਘ ਨੂੰ ਬਰਨਾਲਾ ਦਾ ਡੀ ਸੀ ਅਤੇ ਗੁਰਪ੍ਰੀਤ ਸਿੰਘ ਔਲਖ ਨੂੰ ਸ਼ਹੀਦ ਭਗਤ ਸਿੰਘ ਦਾ ਡੀ ਸੀ ਨਿਯੁਕਤ ਕੀਤਾ ਗਿਆ ਹੈ।

## ਜਹਾਜ਼ ਛੱਪੜ 'ਚ



**ਪ੍ਰਯਾਗਰਾਜ** : ਭਾਰਤੀ ਹਵਾਈ ਸੈਨਾ ਦਾ ਸਿਖਲਾਈ ਜਹਾਜ਼ ਬੁੱਧਵਾਰ ਇੱਥੇ ਜਾਰਜ ਟਾਊਨ ਖੇਤਰ ਵਿੱਚ ਕੇ ਪੀ ਕਾਲਜ ਮੈਦਾਨ ਨੇੜੇ ਛੱਪੜ ਵਿੱਚ ਡਿੱਗ ਗਿਆ। ਦੋਵੇਂ ਪਾਇਲਟ ਸੁਰੱਖਿਅਤ ਬਾਹਰ ਨਿਕਲ ਗਏ। ਡਿਪਟੀ ਕਮਿਸ਼ਨਰ ਪੁਲਸ ਮਨੀਸ਼ ਸ਼ਾਂਡਿਲਿਆ ਨੇ ਦੱਸਿਆ ਕਿ ਇੰਜਣ ਵਿੱਚ ਤਕਨੀਕੀ ਖਰਾਬੀ ਆਉਣ ਕਾਰਨ ਹਾਦਸਾ ਵਾਪਰਿਆ।

# 'ਮਨਰੇਗਾ' ਕਮਜ਼ੋਰ ਕਰਨ ਖਿਲਾਫ ਪ੍ਰਦਰਸ਼ਨ




**ਜਲੰਧਰ (ਇਕਬਾਲ ਸਿੰਘ ਉਭੀ/ਸ਼ੈਲੀ ਐਲਬਰਟ/ਸੁਰਿੰਦਰ ਕੁਮਾਰ)**- ਕੇਂਦਰ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਨ ਖਿਲਾਫ ਆਮ ਆਦਮੀ ਪਾਰਟੀ ਨੇ ਜ਼ੋਰਦਾਰ ਮੁਜ਼ਾਹਰਾ ਕੀਤਾ। ਆਗੂਆਂ ਕਿਹਾ ਕਿ ਭਾਜਪਾ ਦੀ ਇਹ ਨਵੀਂ ਮਜ਼ਦੂਰ ਵਿਰੋਧੀ ਨੀਤੀ ਗਰੀਬ ਮਜ਼ਦੂਰਾਂ ਨਾਲ ਸਿੱਧੀ ਬੇਇਨਸਾਫ਼ੀ ਹੈ। ਮਹਿੰਦਰ ਭਗਤ ਮੰਤਰੀ ਰਕਸ਼ਾ ਸੇਵਾ ਕਲਿਆਣ ਸਵਤੰਤਰਤਾ ਸੈਨਾਨੀ ਅਤੇ ਬਾਗਵਾਨੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਨਾ ਦੇਸ਼ ਦੇ ਗਰੀਬ ਮਜ਼ਦੂਰਾਂ ਦੇ ਮੂੰਹੋਂ ਰੋਟੀ ਖੋਹਣ ਦੇ ਬਰਾਬਰ ਹੈ।

ਪਵਨ ਕੁਮਾਰ ਟੀਨੂੰ ਚੇਅਰਮੈਨ ਪੰਜਾਬ ਸਟੇਟ ਕੋਆਪਰੇਟਿਵ ਐਗਰੀਕਲਚਰ ਬੈਂਕ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਦੀ ਕਰੜੀ ਨਿੰਦਾ ਕਰਦਿਆਂ ਕਿਹਾ ਕਿ ਭਾਜਪਾ ਦੀ ਇਹ ਨਵੀਂ ਮਜ਼ਦੂਰ ਵਿਰੋਧੀ ਨੀਤੀ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ। ਉਨ੍ਹਾ ਦੱਸਿਆ ਕਿ ਭਾਜਪਾ ਸਰਕਾਰ ਨੇ ਮਨਰੇਗਾ ਦਾ ਨਾਂਅ ਬਦਲ ਕੇ ਇਸ ਨੂੰ ਵੀ-ਬੀ-ਜੀ ਰਾਮ-ਜੀ ਐਕਟ ਰੱਖ ਦਿੱਤਾ ਹੈ ਅਤੇ ਇਸ ਨਵੇਂ ਨਾਂਅ ਹੇਠ ਕੀਤੇ ਜਾ ਰਹੇ ਫੈਸਲੇ ਬੇਹੱਦ ਖ਼ਤਰਨਾਕ ਹਨ। ਉਨ੍ਹਾ ਕਿਹਾ ਕਿ ਮਨਰੇਗਾ ਦੇ ਬਜਟ ਵਿੱਚ ਲਗਾਤਾਰ ਕਟੌਤੀਆਂ ਕਰਕੇ ਪਿੰਡਾਂ ਦੀ ਅਰਥ ਵਿਵਸਥਾ ਨੂੰ ਤਬਾਹ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਜਲੰਧਰ ਸ਼ਹਿਰੀ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਅਤੇ ਆਰਥਿਕ ਸੰਕਟ ਵਰਗੇ ਗੰਭੀਰ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਲੋਕ-ਹਿੱਤਕਾਰੀ ਯੋਜਨਾਵਾਂ ਦੇ ਨਾਂਅ ਬਦਲਣ ਦੀ ਰਾਜਨੀਤੀ ਕਰ ਰਹੀ ਹੈ।

ਜੀ ਪੀ ਸਿੰਘ ਸਟੇਟ ਪ੍ਰਧਾਨ ਐੱਸ ਸੀ ਵਿੰਗ ਨੇ ਕਿਹਾ ਕਿ ਮਨਰੇਗਾ ਵਰਗੀ ਮਹੱਤਵਪੂਰਨ ਰੋਜ਼ਗਾਰ ਯੋਜਨਾ, ਜਿਸ ਨਾਲ ਕਰੋੜਾਂ ਗਰੀਬ ਪਰਵਾਰਾਂ ਦੀ ਰੋਜ਼ੀ-ਰੋਟੀ ਜੁੜੀ ਹੋਈ ਹੈ, ਉਸ ਦਾ ਨਾਂਅ ਬਦਲਣਾ ਸਿਰਫ਼ ਰਾਜਨੀਤਕ ਦਿਖਾਵਾ ਹੈ, ਜਦਕਿ ਹਕੀਕਤ ਇਹ ਹੈ ਕਿ ਜ਼ਮੀਨ 'ਤੇ ਰੁਜ਼ਗਾਰ ਦੇ ਮੌਕੇ ਲਗਾਤਾਰ ਘਟ ਰਹੇ ਹਨ।

ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਭਾਜਪਾ ਸਰਕਾਰ ਨਾਂਅ ਬਦਲਣ ਦੀ ਰਾਜਨੀਤੀ ਰਾਹੀਂ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣਾ ਚਾਹੁੰਦੀ ਹੈ, ਪਰ ਆਮ ਆਦਮੀ ਪਾਰਟੀ ਇਸ ਤਰ੍ਹਾਂ ਦੀਆਂ ਚਾਲਾਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗੀ। ਪਾਰਟੀ ਨੇਤਾਵਾਂ ਨੇ ਸਪੱਸ਼ਟ ਕੀਤਾ ਕਿ ਜਦ ਤੱਕ ਪੰਜਾਬ ਨੂੰ ਉਸ ਦਾ ਹੱਕ ਨਹੀਂ ਮਿਲਦਾ ਅਤੇ ਕੇਂਦਰ ਸਰਕਾਰ ਆਪਣੀਆਂ ਗਰੀਬ ਵਿਰੋਧੀ ਨੀਤੀਆਂ ਵਿੱਚ ਤਬਦੀਲੀ ਨਹੀਂ ਕਰਦੀ, ਤਦ ਤੱਕ ਆਮ ਆਦਮੀ • ਬਾਕੀ ਸਫਾ 2 'ਤੇ

# ਨਸ਼ਾ ਵਿਰੋਧੀ ਮੁਹਿੰਮ ਦੇ ਦੂਜੇ ਪੜਾਅ 'ਚ ਇੱਕ ਲੱਖ ਵਲੰਟੀਅਰ ਲਾਮਬੰਦ : ਬਲਤੇਜ ਪੰਨੂ

**ਚੰਡੀਗੜ੍ਹ, ( ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਪੰਜਾਬ ਦੇ ਮੀਡੀਆ ਇੰਚਾਰਜ ਅਤੇ 'ਨਸ਼ਾ ਮੁਕਤੀ ਮੋਰਚਾ' ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਕਿਹਾ ਕਿ ਪਾਰਟੀ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਪੂਰੇ ਸੂਬੇ ਵਿੱਚ ਇੱਕ ਯੋਜਨਾਬੱਧ, ਲੋਕ-ਪੱਖੀ ਅਤੇ ਵਿਵਸਥਿਤ ਤਰੀਕੇ ਨਾਲ ਚਲਾਈ ਜਾ ਰਹੀ ਹੈ।'ਆਪ' ਆਗੂ ਅਨੂ ਬੱਬਰ, ਲਵਦੀਪ ਸ਼ਰਮਾ ਅਤੇ ਮੰਜੀਤ ਸਿੰਘ ਰਾਏਕੋਟ ਨਾਲ ਬੁੱਧਵਾਰ ਪਾਰਟੀ ਦਫ਼ਤਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ ਕਿ ਹੇਠਲੇ ਪੱਧਰ 'ਤੇ ਪ੍ਰਭਾਵਸ਼ਾਲੀ ਪਹੁੰਚ ਅਤੇ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਨਸ਼ਾ ਮੁਕਤੀ ਮੋਰਚਾ ਦੀ ਟੀਮ ਨੂੰ ਪੰਜ ਜ਼ੋਨਾਂ ਮਾਝਾ, ਦੋਆਬਾ ਅਤੇ ਮਾਲਵਾ ਵਿੱਚ ਵੰਡਿਆ ਗਿਆ ਹੈ, ਜਿਸ ਵਿੱਚ ਮਾਲਵਾ ਨੂੰ ਅੱਗੇ ਮਾਲਵਾ ਪੂਰਬੀ, ਮਾਲਵਾ ਕੇਂਦਰੀ ਅਤੇ ਮਾਲਵਾ ਪੱਛਮੀ ਵਿੱਚ ਵੰਡਿਆ ਗਿਆ ਹੈ। ਉਨ੍ਹਾ ਕਿਹਾ ਕਿ ਇਹ ਮੋਰਚਾ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਇੱਕ ਅਹਿਮ ਅਤੇ ਸਰਗਰਮ ਹਿੱਸੇ ਵਜੋਂ ਕੰਮ ਕਰਦਾ ਹੈ।



ਮੁਹਿੰਮ ਦੇ ਪਹਿਲੇ ਪੜਾਅ ਦੀ ਜਾਣਕਾਰੀ ਦਿੰਦੇ ਹੋਏ ਪੰਨੂ ਨੇ ਦੱਸਿਆ ਕਿ 'ਆਪ' ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਪੰਜਾਬ ਦੇ ਹਰ ਪਿੰਡ ਅਤੇ ਵਾਰਡ ਤੱਕ ਪਹੁੰਚੀ ਹੈ। ਲੋਕਾਂ ਨੂੰ ਸਹੁੰ ਚੁਕਾਈ ਗਈ ਕਿ ਉਹ ਨਾ ਤਾਂ ਨਸ਼ਾ ਕਰਨਗੇ ਅਤੇ ਨਾ ਹੀ ਨਸ਼ਾ ਤਸਕਰਾਂ ਦਾ ਸਾਥ ਦੇਣਗੇ, ਜਿਸ ਵਿੱਚ ਉਨ੍ਹਾਂ ਦੀ ਜ਼ਮਾਨਤ ਲਈ ਗਾਰੰਟਰ ਵਜੋਂ ਖੜ੍ਹੇ ਹੋਣ ਤੋਂ ਇਨਕਾਰ ਕਰਨਾ ਵੀ ਸ਼ਾਮਲ ਹੈ। ਉਨ੍ਹਾ ਕਿਹਾ ਕਿ ਇਸ ਪੜਾਅ ਦਾ ਬਹੁਤ ਸਕਾਰਾਤਮਕ ਪ੍ਰਭਾਵ ਪਿਆ ਹੈ ਅਤੇ ਪੰਜਾਬ ਦੇ ਲੋਕ ਇਸ ਲਹਿਰ ਦਾ ਸਰਗਰਮੀ ਨਾਲ ਸਮਰਥਨ ਕਰ ਰਹੇ ਹਨ।

ਪੰਨੂ ਨੇ ਕਿਹਾ ਕਿ ਹਾਲ ਹੀ ਦੀਆਂ ਰਿਪੋਰਟਾਂ ਅਨੁਸਾਰ ਪਿਛਲੇ ਤਿੰਨ ਸਾਲਾਂ ਵਿੱਚ ਐੱਨ ਡੀ ਪੀ ਐੱਸ ਕੇਸਾਂ ਵਿੱਚ ਪੰਜਾਬ ਦੀ ਸਜ਼ਾ ਦਰ ਲਗਭਗ 85 ਪ੍ਰਤੀਸ਼ਤ ਰਹੀ ਹੈ, ਜੋ ਹੁਣ ਤੱਕ ਦੀ ਸਭ ਤੋਂ ਵੱਧ ਹੈ। ਉਨ੍ਹਾ ਕਿਹਾ ਕਿ ਇਸ ਪ੍ਰਾਪਤੀ ਵਿੱਚ ਜਨਤਕ ਜਾਗਰੂਕਤਾ ਅਤੇ ਸਹਿਯੋਗ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਸ ਨਾਲ ਮੁਹਿੰਮ ਦਾ ਪਹਿਲਾ ਪੜਾਅ ਸਪੱਸ਼ਟ ਤੌਰ 'ਤੇ ਸਫਲ ਰਿਹਾ ਹੈ।

ਦੂਜੇ ਪੜਾਅ ਦੇ ਵੇਰਵੇ ਸਾਂਝੇ ਕਰਦਿਆਂ ਪੰਨੂ ਨੇ ਦੱਸਿਆ ਕਿ ਨਿਰੰਤਰ ਜਾਗਰੂਕਤਾ ਯਤਨਾਂ ਦੇ ਹਿੱਸੇ ਵਜੋਂ ਇਸ ਸਮੇਂ ਸੂਬੇ ਭਰ ਵਿੱਚ ਵੱਡੇ ਪੱਧਰ 'ਤੇ ਪੈਦਲ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ। ਬਲਾਕ ਪੱਧਰ ਦੇ ਇੰਚਾਰਜ • ਬਾਕੀ ਸਫਾ 2 'ਤੇ

# ਅਰਾਵਲੀ ਪਰਬਤ ਨਾਲ ਜੁੜਿਆ ਵਾਤਾਵਰਨ ਦਾ ਭਵਿੱਖ : ਸੁਪਰੀਮ ਕੋਰਟ

**ਨਵੀਂ ਦਿੱਲੀ** : ਅਰਾਵਲੀ ਪਰਬਤ ਦੀ ਪਰਿਭਾਸ਼ਾ ਨੂੰ ਲੈ ਕੇ ਜਾਰੀ ਵਿਵਾਦ 'ਤੇ ਸੁਪਰੀਮ ਕੋਰਟ ਨੇ ਮਹੱਤਵਪੂਰਨ ਟਿੱਪਣੀ ਕਰਦੇ ਹੋਏ ਕਿਹਾ ਕਿ ਇਹ ਮੁੱਦਾ ਸਿਰਫ਼ ਤਕਨੀਕੀ ਨਹੀਂ, ਸਗੋਂ ਦੇਸ਼ ਦੇ ਵਾਤਾਵਰਨ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ। ਅਦਾਲਤ ਨੇ ਸਾਫ਼ ਨਿਰਦੇਸ਼ ਦਿੱਤਾ ਕਿ ਅਰਾਵਲੀ ਖੇਤਰ 'ਚ ਕਿਸੇ ਵੀ ਤਰ੍ਹਾਂ ਦੀ ਨਾਜਾਇਜ਼ ਮਾਈਨਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਕਿਉਂਕਿ ਅਜਿਹੀ ਮਾਈਨਿੰਗ ਦੇ ਨਤੀਜੇ ਨਾ ਪੂਰੇ ਹੋਣ ਵਾਲੇ ਤੇ ਦੂਰਗਾਮੀ ਹੁੰਦੇ ਹਨ। ਉੱਚ ਅਦਾਲਤ ਨੇ ਇਹ ਵੀ ਦੁਹਰਾਇਆ ਕਿ ਅਰਾਵਲੀ ਦੀ ਵਿਗਿਆਨਕ ਅਤੇ ਸਪੱਸ਼ਟ ਪਰਿਭਾਸ਼ਾ ਤੈਅ ਕਰਨ ਲਈ ਇੱਕ ਉੱਚ ਤਾਕਤ ਵਾਲੀ ਕਮੇਟੀ ਬਣਾਈ ਜਾਵੇਗੀ। ਇਸ ਕਮੇਟੀ 'ਚ ਵਾਤਾਵਰਨ, ਵਣਜ, ਭੂ-ਵਿਗਿਆਨ ਅਤੇ ਸਬੰਧਿਤ ਖੇਤਰਾਂ ਦੇ ਨਿਰਪੱਖ ਮਾਹਿਰ ਸ਼ਾਮਲ ਹੋਣਗੇ। ਅਦਾਲਤ ਨੇ ਸਾਰੀਆਂ ਧਿਰਾਂ ਜਿਸ ਵਿੱਚ ਐਮਿਕਸ ਕਿਊਰੀ ਵੀ ਸ਼ਾਮਲ ਹੈ, ਉਸ ਨੂੰ ਕਮੇਟੀ ਦੇ ਸੰਭਾਵਿਤ ਮੈਂਬਰਾਂ ਦੇ ਨਾਂ ਤੇ ਸੁਝਾਅ ਚਾਰ ਹਫ਼ਤਿਆਂ 'ਚ ਪੇਸ਼ ਕਰਨ ਲਈ ਕਿਹਾ ਹੈ। ਅਦਾਲਤ ਨੇ ਆਪਣੇ ਉਸ ਪੁਰਾਣੇ ਫ਼ੈਸਲੇ 'ਤੇ ਲੱਗੀ ਰੋਕ ਨੂੰ ਵੀ ਵਧਾ ਦਿੱਤਾ ਹੈ, ਜਿਸ ਵਿੱਚ 100 ਮੀਟਰ ਤੋਂ ਵੱਧ ਉਚਾਈ ਵਾਲੀਆਂ ਪਹਾੜੀਆਂ ਨੂੰ ਹੀ ਅਰਾਵਲੀ ਮੰਨਣ ਦੀ ਸਿਫ਼ਾਰਸ਼ ਸੀ। ਵਾਤਾਵਰਨ ਮੰਤਰਾਲੇ ਦੀ ਕਮੇਟੀ ਦੀ ਇਸ ਸਿਫ਼ਾਰਸ਼ ਨੂੰ ਅਦਾਲਤ ਨੇ ਪਹਿਲਾਂ ਹੀ ਮੁੜ-ਵਿਚਾਰ ਯੋਗ ਦੱਸਦੇ ਹੋਏ ਮੁਅੱਤਲ ਕਰ ਦਿੱਤਾ ਸੀ। ਅਦਾਲਤ ਦਾ ਮੰਨਣਾ ਹੈ ਕਿ ਇਹ ਮੁੱਦਾ ਸੰਵੇਦਨਸ਼ੀਲ ਹੈ ਅਤੇ ਇਸ ਨੂੰ ਜਲਦਬਾਜ਼ੀ 'ਚ ਤੈਅ ਨਹੀਂ ਕੀਤਾ ਜਾ ਸਕਦਾ। ਇਸ ਲਈ ਨਵੀਂ ਮਾਹਿਰ ਕਮੇਟੀ ਤੱਥਾਤਮਕ ਤੇ ਵਿਗਿਆਨਕ ਆਧਾਰ 'ਤੇ ਨਵੀਂ ਪਰਿਭਾਸ਼ਾ ਦੀ ਸਿਫ਼ਾਰਸ਼ ਦੇਵੇਗੀ। ਸੁਣਵਾਈ ਦੌਰਾਨ ਇਕ ਵਕੀਲ ਨੇ ਰਾਜਸਥਾਨ ਦੇ ਕਈ ਖੇਤਰਾਂ 'ਚ ਲਗਾਤਾਰ ਹੋ ਰਹੀ ਨਾਜਾਇਜ਼ ਮਾਈਨਿੰਗ ਦਾ ਮੁੱਦਾ ਵੀ ਉਠਾਇਆ।

# ਨਵੇਂ ਖੇਡ ਮੈਦਾਨਾਂ ਦੀ ਹੋਵੇਗੀ ਡਿਜੀਟਲ ਨਿਗਰਾਨੀ : ਸੌਂਦ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**-ਪੰਜਾਬ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਸੂਬੇ ਵਿੱਚ ਬਣ ਰਹੇ ਪੇਂਡੂ ਖੇਡ ਮੈਦਾਨਾਂ ਦੀ ਪ੍ਰਗਤੀ ਅਤੇ ਗੁਣਵੱਤਾ ਨੂੰ ਲੈ ਕੇ ਸਰਕਾਰ ਦੇ ਸਖ਼ਤ ਰੁਖ਼ ਨੂੰ ਸਪੱਸ਼ਟ ਕੀਤਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਭਰ ਵਿੱਚ 3,100 ਪੇਂਡੂ ਖੇਡ ਮੈਦਾਨ ਤਿਆਰ ਕਰ ਰਹੀ ਹੈ, ਜਿਸ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡਾਂ ਵੱਲ ਉਤਸ਼ਾਹਤ ਕਰਨਾ ਹੈ।ਬੁੱਧਵਾਰ ਪ੍ਰੈੱਸ ਕਾਨਫਰੰਸ 'ਚ ਸੌਂਦ ਨੇ ਦੱਸਿਆ ਕਿ ਪ੍ਰੋਜੈਕਟ ਦੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਸਰਕਾਰ ਨੇ ਤਿੰਨ ਵਿਸ਼ੇਸ਼ ਫਲਾਇੰਗ ਸਕੁਐਡ ਤਾਇਨਾਤ ਕੀਤੇ ਹਨ। ਇਹ ਦਸਤੇ ਸਰਕਾਰ ਦੀਆਂ 'ਅੱਖਾਂ ਅਤੇ ਕੰਨ' ਵਜੋਂ ਕੰਮ ਕਰਨਗੇ ਅਤੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਜ਼ਮੀਨੀ ਪੱਧਰ 'ਤੇ ਜਾਂਚ ਕਰਨਗੇ। ਉਨ੍ਹਾ ਸਪੱਸ਼ਟ ਕੀਤਾ ਕਿ ਹੁਣ ਸਿਰਫ਼ ਕਾਗਜ਼ੀ ਕਾਰਵਾਈ ਨਹੀਂ ਚੱਲੇਗੀ, ਜ਼ਮੀਨ 'ਤੇ ਕੰਮ ਦੀ ਗੁਣਵੱਤਾ ਦਿਖਣੀ ਲਾਜ਼ਮੀ ਹੈ।



• ਬਾਕੀ ਸਫਾ 2 'ਤੇ

## ਅੱਜ-ਨਾਮਾ

*(22 ਜਨਵਰੀ ਨੂੰ 24 ਸਾਲਾਂ ਦਾ ਹੋ ਗਿਐ ਨਿੱਤ ਦਿਨ ਛਪਦਾ 'ਅੱਜ-ਨਾਮਾ')*

ਚੌਵੀ ਸਾਲਾਂ ਦਾ ਕੀਤਾ ਹੈ ਸਫਰ ਇਸ ਨੇ,
ਰਿਹਾ ਸੀ ਨਿੱਤ ਹੀ ਆਂਵਦਾ ਅੱਜ-ਨਾਮਾ।
ਦਿੱਸਦਾ ਸਮਾਜ ਦਾ ਕਦੇ ਜੇ ਨੁਕਸ ਕੋਈ,
ਲਿਖਤ ਦੇ ਵਿੱਚ ਲਿਆਂਵਦਾ ਅੱਜ-ਨਾਮਾ।
ਨਵੀਂ ਜਾਂ ਚੰਗੀ ਸੀ ਕਿਤੇ ਵੀ ਬਾਤ ਹੁੰਦੀ,
ਲੋਕਾਂ ਤੱਕ ਰਿਹਾ ਪੁਚਾਂਵਦਾ ਅੱਜ-ਨਾਮਾ।
ਸਿਆਸੀ ਪੱਖੋਂ ਜੇ ਕਿਤੇ ਵੀ ਗਲਤ ਹੁੰਦਾ,
ਫੋਲਣ ਉਹਨੂੰ ਝੱਟ ਜਾਂਵਦਾ ਅੱਜ-ਨਾਮਾ।
ਕੋਈ ਵੀ ਹੁੰਦਾ ਮੁਕੰਮਲ ਨਾ ਕਦੀ ਭਾਈ,
ਦਾਅਵਾ ਏਡਾ ਇਹ ਕਦੇ ਨਾ ਕਰੇਗਾ ਜੀ।
ਵਾਅਦਾ ਕਰਦਾ ਕਿ ਪਾਊ ਨਾ ਕਦੇ ਨਾਗਾ,
ਹਾਜ਼ਰੀ ਏਦਾਂ ਹੀ ਰੋਜ਼ ਇਹ ਭਰੇਗਾ ਜੀ।

-ਤੀਸ ਮਾਰ ਖਾਂ

# ਮਾਸਟਰ ਕਸ਼ਮੀਰ ਸਿੰਘ ਵੱਲੋਂ ਲਾਲ ਝੰਡੇ ਦੀ ਅਗਵਾਈ 'ਚ ਨਿਭਾਈ ਭੂਮਿਕਾ 'ਤੇ ਫਖਰ ਹੈ : ਬਰਾੜ, ਧਾਲੀਵਾਲ

**ਮੁਹਾਲੀ** : ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਰਿੰਦਰਪਾਲ ਲਹੌਰੀਆ ਦੇ ਪਿਤਾ ਮਾਸਟਰ ਕਸ਼ਮੀਰ ਸਿੰਘ, ਜੋ ਬੀਤੇ ਦਿਨੀ ਵਿਛੋੜਾ ਦੇ ਗਏ ਸਨ, ਦੀ ਨਿੱਘੀ ਯਾਦ ਵਿੱਚ ਮੁਹਾਲੀ 80 ਸੈਕਟਰ ਦੇ ਗੁਰਦੁਆਰਾ ਸਾਹਿਬ ਵਿਖੇ ਰਾਗੀ ਜਥੇ ਵੱਲੋਂ ਕੀਤੇ ਵੈਰਾਗਮਈ ਕੀਰਤਨ ਤੇ ਅੰਤਮ ਅਰਦਾਸ ਉਪਰੰਤ ਹੋਏ ਸ਼ਰਧਾਂਜਲੀ ਸਮਾਗਮ ਮੌਕੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਅਤੇ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਆਪਣੇ ਜੀਵਨ ਵਿੱਚ ਸੰਘਰਸ਼ਸ਼ੀਲ ਰਹੇ ਮਾਸਟਰ ਕਸ਼ਮੀਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਸ਼ਮੀਰ ਸਿੰਘ ਵੱਲੋਂ ਅਧਿਆਪਕ ਵਰਗ ਦੇ ਹੱਕਾਂ ਲਈ ਲਾਲ ਝੰਡੇ ਦੀ ਅਗਵਾਈ ਹੇਠ ਅਣਗਿਣਤ ਘੋਲ ਲੜਦਿਆਂ ਨਿਭਾਈ ਸ਼ਾਨਦਾਰ ਭੂਮਿਕਾ 'ਤੇ ਅਸੀਂ ਫਖਰ ਕਰ ਸਕਦੇ ਹਾਂ, ਕਿਉਂਕਿ ਹੁਣ ਉਨ੍ਹਾਂ ਦਾ ਵੱਡਾ ਪੁੱਤਰ ਸਰਿੰਦਰਪਾਲ ਲਹੌਰੀਆ ਉਸੇ ਲਾਲ ਝੰਡੇ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਦੀ ਸ਼ਾਨਦਾਰ ਅਗਵਾਈ ਕਰ ਰਿਹਾ ਹੈ। ਮਾਸਟਰ ਕਸ਼ਮੀਰ ਸਿੰਘ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਦੇ ਆਗੂ ਪੂਰਨ ਸਿੰਘ ਮਾੜੀਮੇਘਾ ਨੇ ਪਰਵਾਰ ਨਾਲ 40 ਸਾਲ ਪੁਰਾਣੀ ਸਾਂਝ ਦੇ ਹਵਾਲੇ ਨਾਲ ਬਾਪੂ ਕਸ਼ਮੀਰ ਸਿੰਘ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਪ੍ਰਿੰਸੀਪਲ ਸਰਬਜੀਤ ਸਿੰਘ ਢਿੱਲੋਂ ਨੇ ਮਾਸਟਰ ਕਸ਼ਮੀਰ ਸਿੰਘ ਵੱਲੋਂ ਮਾਨਤਾ ਪ੍ਰਾਪਤ ਅਧਿਆਪਕ ਜਥੇਬੰਦੀ ਲਈ ਘਾਲੀਆਂ ਘਾਲਣਾਵਾਂ ਨੂੰ ਚੇਤੇ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ।





ਇਸ ਮੌਕੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਦੂਰ-ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ, ਸਕੇ-ਸੰਬੰਧੀਆਂ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸਰਿੰਦਰਪਾਲ ਲਹੌਰੀਆ ਨਾਲ ਆਪਣੀ ਸਾਂਝ ਦਾ ਪ੍ਰਗਟਾਵਾ ਕੀਤਾ, ਜਿਨ੍ਹਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਮੁਹਾਲੀ ਜ਼ਿਲ੍ਹੇ ਦੇ ਸਕੱਤਰ ਜਸਪਾਲ ਸਿੰਘ ਦੱਪਰ, ਫੈਡਰੇਸ਼ਨ ਏਟਕ ਦੇ ਸੂਬਾਈ ਆਗੂ ਰਛਪਾਲ ਸਿੰਘ ਪਾਲੀ, ਬਲਜੀਤ ਕੁਮਾਰ, ਦਰਸ਼ਨ ਲਾਲ, ਗੁਰਧਿਆਨ ਸਿੰਘ, ਕਰਤਾਰ ਸਿੰਘ, ਜ਼ੋਨ ਆਗੂ ਸਤੀਸ਼ ਕੁਮਾਰ ਭਾਰਦਵਾਜ, ਸਰਕਲ ਆਗੂ ਮੋਹਨ ਸਿੰਘ ਗਿੱਲ, ਸੁਖਦੇਵ ਸਿੰਘ ਲੁਧਿਆਣਾ, ਨਾਜ਼ਰ ਸਿੰਘ ਰਾਜਪੁਰਾ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੇ ਸੂਬਾ ਆਗੂ ਕੇਵਲ ਸਿੰਘ ਬਨਵੈਤ, ਰਾਜਿੰਦਰ ਸਿੰਘ ਰਾਜਪੁਰਾ, ਗੁਰਮੇਲ ਸਿੰਘ ਨਾਹਰ, ਸਰਕਲ ਆਗੂ ਬਲਵਿੰਦਰ ਕੁਮਾਰ, ਰਾਜਿੰਦਰ ਸਿੰਘ ਸੋਹਲ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਗੁਰਿੰਦਰ ਸਿੰਘ, ਐੱਮ ਐੱਸ ਯੂ ਦੇ ਆਗੂ ਗੁਰਪ੍ਰੀਤ ਸਿੰਘ ਛੀਨਾ, ਐਸੋਸੀਏਸ਼ਨ ਜੂਨੀਅਰ ਇੰਜੀਨੀਅਰ ਦੇ ਆਗੂ ਹਿਮਾਂਸ਼ੂ, ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨ ਸਾਂਝੀ ਤਾਲਮੇਲ ਕਮੇਟੀ ਦੇ ਆਗੂ ਬਲਵਿੰਦਰ ਸਿੰਘ ਜੌਹਲ, ਰਮਨ ਥਿੰਦ, ਪ੍ਰੀਤ ਸਿਟੀ ਸੈਕਟਰ 86 ਦੇ ਡਾਇਰੈਕਟਰ ਚਰਨ ਸਿੰਘ ਸੈਣੀ, ਇੰਪਲਾਈਜ਼ ਫੈਡਰੇਸ਼ਨ ਚਾਹਲ ਦੇ ਸੂਬਾਈ ਆਗੂ ਪੂਰਨ ਸਿੰਘ ਖਾਈ, ਫੈਡਰੇਸ਼ਨ ਏਟਕ ਦੇ ਸਾਬਕਾ ਸੂਬਾ ਜਨਰਲ • ਬਾਕੀ ਸਫਾ 2 'ਤੇ

22-Jan-PAGE-1.qxd 1/21/2026 9:07 PM Page 2



# ਗੈਂਗਸਟਰ ਜੇਲ੍ਹ ਜਾਣ ਜਾਂ ਗੋਲੀ ਖਾਣ ਲਈ ਤਿਆਰ ਰਹਿਣ : ਕੁਲਵੰਤ ਸਿੰਘ



**ਲੁਧਿਆਣਾ/ ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਨੂੰ ਅਪਰਾਧ ਮੁਕਤ ਕਰਨ ਦੇ ਸੰਕਲਪ ਨੂੰ ਦੁਹਰਾਉਂਦੇ ਹੋਏ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਤੋਂ ਕਰੀਬ 325 ਦਿਨ ਪਹਿਲਾਂ ਨਸ਼ਿਆਂ ਵਿਰੁੱਧ ਫੈਸਲਾਕੁੰਨ 'ਯੁੱਧ ਨਸ਼ਿਆਂ ਦੇ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਪੁਲਿਸ ਨੇ ਇਤਿਹਾਸਕ ਕਾਰਵਾਈ ਕਰਦਿਆਂ 32 ਹਜ਼ਾਰ ਨਸ਼ਾ ਤਸਕਰਾਂ ਖਿਲਾਫ ਐਫ.ਆਈ. ਆਰ. ਦਰਜ ਕੀਤੀਆਂ ਅਤੇ ਹਜ਼ਾਰਾਂ ਅਪਰਾਧੀਆਂ ਨੂੰ ਸਲਾਖਾਂ ਪਿੱਛੇ ਡੱਕਿਆ। ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਧੂ ਨੇ ਕਿਹਾ ਕਿ ਸਰਕਾਰ ਨੇ ਨਾ ਸਿਰਫ਼ ਤਸਕਰਾਂ ਨੂੰ ਫੜਿਆ, ਸਗੋਂ ਨਸ਼ਾ ਛੱਡਣ ਦੇ ਚਾਹਵਾਨ ਨੌਜਵਾਨਾਂ ਨੂੰ ਸਰਕਾਰੀ ਮਦਦ ਦੇ ਕੇ ਮੁੱਖ ਧਾਰਾ ਵਿੱਚ ਵਾਪਸ ਲਿਆਂਦਾ। ਇਸ ਦੇ ਲਈ ਵੱਖ-ਵੱਖ ਸ਼ਹਿਰਾਂ ਵਿੱਚ 100-100 ਬੈੱਡਾਂ ਦੇ ਵਿਸ਼ੇਸ਼ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ। ਉਸੇ ਤਰਜ਼ 'ਤੇ ਹੁਣ ਸਰਕਾਰ ਨੇ ਗੈਂਗਸਟਰਾਂ 'ਤੇ ਵਾਰ ਮੁਹਿੰਮ ਸ਼ੁਰੂ ਕੀਤੀ ਹੈ।ਵਿਧਾਇਕ ਸਿੱਧੂ ਨੇ ਪਿਛਲੀਆਂ ਸਰਕਾਰਾਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਵਿੱਚ ਨਾ ਸਿਰਫ਼ ਗੈਂਗਸਟਰਵਾਦ ਨੂੰ ਬੜ੍ਹਾਵਾ ਦਿੱਤਾ ਸਗੋਂ ਉਨ੍ਹਾਂ ਨੂੰ ਸਿਆਸੀ ਸਰਪ੍ਰਸਤੀ ਵੀ ਦਿੱਤੀ। ਉਨ੍ਹਾਂ ਨੇ ਗੈਂਗਸਟਰਾਂ ਨੂੰ ਸਿੱਧੀ ਚੇਤਾਵਨੀ ਦਿੰਦਿਆਂ ਕਿਹਾ ਕਿ ਹੁਣ ਪੰਜਾਬ ਦੀ ਅਮਨ-ਸ਼ਾਂਤੀ ਨਾਲ ਖਿਲਵਾੜ ਕਰਨ ਵਾਲਿਆਂ ਕੋਲ ਸਿਰਫ਼ ਦੋ ਹੀ ਰਸਤੇ ਬਚੇ ਹਨ—ਜਾਂ ਤਾਂ ਉਹ ਪੰਜਾਬ ਛੱਡ ਦੇਣ ਜਾਂ ਫਿਰ ਜੇਲ੍ਹ ਜਾਣ ਅਤੇ ਪੁਲਿਸ ਦੀ ਗੋਲੀ ਖਾਣ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਰਾਜ ਵਿੱਚ ਪੰਜਾਬ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਵਾਲੇ ਕਿਸੇ ਵੀ ਅਸਾਜਿਕ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

# ਸਰਦੀਆਂ 'ਚ ਮਨੁੱਖਤਾ ਦੀ ਉਦਾਹਰਣ ਬਣਿਆ ਦ੍ਰਿਸ਼ਟੀਕੋਣ ਵੈਲਫੇਅਰ ਫਾਊਂਡੇਸ਼ਨ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਹਾਲ ਹੀ ਵਿੱਚ ਹੋਈ ਸਖ਼ਤ ਠੰਢ ਦੇ ਮੱਦੇਨਜ਼ਰ, ਦ੍ਰਿਸ਼ਟੀਕੋਣ ਵੈਲਫੇਅਰ ਫਾਊਂਡੇਸ਼ਨ ਦੇ ਸੰਸਥਾਪਕ ਦੀ ਅਗਵਾਈ ਹੇਠ ਲਗਭਗ 600 ਲੋੜਵੰਦ ਤੇ ਗਰੀਬ ਲੋਕਾਂ ਨੂੰ ਕੰਬਲ ਵੰਡੇ ਗਏ।ਕੰਬਲ ਵੰਡ ਮੁਹਿੰਮ ਤਹਿਤ,



ਬੇਸਹਾਰਾ ਸੜਕ ਕਿਨਾਰੇ ਰਹਿਣ ਵਾਲਿਆਂ, ਮਜ਼ਦੂਰਾਂ ਤੇ ਮਜ਼ਦੂਰ ਪਰਿਵਾਰਾਂ ਨੂੰ ਕੰਬਲ ਵੰਡੇ ਗਏ। ਫਾਊਂਡੇਸ਼ਨ ਦੇ ਮੈਂਬਰ ਵਿਕਾਸ ਸ਼ਰਮਾ ਨੇ ਦੱਸਿਆ ਕਿ ਸਰਦੀਆਂ ਦੇ ਮੌਸਮ ਵਿੱਚ ਗਰੀਬਾਂ ਤੇ ਬੇਸਹਾਰਾ ਲੋਕਾਂ ਨੂੰ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਸੰਸਥਾ ਦਾ ਟੀਚਾ ਮਾਨਵਤਾਵਾਦੀ ਸੇਵਾ ਰਾਹੀਂ ਉਨ੍ਹਾਂ ਨੂੰ ਰਾਹਤ ਪ੍ਰਦਾਨ ਕਰਨਾ ਹੈ।ਵਲੰਟੀਅਰਾਂ ਨੇ ਵੱਖ-ਵੱਖ ਖੇਤਰਾਂ ਵਿਚ ਜਾ ਕੇ ਲੋੜਵੰਦਾਂ ਨੂੰ ਕੰਬਲ ਵੰਡੇ।ਵਿਕਾਸ ਨੇ ਕਿਹਾ ਕਿ ਮੁਹਿੰਮ ਅੱਜ ਅਖੀਰਲੇ ਕੰਬਲ ਵੰਡਣ ਨਾਲ ਸਮਾਪਤ ਹੋਈ। ਫਾਊਂਡੇਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਦ੍ਰਿਸ਼ਟੀਕੋਣ ਵੈਲਫੇਅਰ ਫਾਊਂਡੇਸ਼ਨ ਭਵਿੱਖ ਵਿੱਚ ਵੀ ਅਜਿਹੇ ਸਮਾਜ ਸੇਵਾ ਦੇ ਕੰਮ ਕਰਦੀ ਰਹੇਗੀ ਤੇ ਵੱਧ ਤੋਂ ਵੱਧ ਲੋਕਾਂ ਨੂੰ ਮਦਦ ਪਹੁੰਚਾਉਣ ਦੀ ਕੋਸ਼ਿਸ਼ ਕਰੇਗੀ। ਦ੍ਰਿਸ਼ਟੀਕੋਣ ਵੈਲਫੇਅਰ ਫਾਊਂਡੇਸ਼ਨ ਦੇ ਮੈਂਬਰ ਵਿਕਾਸ ਨੇ ਕਿਹਾ ਕਿ ਇਸ ਸਾਲ ਲੋੜਵੰਦਾਂ ਨੂੰ ਗਰਮ ਕੰਬਲ ਵੰਡੇ ਗਏ ਹਨ ਤਾਂ ਜੁ ਉਹ ਗਰਮ ਕੰਬਲਾਂ ਦੀ ਘਾਟ ਕਾਰਨ ਬਿਮਾਰ ਨਾ ਹੋਣ ਅਤੇ ਠੰਡ ਤੋਂ ਆਪਣੇ ਆਪ ਨੂੰ ਬਚਾ ਸਕਣ।ਉਨ੍ਹਾਂ ਕਿਹਾ ਕਿ ਬੇਸਹਾਰਾ ਤੇ ਲੋੜਵੰਦਾਂ ਦੀ ਸੇਵਾ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਤੇ ਪਰਮਾਤਮਾ ਤੋਂ ਵੀ ਅਸੀਸ ਮਿਲਦੀ ਹੈ।ਸੰਸਥਾ ਦੇ ਅਹੁਦੇਦਾਰਾਂ ਨੇ ਸਾਰੇ ਦੇਸ਼ ਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਸਾਨੂੰ ਜ਼ਰੂਰਤਮੰਦਾਂ ਦੀ ਵੱਧ ਤੋਂ ਵੱਧ ਮਦਦ ਜ਼ਰੂਰ ਕਰਨੀ ਚਾਹੀਦੀ ਹੈ, ਤਾਂ ਜੁ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਵੀ ਸਮਾਜ ਸੇਵਾ ਦੇ ਕੰਮ ਕਰਨ ਦੀ ਪ੍ਰੇਰਨਾ ਮਿਲ ਸਕੇ।

# ਜਨ ਹਿੱਤ ਸੰਮਤੀ ਵੱਲੋਂ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ, ਰਾਸ਼ਨ ਤੇ ਵਿਦਿਆਰਥੀਆਂ ਨੂੰ ਫ਼ੀਸ ਦੇਣਾ ਸ਼ਲਾਘਾਯੋਗ ਉਪਰਾਲਾ : ਗਿੱਲ, ਬਿੰਦਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)-** ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਨਰਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ 17 ਲੋੜਵੰਦ ਔਰਤਾਂ ਅਤੇ ਲੜਕੀਆਂ ਨੂੰ ਸਿਲਾਈ ਮਸ਼ੀਨਾਂ,10 ਲੋੜਵੰਦ ਪਰਵਾਰਾਂ ਨੂੰ ਰਾਸ਼ਨ, ਤਿੰਨ ਲੜਕੀਆਂ ਦੇ ਵਿਆਹਾਂ ਲਈ ਮਦਦ, ਤਿੰਨ ਵਿਦਿਆਰਥੀਆਂ ਨੂੰ ਫੀਸ, ਲਈ ਪ੍ਰੋਗਰਾਮ ਦਾ ਆਯੋਜਨ ਪ੍ਰਭਾਤ ਪ੍ਰਵਾਨਾਂ ਹਾਲ ਬਾਰਾਦਰੀ ਵਿਖੇ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਬੀ ਕੇ ਬਿੰਦਲ ਰਿਟਾਇਰ ਡਾਇਰੈਕਟਰ ਪੀ.ਐਸ.ਪੀ.ਸੀ.ਐਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸ਼ੇਰਵੀਰ ਸਿੰਘ ਗਿੱਲ ਪ੍ਰਧਾਨ ਰਾਜਿੰਦਰਾ ਜਿੰਮ ਖਾਨਾ ਕਲੱਬ ਨੇ ਕੀਤੀ।ਵਿਸ਼ੇਸ਼ ਤੌਰ 'ਤੇ



ਬਲਵਿੰਦਰ ਸਿੰਘ ਬਰਾੜ, ਬਲਵਿੰਦਰ ਸਿੰਘ ਫਾਇਨਾਂਸ ਮੈਨੇਜਰ ਅਮਰ ਹਸਪਤਾਲ ਪਟਿਆਲਾ, ਸੀਨੀਅਰ ਐਡਵੋਕੇਟ ਐਚ ਐਨ ਮੋਹਸਮਪੁਰੀ, ਐਨ ਐਸ ਕੁਰੈਸ਼ੀ, ਚਮਨ ਲਾਲ ਗਰਗ ਮੀਤ ਪ੍ਰਧਾਨ ਮੀਤ ਪ੍ਰਧਾਨ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਮੀਤ ਪ੍ਰਧਾਨ, ਅਨਿਲ ਭਾਰਤੀ, ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਐਸ ਪੀ ਪਰਾਸ਼ਰ, ਸਤੀਸ਼ ਜੋਸ਼ੀ, ਓ ਪੀ ਗਰਗ, ਸੁਰੇਸ਼ ਕੁਮਾਰ, ਭੁਪਿੰਦਰ ਸਿੰਘ ਨੇ ਸ਼ਿਰਕਤ ਕੀਤੀ। ਉਹਨਾ ਕਿਹਾ ਕਿ ਜਨ ਹਿੱਤ ਸੰਮਤੀ ਵੱਲੋਂ ਪਟਿਆਲਾ ਸ਼ਹਿਰ ਦੇ ਪਾਰਕਾਂ ਦੀ ਸਾਂਭ ਸੰਭਾਲ ਕਰਨੀ, ਲੋੜਵੰਦ ਲੜਕੀਆਂ ਦੇ ਵਿਆਹਾਂ ਵਿਚ ਮਦਦ, ਲੋੜਵੰਦ ਪਰਵਾਰਾਂ ਨੂੰ ਰਾਸ਼ਨ, ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਲਈ ਵੀਲਚੇਅਰ, ਟਰਾਈਸਾਈਕਲ, ਮੁਫ਼ਤ ਦਵਾਈਆਂ ਦੇਣੀਆਂ, ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ, ਕੰਪਿਊਟਰ ਸੈਂਟਰ ਖੋਲ੍ਹਣੇ ਬਹੁਤ ਪ੍ਰਸੰਸਾਯੋਗ ਹੈ। ਇਸ ਮੌਕੇ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਨੇ ਕਿਹਾ ਕਿ ਉਹਨਾਂ ਦੀ ਸੰਸਥਾ ਹਮੇਸ਼ਾ ਲੋੜਵੰਦਾਂ ਦੀ ਮਦਦ ਹਰ ਸਮੇਂ ਤਿਆਰ ਹੈ । ਇਸ ਮੌਕੇ ਬਾਲ ਕ੍ਰਿਸ਼ਨ ਬਿੰਦਲ ਰਿਟਾਇਰ ਡਾਇਰੈਕਟਰ ਪੀ.ਐਸ.ਪੀ.ਸੀ.ਐਲ ਵੱਲੋਂ 17 ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ ।

# ਗਲਤੀ ਦੀ ਸੋਧ





'ਨਵਾਂ ਜ਼ਮਾਨਾ' ਦੇ 20 ਜਨਵਰੀ ਦੇ ਅਖਬਾਰ ਦੇ ਪੰਨਾ ਨੰਬਰ ਦੋ ਵਿੱਚ ਛਪੀਆਂ ਦੋ ਖਬਰਾਂ ਵਿੱਚ ਤਸਵੀਰਾਂ ਦੀ ਅਦਲਾ-ਬਦਲੀ ਕਾਰਨ ਭੰਬਲਭੂਸੇ ਦੀ ਬਣੀ ਸਥਿਤੀ ਦਾ ਅਫਸੋਸ ਹੈ। ਪਾਠਕ 'ਵਿਧਾਇਕ ਅੰਮ੍ਰਿਤਪਾਲ ਸੁਖਾਨੰਦ ਗਰਾਊਂਡ ਲੈਵਲ 'ਤੇ ਸਰਗਰਮ : ਆਪ ਆਗੂ' ਵਾਲੀ ਖਬਰ ਨੂੰ ਉਸ ਵਿੱਚ ਛਪੀ ਇੱਕ ਆਗੂ ਦੀ ਤਸਵੀਰ ਦੀ ਥਾਂ ਦੂਜੀ ਖਬਰ 'ਪੰਜਾਬ ਦੇ ਲੋਕ 2027 'ਚ ਕਾਂਗਰਸ ਦੀ ਸਰਕਾਰ ਚਾਹੁੰਦੇ ਹਨ : ਯੂਥ ਆਗੂ ਡਿੰਪੀ' ਵਾਲੀ ਖਬਰ ਵਿੱਚ ਛਪੀ ਚਾਰ ਆਗੂਆਂ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਸੋਨੀ ਧਾਲੀਵਾਲ ਮਾੜੀ ਮੁਸਤਫਾ, ਸਰਪੰਚ ਗੁਰਭੇਜ ਸਿੰਘ ਮਾੜੀ ਮੁਸਤਫਾ ਤੇ ਪ੍ਰਦੀਪ ਰੋਡੇ ਦੀ ਤਸਵੀਰ ਨਾਲ ਜੋੜ ਕੇ ਪੜ੍ਹਨ, ਜਦਕਿ 'ਪੰਜਾਬ ਦੇ ਲੋਕ...' ਵਾਲੀ ਖਬਰ ਨੂੰ ਇੱਕ ਆਗੂ ਧਰਮਪਾਲ ਸਿੰਘ ਡੀ ਪੀ ਦੀ ਤਸਵੀਰ ਨਾਲ ਜੋੜ ਕੇ ਪੜ੍ਹਨ।

# ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਹੁਣ ਲੋਕ ਲਹਿਰ ਬਣੀ : ਚੇਤਨ ਸਿੰਘ ਜੌੜਾਮਾਜਰਾ

**ਸਮਾਣਾ (ਇਕਬਾਲ ਸਿੰਘ ਬੱਲ, ਰਾਜਿੰਦਰ ਸਿੰਘ ਥਿੰਦ)-** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮੰਗਲਵਾਰ ਨੂੰ ਹਲਕਾ ਸਮਾਣਾ ਅੰਦਰ 15 ਥਾਵਾਂ ਵਿਖੇ ਪੈਦਲ ਯਾਤਰਾ ਕੱਢੀ ਗਈ, ਜਿਸ ਵਿੱਚ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਨਸ਼ਿਆਂ ਵਿਰੁੱਧ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ। ਪੈਦਲ ਯਾਤਰਾ ਦੌਰਾਨ ਨਸ਼ੇ ਛੱਡੋ, ਕੋਹੜ ਵੱਢੋ ਦੇ ਨਾਅਰੇ ਗੂੰਜੇ, ਜਿਨ੍ਹਾਂ ਨੇ ਲੋਕਾਂ ਨੂੰ ਨਸ਼ਿਆਂ ਦੇ ਖ਼ਿਲਾਫ਼ ਲਾਮਬੰਦ ਕੀਤਾ। ਇਸ ਦੌਰਾਨ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਅੰਦਰ ਨਸ਼ਿਆਂ ਖ਼ਿਲਾਫ਼ ਅਰੰਭੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਹੁਣ ਲੋਕ ਲਹਿਰ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲੋਕ ਇਸ ਮੁਹਿੰਮ ਨਾਲ ਜੁੜ ਰਹੇ ਹਨ ਅਤੇ ਇਹ ਨਸ਼ਿਆਂ ਦੀ ਅਲ੍ਹਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਇਕਜੁੱਟ ਹੋਣ ਦਾ ਸੱਦਾ ਦੇ ਰਹੀ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਨੇ ਸਮਾਜ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ ਅਤੇ ਇਸ ਬੁਰਾਈ ਨੂੰ ਜੜ੍ਹੋਂ ਮੁਕਾਉਣ ਲਈ ਸਰਕਾਰ ਦੇ ਨਾਲ-ਨਾਲ ਲੋਕਾਂ ਦੀ ਸਾਂਝੀ ਭੂਮਿਕਾ ਬਹੁਤ ਜ਼ਰੂਰੀ ਹੈ।ਇਸ ਮੌਕੇ ਐਸ.ਡੀ.ਐਮ ਰਿਚਾ ਗੋਇਲ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਕੱਢੀ ਜਾ ਰਹੀ ਇਹ ਪੈਦਲ ਯਾਤਰਾ ਸਮਾਣਾ ਦੇ ਹਰੇਕ ਘਰ ਤੱਕ ਪੁੱਜੇਗੀ ਅਤੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰੇਗੀ । ਸਮਾਣਾ ਦੇ ਜਲਾਲ ਖੇੜਾ, ਕੁਤਬਨਪੁਰ, ਮਹਿਮੂਦਪੁਰ, ਮਿਆਲ ਖੁਰਦ, ਨਮਾਦਾ, ਰਨਬੀਰਪੁਰ, ਸੈਦੀਪੁਰ,



ਸ਼ੇਰਮਾਜਰਾ, ਸੂਲਰ, ਸੁਲਤਾਨਪੁਰਾ, ਤਰੌੜਾ ਕਲਾਂ, ਟੋਡਰਪੁਰ, ਉਚਾ ਗਾਉਂ, ਬਠੋਈ ਖੁਰਦ ਅਤੇ ਸਮਾਣਾ ਦੇ ਵਾਰਡ ਨੰਬਰ 21 ਵਿਖੇ ਕੱਢੇ ਗਏ ਪੈਦਲ ਮਾਰਚ ਦੌਰਾਨ ਲੋਕਾਂ ਨੇ ਭਰਵੀਂ ਸ਼ਮੂਲੀਅਤ ਕੀਤੀ।ਇਸ ਮੌਕੇ ਨਸ਼ਾ ਮੁਕਤੀ ਮੁਹਿੰਮ ਦੇ ਕੋਆਰਡੀਨੇਟਰਾਂ ਗੁਰਪ੍ਰੀਤ ਸਿੰਘ, ਹਰਬੰਸ ਸਿੰਘ, ਗੁਰਵਿੰਦਰ ਸਿੰਘ, ਬਿੰਦਰ ਨਾਗਰ, ਗੁਰਸੇਵਕ ਸਿੰਘ, ਰਵਿੰਦਰ ਸਿੰਘ, ਪਰਮਿੰਦਰ ਸਿੰਘ, ਜਰਨੈਲ ਸਿੰਘ, ਹਰਪ੍ਰੀਤ ਸਿੰਘ, ਸਹਿਜਪਾਲ ਸਿੰਘ ਮੰਡ, ਅੰਗਰੇਜ ਸਿੰਘ ਤੋਂ ਇਲਾਵਾ, ਪੰਜਾਬ ਪੁਲਿਸ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਸੱਪਾਂਵਾਲੀ 'ਚ ਆਯੂਸ਼ ਕੈਂਪ ਲਗਾਇਆ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਡਾਇਰੈਕਟਰ ਆਯੁਰਵੇਦਾ ਪੰਜਾਬ ਡਾਕਟਰ ਰਮਨ ਖੰਨਾ ਦੇ ਹੁਕਮਾਂ ਅਨੁਸਾਰ ਜਿਲਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਡਾ. ਰਵੀਕਾਂਤ ਮਦਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਯੂਸ਼ ਕੈਂਪ ਪਿੰਡ ਸੱਪਾਵਾਲੀ, ਮੁੱਖ ਚੌਕ ਵਿਖੇ ਆਯੋਜਤ ਕੀਤਾ ਗਿਆ । ਕੈਂਪ ਵਿੱਚ ਡਾਕਟਰ ਵਨੀਤ ਕੁਮਾਰ, ਡਾਕਟਰ ਪਰਵਿੰਦਰ ਕੌਰ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ ਅਤੇ ਆਯੁਰਵੈਦਿਕ ਦਵਾਈਆਂ ਦਿੱਤੀਆਂ ਗਈਆਂ।ਕੈਂਪ ਵਿੱਚ ਹੋਮਿਓਪੈਥੀ ਵਿਭਾਗ ਵੱਲੋਂ ਡਾਕਟਰ ਗੁਰਮੀਤ ਸਿੰਘ ਰਾਏ ਤੇ ਡਾਕਟਰ ਅਮਨਾ ਕੰਬੋਜ ਨੇ ਮਰੀਜ਼ਾਂ ਦਾ ਚੈੱਕ ਅਪ ਕੀਤਾ ਅਤੇ ਹੋਮਿਓਪੈਥਿਕ ਦਵਾਈਆਂ ਦਿੱਤੀਆਂ।ਕੈਂਪ ਵਿੱਚ ਆਯੁਰਵੈਦਿਕ ਡਾਕਟਰਾਂ ਵੱਲੋਂ 437 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਤੇ ਆਯੁਰਵੈਦਿਕ ਦਵਾਈਆਂ ਦਿੱਤੀਆਂ ਗਈਆਂ।ਹੋਮੀਓਪੈਥਿਕ ਵਿਭਾਗ ਵੱਲੋਂ ਵੀ 306 ਮਰੀਜਾਂ ਦਾ ਇਲਾਜ ਕੀਤਾ ਗਿਆ। ਕੈਂਪ ਇੰਚਾਰਜ ਡਾਕਟਰ ਪਰਵਿੰਦਰ ਕੌਰ ਵੱਲੋਂ ਮਰੀਜ਼ਾਂ ਨੂੰ ਆਯੁਰਵੇਦ ਤੇ ਯੋਗ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।ਕੈਂਪ 'ਚ ਉਪ ਵੈਦ ਸਰੋਜ ਬਾਲਾ, ਸੁਮਿਤਰਾ ਦੇਵੀ ਅਤੇ ਪਾਰਟ ਟਾਈਮ ਕਮਲਜੀਤ ਕੌਰ, ਮਨਜੀਤ ਕੌਰ ਤੇ ਯੋਗ ਟ੍ਰੇਨਰ ਰਾਜੀਵ ਅਤੇ ਮਨਜੀਤ ਕੌਰ ਨੇ ਤਨਦੇਹੀ ਨਾਲ ਡਿਊਟੀ ਨਿਭਾਈ।

## ਗੰਭੀਰ ਬਿਮਾਰੀਆਂ ਦਾ ਹੁੰਦਾ ਹੈ ਬਿਲਕੁੱਲ ਮੁਫ਼ਤ ਇਲਾਜ : ਡਾ. ਰਾਜੀਵ ਪਰਾਸ਼ਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸਿਵਲ ਸਰਜਨ ਫਿਰੋਜ਼ਪੁਰ ਡਾ. ਰਾਜੀਵ ਪਰਾਸ਼ਰ ਵੱਲੋਂ ਰਾਸ਼ਟਰੀ ਬਾਲ ਸਵੱਸਥ ਪ੍ਰੋਗਰਾਮ 'ਚ ਕੰਮ ਕਰਦੇ ਸਕੂਲ ਹੈੱਲਥ ਮੈਡੀਕਲ ਅਫਸਰਾਂ ਅਤੇ ਆਯੁਰਵੈਦਿਕ ਮੈਡੀਕਲ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮਿਨਾਕਸ਼ੀ ਢੀਂਗਰਾ, ਜ਼ਿਲ੍ਹਾ ਸਕੂਲ ਹੈੱਲਥ ਨੋਡਲ ਮੈਡੀਕਲ ਅਫ਼ਸਰ ਡਾ. ਹਰਪ੍ਰੀਤ ਕੌਰ ਅਤੇ ਡਾ. ਮਨਮੀਤ ਸਿੰਘ ਵੀ ਮੌਜੂਦ ਸਨ। ਇਸ ਮੀਟਿੰਗ ਕਰਨ ਦਾ ਮੁੱਖ ਮੰਤਵ ਸਕੂਲ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤੀ ਨਾਲ ਲਾਗੂ ਕਰਨਾ ਅਤੇ ਸਕੂਲੀ ਵਿਦਿਆਰਥੀਆਂ ਅਤੇ ਆਂਗਨਵਾੜੀ ਸੈਂਟਰਾਂ ਵਿਚ ਆਉਂਦੇ ਬੱਚਿਆਂ ਦੀ ਸਿਹਤ ਜਾਂਚ ਦੀ ਸਮੀਖਿਆ ਕਰਨਾ ਸੀ। ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਵੱਲੋਂ ਇਸ ਮੀਟਿੰਗ ਵਿਚ ਹਾਜ਼ਰ ਆਯੁਰਵੈਦਿਕ ਮੈਡੀਕਲ ਅਫਸਰਾਂ ਨੂੰ ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਨਾਲ ਕਰਨ ਅਤੇ ਬੱਚਿਆਂ ਦੀ ਸਿਹਤ ਜਾਂਚ ਕਰਕੇ 31 ਤਰ੍ਹਾਂ ਦੀਆਂ ਬਿਮਾਰੀਆਂ ਦਾ ਬਿਲਕੁੱਲ ਮੁਫ਼ਤ ਇਲਾਜ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

## ਟ੍ਰੈਫਿਕ ਪੁਲਸ ਵੱਲੋਂ ਰੋਡ ਸੇਫਟੀ ਸੈਮੀਨਾਰ ਲਾਇਆ ਗਿਆ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਟ੍ਰੈਫ਼ਿਕ ਪੁਲਸ ਵੱਲੋਂ ਏਐਸਆਈ ਨਿਰਭੈ ਸਿੰਘ ਟ੍ਰੈਫਿਕ ਇੰਚਾਰਜ ਵੱਲੋਂ ਜੈਸ਼ੰਕਰ ਕਾਰਗੋ ਯੂਨੀਅਨ ਸੁਨਾਮ ਵਿਖੇ ਰੋਡ ਸੇਫਟੀ ਸੈਮੀਨਾਰ ਲਾਇਆ ਗਿਆ। ਇਹ ਸੈਮੀਨਾਰ ਰਾਸ਼ਟਰੀ ਪੱਧਰ 'ਤੇ ਮਨਾਏ ਜਾ ਰਹੇ 37ਵੇ ਸੜਕ ਸੁਰੱਖਿਆ ਮਹੀਨੇ ਤਹਿਤ ਲਾਇਆ ਗਿਆ। ਪੰਕਜ ਅਰੋੜਾ ਰੋਡ ਸੇਫਟੀ ਐਡਵਾਈਜਰ ਨੇ ਡਰਾਈਵਰਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਸਾਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਸਮਾਰੋਹ ਵਿੱਚ ਚਾਲਕਾਂ ਵੱਲੋਂ ਕੀਤੀਆਂ ਜਾ ਰਹੀਆਂ ਗਲਤੀਆਂ ਬਾਰੇ ਦੱਸਿਆ ਗਿਆ, ਜਿਸ




ਵਿੱਚ ਵਿਸ਼ੇਸ਼ ਤੌਰ 'ਤੇ ਸੜਕਾਂ 'ਤੇ ਰਸਤੇ ਬਣਾ ਕੇ ਸ਼ਾਟਕ ਲਾਉਣਾ, ਬਿਨਾਂ ਹੈਲਮਟ ਦੇ ਚਲਾਉਣਾ, ਰੈੱਡ ਲਾਈਟ ਜੰਪ ਅਤੇ ਡਰਾਈਵਿੰਗ ਸਮੇਂ ਮੋਬਾਈਲ ਫੋਨ ਦੀ ਵਰਤੋਂ ਕਰਨਾ ਸ਼ਾਮਲ ਹੈ। ਏਐਸਆਈ ਨਿਰਭੈ ਸਿੰਘ ਨੇ ਅਪੀਲ ਕੀਤੀ ਕਿ ਉਹ ਸੜਕ 'ਤੇ ਚੱਲਦੇ ਸਮੇਂ ਸੜਕ ਸੁਰੱਖਿਆ ਦੀ ਨਿਯਮਾਂ ਦੀ ਪਾਲਣਾ ਕਰਨ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਏਐਸਆਈ ਦਿਲਬਾਗ ਸਿੰਘ ਹੌਲਦਾਰ, ਪਰਮਿੰਦਰ ਸਿੰਘ ਟ੍ਰੈਫਿਕ, ਮਾਰਸ਼ਲ ਸੁਨੀਲ ਕੁਮਾਰ ਤੇ ਸੁਖਦੇਵ ਸਿੰਘ ਭੱਠੀ ਹਾਜ਼ਰ ਸਨ।

# ਸਿੱਖਿਆ ਮੰਤਰੀ ਬੈਂਸ ਪਟਿਆਲਾ ਵਿਖੇ ਤਿਰੰਗਾ ਲਹਿਰਾਉਣਗੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)-** ਪੰਜਾਬ ਦੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਸਕੂਲ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਦੇਸ਼ ਦੇ 77ਵੇਂ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਪੋਲੋ ਗਰਾਊਂਡ, ਪਟਿਆਲਾ ਵਿਖੇ ਦੇਸ਼ ਦਾ ਕੌਮੀ ਝੰਡਾ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਸ ਦੌਰਾਨ ਕੈਬਨਿਟ ਮੰਤਰੀ ਬੈਂਸ ਪੰਜਾਬ ਵਾਸੀਆਂ ਦੇ ਨਾਮ ਸੰਦੇਸ਼ ਦੇਣਗੇ ਅਤੇ ਪਰੇਡ ਤੋਂ ਸਲਾਮੀ ਵੀ ਲੈਣਗੇ।ਇੱਥੇ ਪੋਲੋ ਗਰਾਊਂਡ ਵਿਖੇ ਗਣਤੰਤਰ ਦਿਵਸ ਮਨਾਉਣ ਸਬੰਧੀ ਤਿਆਰੀਆਂ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਕਾਰਜਾਂ ਲਈ ਤਾਇਨਾਤ ਜ਼ਿਲ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਇਸ ਸਮਾਗਮ ਦੀਆਂ ਤਿਆਰੀਆਂ ਲਈ ਸਮੁੱਚੇ ਪ੍ਰਬੰਧ ਸੁਚਾਰੂ ਢੰਗ ਨਾਲ ਸਮੇਂ ਸਿਰ ਨੇਪਰੇ ਚੜ੍ਹਾਏ ਜਾਣ। ਉਨ੍ਹਾਂ ਹਦਾਇਤ ਕੀਤੀ ਕਿ ਕੌਮੀ ਦਿਹਾੜੇ ਦੇ ਇਸ ਅਹਿਮ ਸਮਾਗਮ ਦੇ ਪ੍ਰਬੰਧਾਂ 'ਚ ਕੋਈ ਅਣਗਹਿਲੀ ਨਾ ਵਰਤੀ ਜਾਵੇ ਅਤੇ ਵਿਭਾਗਾਂ ਦੇ ਮੁਖੀ ਸਮੁੱਚੇ ਪ੍ਰਬੰਧਾਂ ਦੀ ਨਿਗਰਾਨੀ ਖ਼ੁਦ ਕਰਨੀ ਯਕੀਨੀ ਬਣਾਉਣ।ਡਾ. ਪ੍ਰੀਤੀ ਯਾਦਵ ਨੇ ਸਮਾਗਮ ਸਮੇਂ ਕਰਵਾਈ ਜਾਣ ਵਾਲੀ ਪਰੇਡ, ਮਾਰਚ ਪਾਸਟ, ਝਾਕੀਆਂ, ਸੱਭਿਆਚਾਰਕ ਪ੍ਰੋਗਰਾਮ, ਗਿੱਧਾ, ਭੰਗੜਾ, ਲੋੜਵੰਦਾਂ ਨੂੰ ਟਰਾਈਸਾਇਕਲ ਤੇ ਸਿਲਾਈ ਮਸ਼ੀਨਾਂ ਦੀ ਵੰਡ ਅਤੇ ਸਨਮਾਨ ਦੀ ਰਸਮ ਸਮੇਤ ਹੋਰ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸਮਾਗਮ ਦੀ ਕਰਵਾਈ ਜਾ ਰਹੀ ਰਿਹਰਸਲ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ 26 ਜਨਵਰੀ ਨੂੰ ਸਵੇਰੇ 9:58 ਵਜੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਨਾਲ ਸਮਾਗਮ ਅਰੰਭ ਹੋਵੇਗਾ ਤੇ ਇਸ ਦੌਰਾਨ ਜ਼ਿਲ੍ਹੇ ਦੇ ਸੁਤੰਤਰਤਾ ਸੰਗਰਾਮੀਆਂ ਤੇ ਉਨ੍ਹਾਂ ਦੇ ਪਰਵਾਰਾਂ ਸਮੇਤ ਵੀਰ ਨਾਰੀਆਂ ਦਾ ਵੀ ਸਨਮਾਨ ਕੀਤਾ ਜਾਵੇਗਾ।ਮੀਟਿੰਗ ਦੌਰਾਨ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ, ਐਸ.ਪੀ. ਪਲਵਿੰਦਰ ਸਿੰਘ ਚੀਮਾ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਕੁਮਾਰ ਸਮੇਤ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ 'ਚ ਉਦਯੋਗ-ਮੁਖੀ ਵਰਕਸ਼ਾਪ ਕਰਵਾਈ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)-** ਪਲੇਸਮੈਂ ਕਲੱਬ, ਸਕੂਲ ਆਫ਼ ਫਾਰਮੇਸੀ, ਸਰਦਾਰ ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਅਤੇ ਮਾਤਾ ਜਰਨੈਲ ਕੌਰ ਕਾਲਜ ਆਫ਼ ਫਾਰਮੇਸੀ ਵੱਲੋਂ ਇਨੋਵੇਸ਼ਨ ਕੌਂਸਲ (ਆਈ ਆਈ ਸੀ) , ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ (ਆਈ ਕਿਊ ਏ ਸੀ) , ਦੇਸ਼ ਭਗਤ ਯੂਨੀਵਰਸਿਟੀ ਅਤੇ ਫਾਰਮੀਨੌਕਸ ਪ੍ਰਾਈਵੇਟ ਲਿਮਟਿਡ, ਬੱਦੀ (ਸੋਲਨ, ਹਿਮਾਚਲ ਪ੍ਰਦੇਸ਼) ਦੇ ਸਹਿਯੋਗ ਨਾਲ ਇੱਕ ਉਦਯੋਗ-ਮੁਖੀ ਵਰਕਸ਼ਾਪ ਕਾਰਵਾਈ।ਇਸ ਪ੍ਰੋਗਰਾਮ ਦਾ ਉਦੇਸ਼ ਫਾਰਮੇਸੀ ਦੇ ਵਿਦਿਆਰਥੀਆਂ ਨੂੰ ਵਿਹਾਰਕ ਅਨੁਭਵ ਅਤੇ ਫਾਰਮਾਸਿਊਟੀਕਲ ਉਦਯੋਗ ਦੇ ਕਾਰਜਾਂ ਦੀ ਯਥਾਰਥਵਾਦੀ ਸਮਝ ਪ੍ਰਦਾਨ ਕਰਨਾ ਸੀ, ਜਿਸ



ਨਾਲ ਅਕਾਦਮਿਕ ਸਿੱਖਿਆ ਅਤੇ ਉਦਯੋਗ ਦੀਆਂ ਉਮੀਦਾਂ ਵਿਚਕਾਰ ਪਾੜੇ ਨੂੰ ਪੂਰਾ ਕੀਤਾ ਜਾ ਸਕੇ। ਇਸ ਵਰਕਸ਼ਾਪ ਦੌਰਾਨ ਦੋ ਤਕਨੀਕੀ ਸੈਸ਼ਨ ਕਰਵਾਏ ਗਏ। ਸਵੇਰ ਦਾ ਸੈਸ਼ਨ 'ਫਾਰਮਾਸਿਊਟੀਕਲ ਇੰਡਸਟਰੀ ਦਾ ਰੋਡਮੈਪ - ਕਲਾਸਰੂਮ ਤੋਂ ਸ਼ਾਪ ਫਲੋਰ ਤੱਕ' ਉਦਯੋਗ ਦੀਆਂ ਉਮੀਦਾਂ, ਹੁਨਰ ਦੇ ਪਾੜੇ, ਕਰੀਅਰ ਮਾਰਗਾਂ ਅਤੇ ਪੇਸ਼ੇਵਰ ਅਨੁਸ਼ਾਸਨ 'ਤੇ ਕੇਂਦ੍ਰਿਤ ਸੀ। ਦੁਪਹਿਰ ਦਾ ਸੈਸ਼ਨ 'ਫਾਰਮਾਸਿਊਟੀਕਲ ਇੰਡਸਟਰੀ ਵਿੱਚ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ - ਕੌਣ ਕੀ ਕਰਦਾ ਹੈ ਅਤੇ ਕਿਉਂ ਤਾਲਮੇਲ ਗੁਣਵੱਤਾ ਦਾ ਫੈਸਲਾ ਕਰਦਾ ਹੈ' ਅਤੇ ਵੇਅਰਹਾਊਸ ਵਰਗੇ ਮੁੱਖ ਵਿਭਾਗਾਂ ਵਿੱਚ ਸੂਝ-ਬੂਝ ਪੇਸ਼ ਕੀਤੀ, ਅੰਤਰ-ਵਿਭਾਗੀ ਤਾਲਮੇਲ ਅਤੇ ਗੁਣਵੱਤਾ ਪਾਲਣਾ 'ਤੇ ਜ਼ੋਰ ਦਿੱਤਾ ਗਿਆ।ਇਸ ਦੌਰਾਨ ਰਿਸੋਰਸ ਪਰਸਨ ਵਿਪਿਨ ਸ਼ਰਮਾ ਅਤੇ ਪੂਜਾ ਸ਼ਰਮਾ ਨੇ ਕੀਮਤੀ ਉਦਯੋਗ ਸੂਝ, ਅਸਲ-ਜੀਵਨ ਦੇ ਕੇਸ ਅਧਿਐਨ ਅਤੇ ਵਿਹਾਰਕ ਅਨੁਭਵ ਸਾਂਝੇ ਕੀਤੇ । ਤਕਨੀਕੀ ਸੈਸ਼ਨ ਵਿੱਚ ਵਿਦਿਆਰਥੀਆਂ ਨੇ ਕਰੀਅਰ ਦੀ ਤਿਆਰੀ, ਅਸਲ-ਸੰਸਾਰ ਦੇ ਕਾਰਜਾਂ ਅਤੇ ਗੁਣਵੱਤਾ ਪ੍ਰਣਾਲੀਆਂ ਬਾਰੇ ਸਪੱਸ਼ਟਤਾ ਪ੍ਰਾਪਤ ਕੀਤੀ।ਵਰਕਸ਼ਾਪ ਦੀ ਸਮਾਪਤੀ ਪ੍ਰਿੰਸੀਪਲ ਡਾ. ਪੂਜਾ ਗੁਲਾਟੀ ਦੇ ਧੰਨਵਾਦ ਨਾਲ ਹੋਈ, ਜਿਨ੍ਹਾਂ ਸਹਿਯੋਗੀ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਵਿਕਾਸ ਲਈ ਸਿੱਖਿਆਵਾਂ ਨੂੰ ਲਾਗੂ ਕਰਨ ਲਈ ਉਤਸ਼ਾਹਿਤ ਕੀਤਾ।

# ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ 1.59 ਕਰੋੜ ਦੇ ਵਿਕਾਸ ਕਾਰਜਾਂ ਦਾ ਰੱਖਿਆ ਨੀਂਹ ਪੱਥਰ

## ਦੇਵੀਗੜ੍ਹ ਨੂੰ ਇੱਕ ਮਾਡਲ ਕਸਬੇ ਵਜੋਂ ਵਿਕਸਤ ਕੀਤਾ ਜਾਵੇਗਾ : ਰਣਜੋਧ ਸਿੰਘ ਹਡਾਣਾ

**ਦੇਵੀਗੜ੍ਹ /ਸਨੌਰ (ਰਾਜਿੰਦਰ ਸਿੰਘ ਥਿੰਦ)** ਨਗਰ ਪੰਚਾਇਤ ਦੇਵੀਗੜ੍ਹ ਦੀ ਨੁਹਾਰ ਬਦਲਣ ਅਤੇ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦੇ ਮਕਸਦ ਨਾਲ ਵਿਕਾਸ ਕਾਰਜਾਂ ਦੀ ਇਕ ਵੱਡੀ ਲੜੀ ਸ਼ੁਰੂ ਕੀਤੀ ਗਈ।ਪੀ.ਆਰ.ਟੀ.ਸੀ. ਦੇ ਚੇਅਰਮੈਨ ਤੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਵੱਲੋਂ ਦੇਵੀਗੜ੍ਹ ਵਿਖੇ 1 ਕਰੋੜ 59 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਨਵੀਆਂ ਗਲੀਆਂ ਅਤੇ ਸਟਰੀਟ ਲਾਈਟਾਂ ਦੇ ਪ੍ਰੋਜੈਕਟ ਦਾ ਰਸਮੀ ਤੌਰ ਤੇ ਨੀਂਹ ਪੱਥਰ ਰੱਖਿਆ ਗਿਆ। ਨੀਂਹ ਪੱਥਰ ਰੱਖਣ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਦੇਵੀਗੜ੍ਹ ਦੇ ਵਸਨੀਕ ਲੰਮੇ ਸਮੇਂ ਤੋਂ ਟੁੱਟੀਆਂ ਗਲੀਆਂ ਤੇ ਹਨੇਰੇ ਦੀ ਸਮੱਸਿਆ ਨਾਲ ਜੂਝ ਰਹੇ ਸਨ।



ਇਹ ਪ੍ਰੋਜੈਕਟ ਮੁਕੰਮਲ ਹੋਣ ਨਾਲ ਜਿੱਥੇ ਆਵਾਜਾਈ ਸੁਖਾਲੀ ਹੋਵੇਗੀ, ਉੱਥੇ ਸਟਰੀਟ ਲਾਈਟਾਂ ਲੱਗਣ ਨਾਲ ਰਾਤ ਸਮੇ ਲੋਕਾਂ ਦੀ ਸੁਰੱਖਿਆ ਵੀ ਯਕੀਨੀ ਬਣੇਗੀ।ਚੇਅਰਮੈਨ ਨੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਇਨ੍ਹਾਂ ਵਿਕਾਸ ਕਾਰਜਾਂ ਵਿੱਚ ਵਰਤੇ ਜਾਣ ਵਾਲੇ ਮਟੀਰੀਅਲ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਕੰਮ ਕੱਲ੍ਹ ਤੋਂ ਹੀ ਜੰਗੀ ਪੱਧਰ ਤੇ ਸ਼ੁਰੂ ਕਰ ਦਿੱਤਾ ਜਾਵੇਗਾ ਤਾਂ ਜੁ ਮਿੱਥੇ ਸਮੇਂ ਦੇ ਅੰਦਰ ਕੰਮ ਮੁਕੰਮਲ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜਾ ਸਕੇ। ਇਲਾਕਾ ਨਿਵਾਸੀਆਂ ਨੇ ਚੇਅਰਮੈਨ ਹਡਾਣਾ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਹ ਵਿਕਾਸ ਕਾਰਜ ਇਲਾਕੇ ਦੀ ਕਾਇਆ-ਕਲਪ ਕਰਨਗੇ। ਸਮਾਗਮ ਦੌਰਾਨ ਵੱਖ-ਵੱਖ ਪਤਵੰਤੇ ਸੱਜਣਾਂ ਅਤੇ ਨਗਰ ਪੰਚਾਇਤ ਦੇ ਅਹੁਦੇਦਾਰਾਂ ਨੇ ਵੀ ਸ਼ਿਰਕਤ ਕੀਤੀ।ਚੇਅਰਮੈਨ ਹਡਾਣਾ ਨੇ ਅਖੀਰ ਵਿਚ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਦੇਵੀਗੜ੍ਹ ਦੇ ਬਾਕੀ ਰਹਿੰਦੇ ਅਧੂਰੇ ਕੰਮਾਂ ਲਈ ਵੀ ਫੰਡ ਜਾਰੀ ਕਰਵਾਏ ਜਾਣਗੇ ਤੇ ਸ਼ਹਿਰ ਨੂੰ ਇੱਕ ਮਾਡਲ ਕਸਬੇ ਵਜੋਂ ਵਿਕਸਤ ਕੀਤਾ ਜਾਵੇਗਾ।

## ਟ੍ਰੈਫਿਕ ਪੁਲਸ ਵੱਲੋਂ ਆਵਾਜਾਈ ਨਿਯਮਾਂ ਦੀ ਪਾਲਣਾ ਸੰਬੰਧੀ ਵਿਸ਼ਾਲ ਜਾਗਰੂਕਤਾ ਕੈਂਪ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਸੜਕ ਸੁਰੱਖਿਆ ਮਹੀਨਾ ਤਹਿਤ ਟ੍ਰੈਫਿਕ ਪੁਲਸ ਬਠਿੰਡਾ ਵੱਲੋਂ ਸੜਕੀ ਆਵਾਜਾਈ ਨਿਯਮਾਂ ਦੀ ਪਾਲਣਾ ਸੰਬੰਧੀ ਵਿਸ਼ਾਲ ਜਾਗਰੂਕਤਾ ਕੈਂਪ ਟੋਲ ਪਲਾਜ਼ਾ ਲਹਿਰਾ ਬੇਗਾ ਵਿਖੇ ਲਾਇਆ ਗਿਆ। ਐਸ.ਐਸ.ਪੀ. ਬਠਿੰਡਾ ਡਾ. ਜਯੋਤੀ ਯਾਦਵ (ਆਈ. ਪੀ. ਐਸ.) ਨੇ ਆਵਾਜਾਈ ਨਿਯਮਾਂ ਬਾਰੇ ਜਾਣੂ ਕਰਾਉਂਦਿਆਂ ਕਿਹਾ ਕਿ ਟਰੈਕਟਰ, ਟਰਾਲੀਆਂ, ਟਰੱਕਾਂ ਆਦਿ ਵਾਹਨ ਚਾਲਕਾਂ ਦੇ ਸੀਟ ਵੈਲਟ ਲੱਗੀ ਹੋਣੀ ਚਾਹੀਦੀ ਹੈ, ਦੋ ਪਹੀਆ ਵਾਹਨ ਚਾਲਕਾਂ ਦੇ ਹੈਲਮਟ ਪਹਿਨਿਆ ਹੋਣਾ



ਬਹੁਤ ਜ਼ਰੂਰੀ ਹੈ। ਸ਼ਰਾਬ ਜਾਂ ਕਿਸੇ ਵੀ ਹੋਰ ਨਸ਼ੇ ਦਾ ਸੇਵਨ ਕਰਕੇ ਵਾਹਨ ਨਹੀਂ ਚਲਾਉਣਾ ਚਾਹੀਦਾ। ਹੈਵੀ ਵਾਹਨਾਂ ਤੇ ਭੂੰਗ ਵਾਲੀ ਟਰਾਲੀਆਂ ਆਦਿ ਨੂੰ ਰਾਤ ਸਮੇਂ ਚਲਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਾਦਸਿਆਂ ਤੋ ਬਚਣ ਲਈ ਸੜਕੀ ਨਿਯਮਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਅੱਖਾਂ ਦੀ ਨਜ਼ਦੀਕੀ ਰੌਸ਼ਨੀ ਸਬੰਧੀ ਜਾਂਚ ਕੈਂਪ ਵੀ ਆਯੋਜਤ ਕੀਤਾ ਗਿਆ। ਦੁਪਹੀਆ ਵਾਹਨ ਚਾਲਕਾਂ ਨੂੰ ਹੈਲਮਟ ਵੰਡੇ ਗਏ ਤੇ ਵਾਹਨਾਂ 'ਤੇ ਰਿਫ਼ਲੈਕਟਰ ਵੀ ਲਾਏ ਗਏ। ਇਸ ਮੌਕੇ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਰਮਜੀਤ ਸਿੰਘ ਕੋਟਫੱਤਾ ਤੇ ਆਰ. ਟੀ. ਓ. ਬਠਿੰਡਾ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

## ਲੌਂਗੋਵਾਲ ਵਿਖੇ ਮੁਫ਼ਤ ਆਯੂਸ਼ ਕੈਂਪ ਅੱਜ




**ਲੌਂਗੋਵਾਲ (ਪ੍ਰਦੀਪ ਸੱਪਲ)** ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਜਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਸੰਗਰੂਰ ਡਾ. ਮਲਕੀਤ ਸਿੰਘ ਘੱਗਾ ਦੀ ਯੋਗ ਅਗਵਾਈ ਹੇਠ ਗੁਰਦੁਆਰਾ ਯਾਦਗਰ ਸ਼ਹੀਦਾਂ, ਪੱਤੀ ਦੁੱਲਟ ਲੌਂਗੋਵਾਲ ਵਿਖੇ ਮੁਫ਼ਤ ਆਯੂਸ਼ ਕੈਂਪ 22 ਜਨਵਰੀ ਨੂੰ ਲਗਾਇਆ ਜਾ ਰਿਹਾ ਹੈ। ਡਾ. ਅਮਨਦੀਪ ਭਾਰਤੀ ਇੰਚਾਰਜ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਲੌਂਗੋਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਆਯੂਰਵੈਦ ਅਤੇ ਹੋਮਿਓਪੈਥੀ ਦੇ ਮਹਿਰ ਡਾਕਟਰਾਂ ਵੱਲੋਂ ਹਰ ਉਮਰ ਵਰਗ ਦੇ ਪੁਰਸ਼ਾਂ ਅਤੇ ਔਰਤਾਂ ਦੇ ਰੋਗਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ । ਇਸ ਕੈਂਪ ਦੀ ਤਿਆਰੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਜੰਟ ਸਿੰਘ, ਸੁਰਜੀਤ ਸਿੰਘ ਸਮੇਤ ਮੈਂਬਰਾਂ ਦੇ ਸਹਿਯੋਗ ਨਾਲ ਮੁਕੰਮਲ ਕਰ ਲਈ ਗਈ ਹੈ।

# ...ਸ.ਫ਼ਾ 1 ਦੇ ਬਾਕੀ

## ਨਸ਼ਾ ਵਿਰੋਧੀ ਮੁਹਿੰਮ ਦੇ ਦੂਜੇ ਪੜਾਅ...

ਨਿਯੁਕਤ ਕੀਤੇ ਗਏ ਹਨ, ਬਲਾਕ ਅਤੇ ਜ਼ਿਲ੍ਹਾ ਪੱਧਰ ਦੇ ਵਲੰਟੀਅਰਾਂ ਨਾਲ ਰੋਜ਼ਾਨਾ ਤਾਲਮੇਲ ਕਾਲਾਂ ਕੀਤੀਆਂ ਜਾਂਦੀਆਂ ਹਨ, ਹਰ ਰੋਜ਼ ਕੰਮ ਸੌਂਪੇ ਜਾਂਦੇ ਹਨ ਅਤੇ ਅਗਲੇ ਦਿਨ ਉਨ੍ਹਾਂ ਦਾ ਰਿਵਿਊ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਸਾਡੀਆਂ ਟੀਮਾਂ ਵਿਵਸਥਿਤ ਤਰੀਕੇ ਨਾਲ ਨਸ਼ਿਆਂ ਵਿਰੁੱਧ ਲੜ ਰਹੀਆਂ ਹਨ।ਉਨ੍ਹਾ ਕਿਹਾ ਕਿ ਦੂਜੇ ਪੜਾਅ ਤਹਿਤ 'ਪਿੰਡ ਦੇ ਪਹਿਰੇਦਾਰ' ਨਾਂਅ ਹੇਠ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਨਾਲ ਇੱਕ ਲੱਖ ਤੋਂ ਵੱਧ ਵਲੰਟੀਅਰ ਪਹਿਲਾਂ ਹੀ ਜੁੜ ਚੁੱਕੇ ਹਨ। ਇਹ ਵਲੰਟੀਅਰ ਪੰਜਾਬ ਭਰ ਦੇ ਪਿੰਡਾਂ, ਕਸਬਿਆਂ ਅਤੇ ਵਾਰਡਾਂ ਵਿੱਚ ਸਰਗਰਮੀ ਨਾਲ ਪੈਦਲ ਯਾਤਰਾਵਾਂ ਕਰ ਰਹੇ ਹਨ।

ਪੰਨੂ ਨੇ ਸਾਂਝਾ ਕੀਤਾ ਕਿ ਹੁਣ ਤੱਕ ਪੰਜ ਜ਼ੋਨਾਂ ਵਿੱਚ ਕੁੱਲ 9,099 ਪੈਦਲ ਯਾਤਰਾਵਾਂ ਕੀਤੀਆਂ ਜਾ ਚੁੱਕੀਆਂ ਹਨ। ਦੋਆਬਾ ਵਿੱਚ 1,969 ਪੈਦਲ ਯਾਤਰਾਵਾਂ ਕੀਤੀਆਂ ਗਈਆਂ, ਮਾਝਾ ਵਿੱਚ 1,930, ਮਾਲਵਾ ਕੇਂਦਰੀ ਵਿੱਚ 1,395, ਮਾਲਵਾ ਪੂਰਬੀ ਵਿੱਚ 2,167 ਅਤੇ ਮਾਲਵਾ ਪੱਛਮੀ ਵਿੱਚ 1,618 ਪੈਦਲ ਯਾਤਰਾਵਾਂ ਹੋਈਆਂ।

ਜ਼ੋਨ-ਵਾਰ ਵੇਰਵੇ ਦਿੰਦਿਆਂ ਪੰਨੂ ਨੇ ਦੱਸਿਆ ਕਿ ਦੋਆਬਾ ਵਿੱਚ ਹੁਸ਼ਿਆਰਪੁਰ (661), ਜਲੰਧਰ ਦਿਹਾਤੀ (492), ਜਲੰਧਰ ਸ਼ਹਿਰੀ (79), ਕਪੂਰਥਲਾ (351) ਅਤੇ ਐੱਸ ਬੀ ਐੱਸ ਨਗਰ (386) ਵਿੱਚ ਪੈਦਲ ਯਾਤਰਾਵਾਂ ਕੀਤੀਆਂ ਗਈਆਂ। ਮਾਝਾ ਵਿੱਚ ਅੰਮ੍ਰਿਤਸਰ ਦਿਹਾਤੀ ਵਿੱਚ 472, ਅੰਮ੍ਰਿਤਸਰ ਸ਼ਹਿਰੀ 45, ਗੁਰਦਾਸਪੁਰ 771, ਪਠਾਨਕੋਟ 389 ਅਤੇ ਤਰਨ ਤਾਰਨ ਵਿੱਚ 253 ਪੈਦਲ ਯਾਤਰਾਵਾਂ ਹੋਈਆਂ।ਮਾਲਵਾ ਕੇਂਦਰੀ ਵਿੱਚ, ਫਰੀਦਕੋਟ ਵਿੱਚ 251, ਫਤਿਹਗੜ੍ਹ ਸਾਹਿਬ 312, ਲੁਧਿਆਣਾ ਦਿਹਾਤੀ-1 ਵਿੱਚ 291, ਲੁਧਿਆਣਾ ਦਿਹਾਤੀ-2 ਵਿੱਚ 242, ਲੁਧਿਆਣਾ ਸ਼ਹਿਰੀ 59 ਅਤੇ ਮੋਗਾ ਵਿੱਚ 240 ਪੈਦਲ ਯਾਤਰਾਵਾਂ ਦਰਜ ਕੀਤੀਆਂ ਗਈਆਂ। ਮਾਲਵਾ ਪੂਰਬੀ ਵਿੱਚ, ਮਲੇਰਕੋਟਲਾ ਵਿੱਚ 178, ਪਟਿਆਲਾ ਦਿਹਾਤੀ 466, ਪਟਿਆਲਾ ਸ਼ਹਿਰੀ 412, ਰੂਪਨਗਰ 394, ਸੰਗਰੂਰ 459 ਅਤੇ ਐੱਸ ਏ ਐੱਸ ਨਗਰ ਵਿੱਚ 278 ਪੈਦਲ ਯਾਤਰਾਵਾਂ ਦੇਖਣ ਨੂੰ ਮਿਲੀਆਂ। ਮਾਲਵਾ ਪੱਛਮੀ ਵਿੱਚ ਬਰਨਾਲਾ ਵਿੱਚ 209, ਬਠਿੰਡਾ 191, ਫਾਜ਼ਿਲਕਾ 433, ਫਿਰੋਜ਼ਪੁਰ 587, ਮਾਨਸਾ 190 ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ 8 ਪੈਦਲ ਯਾਤਰਾਵਾਂ ਹੋਈਆਂ।

ਉਹਨਾ ਕਿਹਾ ਕਿ ਪੰਜਾਬ ਵਿੱਚ ਕੋਈ ਵੀ ਅਜਿਹਾ ਜ਼ੋਨ ਜਾਂ ਜ਼ਿਲ੍ਹਾ ਨਹੀਂ ਹੈ, ਜਿੱਥੇ 'ਯੁੱਧ ਨਸ਼ਿਆਂ ਵਿਰੁੱਧ' ਦਾ ਦੂਜਾ ਪੜਾਅ ਸਰਗਰਮ ਨਾ ਹੋਵੇ। ਉਨ੍ਹਾ ਦਾਅਵਾ ਕੀਤਾ ਕਿ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਅਸੀਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਪੂਰੀ ਤਰ੍ਹਾਂ ਜੜ੍ਹੋਂ ਨਹੀਂ ਪੁੱਟ ਦਿੰਦੇ।

ਉਨ੍ਹਾ ਕਿਹਾ ਕਿ ਪੰਚਾਇਤਾਂ, ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਪਰਵਾਰਾਂ ਸਮੇਤ ਸਾਰੇ ਵਰਗਾਂ ਦੇ ਲੋਕ ਇਸ ਮੁਹਿੰਮ ਵਿੱਚ ਸਰਗਰਮ ਭਾਗੀਦਾਰ ਵਜੋਂ ਅੱਗੇ ਆ ਰਹੇ ਹਨ। ਉਹਨਾ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ 'ਯੁੱਧ ਨਸ਼ਿਆਂ ਵਿਰੁੱਧ' ਅਤੇ 'ਨਸ਼ਾ ਮੁਕਤੀ ਮੋਰਚਾ' ਦੇ ਵਲੰਟੀਅਰਾਂ ਦਾ ਸਹਿਯੋਗ ਕਰਨ, ਕਿਉਂਕਿ ਉਹ ਸਿਰਫ਼ ਸਮਾਜ ਦੀ ਮਦਦ ਲਈ ਕੰਮ ਕਰ ਰਹੇ ਹਨ।

ਉਹਨਾ ਕਿਹਾ ਕਿ ਇੱਕ ਸਮਰਪਤ ਮੋਬਾਇਲ ਐਪ ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਗਈ ਹੈ। ਇਸ ਐਪ ਦੀ ਵਰਤੋਂ ਸਿਰਫ਼ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਵੱਲੋਂ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ ਲਈ ਕੀਤੀ ਜਾ ਸਕਦੀ ਹੈ। ਇਹ ਜਾਣਕਾਰੀ ਸਿੱਧੀ ਡੀ ਜੀ ਪੀ ਅਤੇ ਮੁੱਖ ਮੰਤਰੀ ਕੋਲ ਜਾਂਦੀ ਹੈ, ਜਿਸ ਤੋਂ ਬਾਅਦ ਇਸ ਦੀ ਤਸਦੀਕ ਕੀਤੀ ਜਾਂਦੀ ਹੈ ਅਤੇ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾ ਭਰੋਸਾ ਦਿੱਤਾ ਕਿ ਜਾਣਕਾਰੀ ਸਾਂਝੀ ਕਰਨ ਵਾਲੇ ਵਿਅਕਤੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਸ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ।

## ਨਵੇਂ ਖੇਡ ਮੈਦਾਨਾਂ ਦੀ ਹੋਵੇਗੀ ਡਿਜੀਟਲ ਨਿਗਰਾਨੀ : ਸੌਂਦ...

ਉਨ੍ਹਾ ਦੱਸਿਆ ਕਿ ਖੇਡ ਮੈਦਾਨਾਂ ਦੀ ਜ਼ਮੀਨੀ ਰਿਪੋਰਟ ਲਈ ਅਸੀਂ ਇੱਕ ਐੱਮ ਆਈ ਐੱਸ ਪੋਰਟਲ ਤਿਆਰ ਕੀਤਾ ਹੈ, ਜਿਸ ਵਿੱਚ ਸੰਬੰਧਤ ਅਧਿਕਾਰੀ ਨੂੰ ਵਿਕਾਸ ਕਾਰਜ ਦੀ ਹਰ 15 ਦਿਨ ਵਿੱਚ ਫੋਟੋ ਅਤੇ ਜਿਓ ਟੈਗਿੰਗ ਦੇ ਨਾਲ ਰਿਪੋਰਟ ਭੇਜਣੀ ਹੋਵੇਗੀ।ਸਿਸਟਮ ਵਿੱਚ ਸੁਧਾਰ ਦਾ ਸਖ਼ਤ ਸੰਦੇਸ਼ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜਿੱਥੇ ਵੀ ਝੂਠੀ ਰਿਪੋਰਟਿੰਗ ਜਾਂ ਕੰਮ ਵਿੱਚ ਲਾਪਰਵਾਹੀ ਪਾਈ ਗਈ, ਉੱਥੇ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਕਈ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦਾ ਸਿਆਸੀ ਦਖ਼ਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਹਨਾ ਦੱਸਿਆ ਕਿ ਪੂਰੇ ਪੰਜਾਬ ਵਿੱਚ ਇੱਕਸਾਰ ਤਕਨੀਕੀ ਮਿਆਰ ਲਾਗੂ ਕੀਤੇ ਗਏ ਹਨ। ਕੰਮ ਦੀ ਨਿਗਰਾਨੀ ਲਈ ਤੀਸਰੇ ਪੱਖ ਦੇ ਟੈਕਨੋ-ਫਾਇਨੈਂਸ਼ਲ ਆਡਿਟ ਦੀ ਮਦਦ ਲਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਸਰਕਾਰੀ ਪੈਸੇ ਦੀ ਇੱਕ-ਇੱਕ ਪਾਈ ਦਾ ਹਿਸਾਬ ਰੱਖਿਆ ਜਾ ਰਿਹਾ ਹੈ, ਤਾਂ ਜੋ ਪੇਂਡੂ ਪੰਜਾਬ ਨੂੰ ਵਰਲਡ-ਕਲਾਸ ਬੁਨਿਆਦੀ ਢਾਂਚਾ ਮਿਲ ਸਕੇ।ਇਸ ਮੁਹਿੰਮ ਵਿੱਚ ਸਰਪੰਚਾਂ, ਗ੍ਰਾਮ ਪੰਚਾਇਤਾਂ ਅਤੇ ਸਥਾਨਕ ਖੇਡ ਕਲੱਬਾਂ ਨੂੰ ਵੀ ਅਹਿਮ ਹਿੱਸੇਦਾਰ ਬਣਾਇਆ ਗਿਆ ਹੈ। ਮੰਤਰੀ ਨੇ ਕਿਹਾ ਕਿ ਇਹ ਸਾਰੀਆਂ ਸੰਸਥਾਵਾਂ ਇਸ ਪ੍ਰੋਜੈਕਟ ਵਿੱਚ ਸਿਰਫ਼ ਦਰਸ਼ਕ ਨਹੀਂ ਹਨ, ਸਗੋਂ ਸਾਡੇ ਸਾਥੀ ਹਨ, ਜੋ ਪਿੰਡ ਦੇ ਵਿਕਾਸ ਦੀ ਨਿਗਰਾਨੀ ਕਰਨਗੇ।ਵਿਰੋਧੀ ਧਿਰ ਵੱਲੋਂ ਚੁੱਕੇ ਜਾ ਰਹੇ ਸਵਾਲਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਸੌਂਦ ਨੇ ਕਿਹਾ ਕਿ ਇਮਾਨਦਾਰ ਅਧਿਕਾਰੀਆਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਸਜ਼ਾ ਸਿਰਫ਼ ਉਹਨਾਂ ਨੂੰ ਮਿਲੇਗੀ ਜੋ ਗਲਤ ਰਿਪੋਰਟਿੰਗ ਜਾਂ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣਗੇ। ਅਸੀਂ ਜਵਾਬਦੇਹੀ ਨੂੰ ਵਿਅਕਤੀਗਤ ਨਹੀਂ ਸਗੋਂ ਪ੍ਰਣਾਲੀਗਤ ਬਣਾ ਦਿੱਤਾ ਹੈ।ਕੈਬਨਿਟ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਨੌਜਵਾਨਾਂ ਦੇ ਭਵਿੱਖ ਅਤੇ ਜਨਤਕ ਪੈਸੇ ਦੀ ਸੁਰੱਖਿਆ ਲਈ ਵਚਨਬੱਧ ਹੈ। ਇਹ ਨਵਾਂ ਪੰਜਾਬ ਹੈ, ਜਿੱਥੇ ਖੇਡ ਮੈਦਾਨ ਬਣਨਗੇ ਵੀ ਅਤੇ ਉਹਨਾਂ ਦੇ ਹਰ ਇੰਚ ਦੀ ਨਿਗਰਾਨੀ ਵੀ ਹੋਵੇਗੀ।

## ਮਾਸਟਰ ਕਸ਼ਮੀਰ ਸਿੰਘ ਵੱਲੋਂ ਲਾਲ ਝੰਡੇ...

ਸਕੱਤਰ ਜਗਦੀਸ਼ ਕੁਮਾਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਆਗੂ ਅੰਗਰੇਜ ਸਿੰਘ, ਪਰਦੀਪ ਸਿੰਘ, ਟੈਕਨੀਕਲ ਸਰਵਿਸ ਯੂਨੀਅਨ ਭੰਗਲ ਦੇ ਆਗੂ ਲੱਖਾ ਸਿੰਘ, ਗੁਰਬਖ਼ਸ਼ ਸਿੰਘ, ਅਧਿਆਪਕ ਆਗੂ ਤਜਿੰਦਰ ਸਿੰਘ ਤੋਕੀ , ਹਲਕਾ ਵਿਧਾਇਕ ਦੇ ਪੁੱਤਰ ਰੂਬੀ ਸਿੱਧੂ ਆਦਿ ਸ਼ਾਮਲ ਹੋਏ।

ਇਸ ਮੌਕੇ ਆਪਣੇ ਪਿਤਾ ਦੀ ਯਾਦ ਵਿੱਚ ਸਰਿੰਦਰਪਾਲ ਲਹੌਰੀਆ ਨੇ 2100 ਰੁਪਏ ਸੂਬਾ ਪਾਰਟੀ, 1100 ਜ਼ਿਲ੍ਹਾ ਪਾਰਟੀ, 2100 ਪੰਜਾਬ ਏਟਕ, 1100 'ਨਵਾਂ ਜ਼ਮਾਨਾ', 5100 ਫੈਡਰੇਸ਼ਨ ਏਟਕ, 1100 ਮਾਨਤਾ ਪ੍ਰਾਪਤ ਅਧਿਆਪਕ ਯੂਨੀਅਨ, 1100 ਪੈਨਸ਼ਨਰ ਯੂਨੀਅਨ ਏਟਕ ਆਦਿ ਜਥੇਬੰਦੀਆਂ ਨੂੰ ਆਰਥਕ ਸਹਾਇਤਾ ਭੇਜੀ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਨਿਭਾਈ।

## 'ਮਨਰੇਗਾ' ਕਮਜ਼ੋਰ ਕਰਨ ਖਿਲਾਫ ਪ੍ਰਦਰਸ਼ਨ...

ਪਾਰਟੀ ਦਾ ਸੰਘਰਸ਼ ਜਾਰੀ ਰਹੇਗਾ।ਰੋਸ ਪ੍ਰਦਰਸ਼ਨ ਦੌਰਾਨ ਸੰਦੀਪ ਸੈਣੀ (ਦੋਆਬਾ ਇੰਚਾਰਜ), ਰਮਨੀਕ ਸਿੰਘ ਰੰਧਾਵਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ ਅਤੇ ਲੋਕ ਸਭਾ ਇੰਚਾਰਜ ਜਲੰਧਰ ਮੇਅਰ ਵਨੀਤ ਧੀਰ, ਬਲਕਾਰ ਸਿੰਘ (ਹਲਕਾ ਵਿਧਾਇਕ ਕਰਤਾਰਪੁਰ), ਜਰਨੈਲ ਨੰਗਲ (ਦੋਆਬਾ ਇੰਚਾਰਜ ਐੱਸ ਸੀ ਵਿੰਗ), ਨਿਤਿਨ ਕੋਹਲੀ (ਹਲਕਾ ਇੰਚਾਰਜ ਜਲੰਧਰ ਸੈਂਟਰਲ), ਰਾਜਵਿੰਦਰ ਕੌਰ ਥਿਆੜਾ (ਹਲਕਾ ਇੰਚਾਰਜ ਜਲੰਧਰ ਕੈਂਟ), ਦਿਨੇਸ਼ ਢਲ (ਹਲਕਾ ਇੰਚਾਰਜ ਨਾਰਥ), ਪ੍ਰਿੰਸੀਪਲ ਪ੍ਰੇਮ ਕੁਮਾਰ (ਹਲਕਾ ਇੰਚਾਰਜ), ਬਾਹਰੀ ਸਲਮਾਨੀ (ਚੇਅਰਮੈਨ), ਸੁਭਾਸ਼ ਭਗਤ (ਚੇਅਰਮੈਨ ਫਿਲੌਰ), ਬਲਬੀਰ ਸਿੰਘ ਬਿੱਟੂ (ਸੀਨੀਅਰ ਡਿਪਟੀ ਮੇਅਰ), ਮਲਕੀਤ ਸਿੰਘ (ਡਿਪਟੀ ਮੇਅਰ), ਦੀਪਕ ਸ਼ਾਰਦਾ ਕੌਂਸਲਰ, ਤਰਨਦੀਪ ਸੰਨੀ (ਦੋਆਬਾ ਮੀਡੀਆ ਇੰਚਾਰਜ), ਆਤਮ ਪ੍ਰਕਾਸ਼ ਸਿੰਘ (ਦੋਆਬਾ ਮੀਡੀਆ ਸਕੱਤਰ), ਸੰਜੀਵ ਭਗਤ (ਜ਼ਿਲ੍ਹਾ ਮੀਡੀਆ ਇੰਚਾਰਜ ਜਲੰਧਰ) ਸਮੇਤ ਇੰਦਰਵੰਸ਼ ਸਿੰਘ ਚੱਢਾ, ਸ਼ਬਨਮ ਦੁੱਗਲ, ਅਯੂਬ ਦੁੱਗਲ, ਰਿਕੀ ਮਨੋਚਾ, ਡਾ. ਅਮਿਤ, ਵਿਜੈ ਭਾਟੀਆ, ਜਸਕਰਨ ਸਿੰਘ, ਸ਼ੋਭਾ ਭਗਤ, ਸੁੱਚਾ ਸਿੰਘ, ਗੁਰਪ੍ਰੀਤ ਕੌਰ, ਚਾਹਤ ਕੌਰ, ਪੂਨਮ ਭਗਤ, ਕੁਮਕੁਮ ਅਤੇ ਭਾਰੀ ਗਿਣਤੀ ਵਿੱਚ ਮਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਤੇ ਵਰਕਰ ਮੌਜੂਦ ਸਨ।

# ਨਸ਼ਿਆਂ ਤੇ ਅਪਰਾਧਕ ਅਨਸਰਾਂ ਖ਼ਿਲਾਫ਼ ਫਰੀਦਕੋਟ ਪੁਲਸ ਸਖ਼ਤ




**ਫਰੀਦਕੋਟ (ਐਲਿਗਜੈਂਡਰ ਡਿਸੂਜਾ)** ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਅਤੇ ਨਸ਼ਾ ਤਸਕਰਾਂ ਦੇ ਨੈਟਵਰਕ ਨੂੰ ਤੋੜਨ ਲਈ ਐਸ.ਐਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋਂ ਇੱਕ ਅਹਿਮ ਜ਼ਿਲ੍ਹਾ ਪੱਧਰੀ ਕ੍ਰਾਈਮ ਸਮੀਖਿਆ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਸੀਨੀਅਰ ਪੁਲਿਸ ਅਧਿਕਾਰੀ, ਐਸ.ਐਚ.ਓਜ਼ ਅਤੇ ਯੂਨਿਟ ਇੰਚਾਰਜ ਸ਼ਾਮਲ ਹੋਏ।ਮੀਟਿੰਗ ਦੌਰਾਨ ਡਾ. ਪ੍ਰਗਿਆ ਜੈਨ ਨੇ ਨਸ਼ੀਲੇ ਪਦਾਰਥਾਂ ਵਿਰੁੱਧ ਚੱਲ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੀ ਸਮੀਖਿਆ ਕਰਦਿਆਂ ਸਪੱਸ਼ਟ ਕੀਤਾ ਕਿ ਨਸ਼ਾ ਤਸਕਰੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਐਸ.ਐਸ.ਪੀ. ਨੇ ਸ਼ਹਿਰਾਂ ਵਿੱਚ ਹੁੰਦੇ ਛੋਟੇ ਅਪਰਾਧਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿੱਚ ਐਸ.ਪੀ (ਡੀ) ਜੋਗੇਸ਼ਵਰ ਸਿੰਘ ਗੋਰਾਇਆ, ਐਸ.ਪੀ (ਐਨ.ਡੀ.ਪੀ.ਐਸ) ਰਮਨਦੀਪ ਸਿੰਘ, ਡੀ.ਐਸ.ਪੀ ਤਰਲੋਚਨ ਸਿੰਘ (ਫਰੀਦਕੋਟ), ਡੀ.ਐਸ.ਪੀ ਸੰਜੀਵ ਕੁਮਾਰ (ਕੋਟਕਪੂਰਾ), ਡੀ.ਐਸ.ਪੀ ਇਕਬਾਲ ਸਿੰਘ (ਜੈਤੋ), ਡੀ.ਐਸ.ਪੀ ਅਵਤਾਰ ਸਿੰਘ, ਡੀ.ਐਸ.ਪੀ ਜਗਤਾਰ ਸਿੰਘ ਅਤੇ ਡੀ.ਐਸ.ਪੀ ਨਵੀਨ ਕੁਮਾਰ ਸਮੇਤ ਸਾਰੇ ਥਾਣਾ ਮੁਖੀ ਮੌਜੂਦ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

CMYK

22-Jan-PAGE-3.qxd 1/21/2026 9:23 PM Page 1



# ਬਿਜਲੀ ਸੋਧ ਬਿੱਲ-2025 ਪੰਜਾਬ ਦੇ ਲੋਕਾਂ ਲਈ ਘਾਤਕ ਸਾਬਤ ਹੋਵੇਗਾ : ਉਦੀਪੁਰ

**ਧਾਰੀਵਾਲ, (ਮਨਦੀਪ ਵਿੱਕੀ)**

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਵਰਕਿੰਗ ਕਮੇਟੀ ਗੁਰਦਾਸਪੁਰ ਦੀ ਮੀਟਿੰਗ ਧਾਰੀਵਾਲ ਵਿਖੇ ਸਰਕਲ ਪ੍ਰਧਾਨ ਬਲਵਿੰਦਰ ਉਦੀਪੁਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਵੱਖ-ਵੱਖ ਮੰਡਲਾਂ ਦੇ ਆਗੂਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਕੇਂਦਰ ਸਰਕਾਰ ਵਲੋਂ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਬਿਜਲੀ ਸੋਧ ਬਿੱਲ 2025



ਨੂੰ ਬਜਟ ਸੈਸ਼ਨ ਵਿੱਚ ਪੇਸ਼ ਕਰਨ ਦੀ ਸਖ਼ਤ ਨਿੰਦਾ ਕਰਦਿਆਂ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਬਿਜਲੀ ਬਿੱਲ ਸੰਬੰਧੀ ਧਾਰੀ ਚੁੱਪ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ। ਮੁਲਾਜ਼ਮ ਆਗੂਆਂ ਨੇ ਦੱਸਿਆ ਹੈ ਕਿ ਬਿਜਲੀ ਬਿੱਲ ਪੰਜਾਬ ਦੇ ਲੋਕਾਂ ਲਈ ਘਾਤਕ ਸਾਬਤ ਹੋਵੇਗਾ, ਸਰਕਾਰ ਦੀ ਅਜਾਰੇਦਾਰੀ ਖ਼ਤਮ ਹੋਵੇਗੀ, ਬਿਜਲੀ ਦੇ ਯੂਨਿਟ ਰੇਟਾਂ ਵਿੱਚ ਵਾਧਾ ਹੋਵੇਗਾ ਅਤੇ ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਚਲੀ ਜਾਵੇਗੀ, ਬਿਜਲੀ ਤੇ ਮਿਲਦੀ ਸਬਸਿਡੀ ਹੋਲੀ ਹੋਲੀ ਖ਼ਤਮ ਹੋਵੇਗੀ।ਇਸ ਲਈ ਪੰਜਾਬ ਦੇ ਕਿਰਤੀ ਲੋਕਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਨੂੰ ਸਾਂਝੇ ਸਿਰੜੀ ਸੰਘਰਸ਼ ਲਾਮਬੰਦ ਕਰਨੇ ਪੈਣੇ ਹਨ ਕਿਉਂਕਿ ਕੇਂਦਰ ਸਰਕਾਰ ਨਿੱਤ ਦਿਹਾੜੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ।ਮੁਲਾਜ਼ਮ ਆਗੂ ਸਾਥੀ ਉਦੀਪੁਰ ਨੇ ਦੱਸਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਚਾਰ ਸਾਲ ਦਾ ਸਮਾਂ ਪੂਰੀ ਤਰ੍ਹਾਂ ਨਾਲ ਮੁਲਾਜ਼ਮ ਵਿਰੋਧੀ ਰਿਹਾ ਹੈ।ਮੌਜੂਦਾ ਸਰਕਾਰ ਨੇ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ 16 ਪ੍ਰਤੀਸ਼ਤ ਰੋਕ ਕੇ ਇਤਿਹਾਸ ਸਿਰਜਿਆ ਹੈ। ਸਕੇਲਾਂ ਦਾ ਬਕਾਇਆ ਲਮਕ ਅਵਸਥਾ ਵਿੱਚ ਰੱਖਿਆ ਹੋਇਆ ਹੈ, ਚੋਣਾਂ ਦੌਰਾਨ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਤੋਂ ਸਰਕਾਰ ਮੁੱਕਰ ਗਈ ਹੈ ਜਿਸ ਦਾ ਖਮਿਆਜ਼ਾ ਵਿਧਾਨ ਸਭਾ ਚੋਣਾਂ ਦੌਰਾਨ ਸਰਕਾਰ ਨੂੰ ਭੁਗਤਣਾ ਪਵੇਗਾ।ਇਹ ਨਵਾਂ ਵਰ੍ਹਾ ਸੰਘਰਸ਼ਾਂ ਵੱਲ ਸੇਧਤ ਕੀਤਾ ਜਾਵੇਗਾ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਯੂਨਿਟ ਗੁਰਦਾਸਪੁਰ ਦਾ ਡੈਲੀਗੇਟ ਅਜਲਾਸ ਫਰਵਰੀ ਦੇ ਦੂਸਰੇ ਹਫਤੇ ਕੀਤਾ ਜਾਵੇਗਾ, ਜਿਸ ਵਿੱਚ ਸਰਕਲ ਕਮੇਟੀ ਦੀ ਨਵੀਂ ਜਥੇਬੰਦਕ ਚੋਣ ਕੀਤੀ ਜਾਵੇਗੀ।ਮੀਟਿੰਗ ਵਿੱਚ ਮਨੋਜ ਸ਼ਰਮਾ, ਸਤਨਾਮ ਸਿੰਘ ਕਲੇਰ, ਨਿਸ਼ਾਨ ਸਿੰਘ ਸੋਹਲ, ਗੁਰਦੀਪ ਸਿੰਘ ਔਜਲਾ, ਅਮਨਦੀਪ ਸਿੰਘ ਧਾਲੀਵਾਲ, ਲਖਵਿੰਦਰ ਸਿੰਘ ਟਾਂਡਾ, ਰਣਜੀਤ ਸਿੰਘ ਦੋਰਾਗਲਾ, ਰਕੇਸ਼ ਕੁਮਾਰ, ਗੁਰਸੇਵਕ ਸਿੰਘ, ਮਾਨਵਜੋਤ ਸਿੰਘ ਰੰਧਾਵਾ ਆਦਿ ਆਗੂ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਹੋਰ ਤੇਜ਼ ਕਰਦੇ ਹੋਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਦੂਜਾ ਪੜਾਅ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਸਬੰਧੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀਆਂ ਕੱਢੀਆਂ ਜਾ ਰਹੀਆਂ ਹਨ। ਕਾਰਜਸਾਧਕ ਅਫਸਰ ਨਗਰ ਕੌਂਸਲ ਕਾਦੀਆਂ ਕਿਰਨ ਮਹਾਜਨ ਨੇ ਦੱਸਿਆ ਕਿ ਮੁਹੱਲਾ ਪ੍ਰਤਾਪ ਨਗਰ ਵਾਰਡ ਨੰਬਰ 3 ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ ਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਗਿਆ।ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੇ ਯੁੱਧ ਦੇ ਦੂਜੇ ਪੜਾਅ ਤਹਿਤ ਪੰਜਾਬ ਦੇ ਲਗਭਗ 15 ਹਜ਼ਾਰ ਪਿੰਡਾਂ ਅਤੇ ਵਾਰਡਾਂ ਵਿੱਚ ਪੈਦਲ ਯਾਤਰਾ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ।ਪੰਜਾਬ ਸਰਕਾਰ ਵੱਲੋਂ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸ ਨੰਬਰ 'ਤੇ ਮਿਸਡ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰਾਂ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਹੋ ਰਹੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਪੰਜਾਬ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਚਲਾਏ ਜਾ ਰਹੇ ਹਨ।

# ਬੀਐੱਲਓਜ਼ ਨੂੰ ਵੋਟਰ ਸੂਚੀਆਂ ਸੰਬੰਧੀ ਮਿਲੇ ਕੰਮ ਨੂੰ ਭਲਕ ਤੱਕ ਮੁਕੰਮਲ ਕਰਨ ਦੇ ਨਿਰਦੇਸ਼

**ਧਾਰੀਵਾਲ, (ਮਨਦੀਪ ਵਿੱਕੀ)**

ਗੁਰਸਿਮਰਨ ਸਿੰਘ ਢਿੱਲੋਂ ਵਧੀਕ ਜ਼ਿਲਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਨਯੋਗ ਮੁੱਖ ਚੋਣ ਅਫਸਰ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਸਮੂਹ ਵਿਧਾਨ ਸਭਾ ਚੋਣ ਹਲਕਿਆਂ ਵਿਚ ਬੀਐੱਲਓਜ਼ ਦੁਆਰਾ ਵੋਟਰ ਸੂਚੀਆਂ ਵਿਚੋਂ ਵੋਟਰਾਂ ਦੀਆਂ ਧੁੰਦਲੀਆਂ, ਬਹੁਤ ਛੋਟੀਆਂ ਜਾਂ ਗਲਤ ਤਸਵੀਰਾਂ ਅਤੇ ਵੋਟਰਾਂ ਦੇ ਨਾਮ ਲਿੰਗ ਅਤੇ ਪਤੇ ਦੀ ਪਛਾਣ ਕਰਕੇ ਇਹਨਾਂ ਦੀ ਸੋਧ ਕਰਨ ਲਈ ਫਾਰਮ ਨੰਬਰ 8 ਭਰਵਾਏ ਜਾ ਰਹੇ ਹਨ।ਇਸ ਕੰਮ ਲਈ ਬੀਐੱਲਓਜ਼ ਨੂੰ ਮੌਜੂਦਾ ਰੰਗੀਨ ਫੋਟੋ ਵੋਟਰ ਸੂਚੀ ਮੁਹੱਈਆ ਕਰਵਾਈ ਗਈ ਹੈ ਅਤੇ ਇਹ ਕੰਮ ਟੇਬਲ ਟੌਪ ਐਕਸਰਸਾਈਜ਼ ਰਾਹੀਂ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹਦਾਇਤਾਂ ਅਨੁਸਾਰ ਉਕਤ ਕੰਮ ਨਿਰਧਾਰਤ ਸਮੇਂ ਅੰਦਰ 100% ਮੁਕੰਮਲ ਕਰਨ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹੇ ਦੇ ਸਮੂਹ ਬੀਐੱਲਓਜ਼. ਨੂੰ ਦੋ ਦਿਨ 21 ਅਤੇ 22 ਜਨਵਰੀ ਨੂੰ ਆਪਣੇ ਪਿਤਰੀ ਵਿਭਾਗ ਦੇ ਕੰਮਾਂ ਤੋਂ ਛੋਟ ਦਿੱਤੀ ਜਾਂਦੀ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ



ਵੋਟਰ ਸੂਚੀ ਦਾ 100% ਕੰਮ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਅੱਗੇ ਕਿਹਾ ਕਿ ਸਮੂਹ ਸੁਪਰਵਾਈਜ਼ਰ ਆਪਣੇ ਬੀਐੱਲਓਜ਼. ਪਾਸੋਂ ਫਾਈਨਲ ਰਿਪੋਰਟ ਲੈ ਕੇ 23 ਜਨਵਰੀ 2026 ਨੂੰ ਆਪਣੇ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਸੌਂਪਣ ਦੇ ਜ਼ਿੰਮੇਵਾਰ ਹੋਣਗੇ।ਉਨ੍ਹਾਂ ਕਿਹਾ ਕਿ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਕਿ ਵੋਟਰ ਸੂਚੀ ਸੰਬੰਧੀ ਕਿਸੇ ਵੀ ਮਾਮਲੇ/ਖਾਮੀ ਨੂੰ ਮਾਣਯੋਗ ਚੋਣ ਕਮਿਸ਼ਨ ਵੱਲੋਂ ਬਹੁਤ ਗੰਭੀਰਤਾ ਨਾਲ ਲਿਆ ਜਾਵੇਗਾ ।ਇਸ ਲਈ ਸਮੂਹ ਬੀਐਲਓਜ਼ ਨੂੰ ਉਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਜਾਣੂ ਕਰਵਾਇਆ ਜਾਵੇ।ਬੀਐੱਲਓਜ਼ ਵੋਟਰ ਸੂਚੀ ਵਿਚ ਤਰੁੱਟੀਆਂ/ਖਾਮੀਆਂ ਨੂੰ ਦਰੁਸਤ ਕਰਨ ਲਈ ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ। ਜੇਕਰ ਫਿਰ ਵੀ ਵੋਟਰ ਸੂਚੀ ਵਿਚ ਗਲਤ ਫੋਟੋਆਂ ਜਾਂ ਐਂਟਰੀਆਂ ਸਬੰਧੀ ਕੋਈ ਮਾਮਲਾ ਧਿਆਨ ਵਿਚ ਆਉਂਦਾ ਹੈ, ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਬੀਐੱਲਓ ਦੀ ਹੋਵੇਗੀ । ਸਬੰਧਤ ਬੀਐੱਲਓ ਦੇ ਖਿਲਾਫ ਤੁਰੰਤ ਚੋਣ ਨਿਯਮਾਂ ਤਹਿਤ ਅਨੁਸ਼ਾਸਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ।

# ਵਿਕਾਸ ਦੇ ਮੁੱਦੇ 'ਤੇ ਸ਼ੈਰੀ ਕਲਸੀ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੂੰ ਮਿਲੇ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਚੰਡੀਗੜ੍ਹ ਵਿਖੇ ਕੈਬਨਿਟ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨਾਲ ਮੀਟਿੰਗ



ਕੀਤੀ ਗਈ ਅਤੇ ਬਟਾਲਾ ਸ਼ਹਿਰ ਦੇ ਵਿਕਾਸ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਸਬੰਧੀ ਵਿਸਥਾਰ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨਾਲ ਬਟਾਲਾ ਸ਼ਹਿਰ ਅੰਦਰ ਹੋਰ ਵੱਖ -ਵੱਖ ਵਿਕਾਸ ਕਾਰਜ ਕਰਵਾਉਣ ਸਬੰਧੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਇਕ ਸ਼ੈਰੀ ਕਲਸੀ ਨੂੰ ਭਰੋਸਾ ਦਿੱਤਾ ਗਿਆ ਕਿ ਬਟਾਲਾ ਸ਼ਹਿਰ ਅੰਦਰ ਵਿਕਾਸ ਕਾਰਜਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਨ੍ਹਾਂ ਵਲੋਂ ਜੋ ਮੰਗਾਂ ਦੱਸੀਆਂ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਲਈ ਸਰਬਪੱਖੀ ਵਿਕਾਸ ਕੰਮਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਸਹੂਲਤਾਂ ਦਾ ਪੂਰਾ ਖਿਆਲ ਰੱਖਿਆ ਗਿਆ ਹੈ।

# ਕੂੜੇ ਨੂੰ ਸਾੜਨ ਤੋਂ ਰੋਕਣ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਚੇਅਰਪਰਸਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਸ਼ਖ਼ਤੀ ਨਾਲ ਪਾਲਣਾ ਕਰਦਿਆਂ ਅਤੇ ਕਮਿਸ਼ਨਰ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਫੂਟੀ ਮਾਰਕਿਟ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ (ਵੈਸਟ ਜ਼ੋਨ) ਵਿੱਚ ਨਗਰ ਨਿਗਮ ਠੋਸ ਕਚਰਾ ਸਾੜਨ ਦੀ ਰੋਕਥਾਮ ਸਬੰਧੀ ਇਕ ਵਿਸ਼ੇਸ਼ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਹ ਪ੍ਰੋਗਰਾਮ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਮਿਊਂਸੀਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਕਰਵਾਇਆ ਗਿਆ, ਜਿਸ ਵਿੱਚ ਲਗਭਗ 200 ਸਫਾਈ ਕਰਮਚਾਰੀਆਂ ਅਤੇ ਬਾਗਬਾਨੀ ਕਰਮਚਾਰੀਆਂ ਨੇ ਸਰਗਰਮ ਭੂਮਿਕਾ ਨਿਭਾਈ।ਪ੍ਰੋਗਰਾਮ ਦੌਰਾਨ ਇੰਜੀ. ਲਖਵਿੰਦਰ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਮੈਦਾਨੀ ਕਰਮਚਾਰੀਆਂ ਨਾਲ ਸਿੱਧਾ ਸੰਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਗਰ ਕਚਰਾ ਖੁੱਲ੍ਹੇ ਵਿੱਚ ਸਾੜਨ ਨਾਲ ਹੋਣ ਵਾਲੇ ਗੰਭੀਰ ਵਾਤਾਵਰਣਿਕ ਨੁਕਸਾਨ ਅਤੇ ਲੋਕ ਸਿਹਤ 'ਤੇ ਪੈਣ ਵਾਲੇ ਮੰਦ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ।ਸਫਾਈ ਕਰਮਚਾਰੀਆਂ ਨੂੰ ਸਪਸ਼ਟ ਤੌਰ 'ਤੇ ਨਿਰਦੇਸ਼ ਦਿੱਤੇ ਗਏ ਕਿ ਨਗਰ ਕਚਰਾ ਸਾੜਨ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾਵੇ, ਸੰਵੇਦਨਸ਼ੀਲ ਸਥਾਨਾਂ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇ ਅਤੇ ਇਸ ਤਰ੍ਹਾਂ ਦੀ ਕਿਸੇ ਵੀ ਘਟਨਾ ਨੂੰ ਤੁਰੰਤ ਰੋਕ ਕੇ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ।ਇਸ ਦੇ ਨਾਲ ਹੀ ਜ਼ਮੀਨੀ ਪੱਧਰ 'ਤੇ ਨਿਗਰਾਨੀ ਮਜ਼ਬੂਤ ਕਰਨ, ਕਚਰੇ ਦੀ ਸਮੇਂ-ਸਿਰ ਉਠਾਉਣ, ਸਰੋਤ 'ਤੇ ਹੀ ਵੱਖਰਾ ਕਰਨ ਅਤੇ ਠੋਸ ਕਚਰੇ ਦੇ ਵਿਗਿਆਨਕ ਪ੍ਰਬੰਧਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਸ ਪ੍ਰੋਗਰਾਮ ਵਿੱਚ ਇੰਜੀ. ਲਖਵਿੰਦਰ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ, ਰੀਜਨਲ ਦਫ਼ਤਰ, ਅੰਮ੍ਰਿਤਸਰ; ਇੰਜੀ. ਗੁਰਬਖਸ਼ਵਿੰਦਰ ਸਿੰਘ, ਜੂਨੀਅਰ ਵਾਤਾਵਰਣ ਇੰਜੀਨੀਅਰ, ਰੀਜਨਲ ਦਫ਼ਤਰ, ਅੰਮ੍ਰਿਤਸਰ; ਡਾ. ਰਮਾ, ਹੈਲਥ ਅਫ਼ਸਰ, ਮਿਊਂਸੀਪਲ ਕਾਰਪੋਰੇਸ਼ਨ, ਅੰਮ੍ਰਿਤਸਰ; ਅਤੇ ਵੈਸਟ ਜ਼ੋਨ, ਅੰਮ੍ਰਿਤਸਰ ਦੇ ਸਾਰੇ ਸੈਨੇਟਰੀ ਇੰਸਪੈਕਟਰਾਂ ਨੇ ਭਾਗ ਲਿਆ, ਜਿਸ ਨਾਲ ਵਿਭਾਗਾਂ ਦਰਮਿਆਨ ਮਜ਼ਬੂਤ ਤਾਲਮੇਲ ਅਤੇ ਸਾਂਝੀ ਪ੍ਰਸ਼ਾਸਕ ਵਿਵਸਥਾ ਪ੍ਰਗਟ ਹੋਈ।ਮਿਊਂਸੀਪਲ ਸਟਾਫ਼ ਵੱਲੋਂ ਪੂਰਾ ਸਹਿਯੋਗ ਅਤੇ ਜਾਰੀ ਕੀਤੀਆਂ ਹਦਾਇਤਾਂ ਦੀ ਸ਼ਖ਼ਤੀ ਨਾਲ ਪਾਲਣਾ ਕਰਨ ਦਾ ਭਰੋਸਾ ਦਿੱਤਾ ਗਿਆ।ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਇਹ ਵੀ ਦੁਹਰਾਇਆ ਗਿਆ ਕਿ ਲੋਕ ਸ਼ਿਕਾਇਤਾਂ ਦੇ ਨਿਪਟਾਰੇ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਅੰਮ੍ਰਿਤਸਰ ਦੇ ਨਾਗਰਿਕਾਂ ਲਈ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਯਕੀਨੀ ਬਣਾਉਣ ਲਈ ਇਸ ਤਰ੍ਹਾਂ ਦੇ ਜਾਗਰੂਕਤਾ, ਸਮਰੱਥਾ ਵਿਕਾਸ ਅਤੇ ਐਨਫੋਰਸਮੈਂਟ ਕਾਰਜਕ੍ਰਮ ਨਿਰੰਤਰ ਤੌਰ 'ਤੇ ਜਾਰੀ ਰੱਖੇ ਜਾਣਗੇ।

# ਰਾਜਪਾਲ ਪ੍ਰੋ. ਘੋਸ਼ ਨੇ ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਲੋਕਾਂ 'ਤੇ ਲਿਖੀ ਕਿਤਾਬ ਦਾ ਕੀਤਾ ਵਿਮੋਚਨ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਬੁੱਧਵਾਰ ਨੂੰ ਲੋਕ ਭਵਨ ਵਿੱਚ ਗੁਰੂ ਨਾਨਕ ਖਾਲਸਾ ਕਾਲਜ, ਯਮੁਨਾਨਗਰ ਦੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਭੱਲਾ ਵੱਲੋਂ ਲਿਖੀ ਗਈ ਕਿਤਾਬ 'ਸ੍ਰੀ ਗੁਰੂ ਤੇਗ ਬਹਾਦੁਰ ਦੇ ਸ਼ਲੋਕ-ਅਨੰਤ ਵਾਸਤਵਿਕ ਦੀ ਪ੍ਰਾਪਤੀ ਵੱਲ ਇੱਕ ਯਾਤਰਾ' ਦਾ ਵਿਮੋਚਨ ਕੀਤਾ।ਰਾਜਪਾਲ ਘੋਸ਼ ਨੇ ਕਿਤਾਬ ਦੀ ਬੌਧਿਕ ਅਤੇ ਅਕਾਦਮਿਕ ਦ੍ਰਿਸ਼ਟੀਕੋਣ ਨਾਲ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੀ 350ਵੀਂ ਸ਼ਹਾਦਤ ਵਰ੍ਹੇਗੰਢ ਨੂੰ ਧਿਆਨ ਵਿੱਚ ਰੱਖਦੇ ਹੋਏ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਲੋਕਾਂ 'ਤੇ ਅਧਾਰਤ ਇਹ ਕਿਤਾਬ ਉਨ੍ਹਾਂ ਦੇ ਵਿਲੱਖਣ ਦਰਸ਼ਨ ਅਤੇ ਉਨ੍ਹਾਂ ਦੇ ਪਵਿੱਤਰ ਛੰਦਾਂ ਦੇ ਗਹਿਰੇ ਅਰਥਾਂ ਨੂੰ ਸਮਝਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।ਰਾਜਪਾਲ ਨੇ ਇਹ ਵੀ ਕਿਹਾ ਕਿ ਡਾ. ਭੱਲਾ ਨੇ ਇਹ ਕਿਤਾਬ ਵਿਦਵਤਾਪੂਰਨ ਸਮਰਪਣ ਅਤੇ ਗਹਿਰੀ ਸਮਝ ਨਾਲ ਲਿਖੀ ਹੈ। ਉਨ੍ਹਾਂ ਨੇ ਕਿਹਾ ਕਿ ਲੇਖਕ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਦੀ ਸਮਕਾਲੀਨ ਸੰਦਰਭਾਂ ਨਾਲ ਜੋੜਦੇ ਹੋਏ ਚੰਗੀ ਤਰ੍ਹਾਂ ਨਾਲ ਵਿਆਖਿਆ ਕੀਤੀ ਹੈ, ਜਿਸ ਨਾਲ ਇਹ ਕਿਤਾਬ ਸਿੱਖਿਆਵਿਦਾਂ ਅਤੇ ਆਮ ਪਾਠਕਾਂ ਦੋਨਾਂ ਲਈ ਸਮਾਨ ਰੂਪ ਨਾਲ ਕੀਮਤੀ ਬਣ ਗਈ ਹੈ।

# ਮਿਸ਼ਨ ਸਮਰੱਥ 4.0 ਅਧੀਨ ਦੋ ਦਿਨਾ ਟ੍ਰੇਨਿੰਗ ਸ਼ੁਰੂ



**ਅਜਨਾਲਾ (ਸੁੱਖਦਿੰਦਰ ਸਿੰਘ ਰਾਜੂ)**-ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਮੁਤਾਬਕ, ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਤੇ ਡੀ. ਆਰ. ਸੀ. ਡਾ. ਰਾਜਨ ਦੀ ਅਗਵਾਈ ਹੇਠ ਬਲਾਕ ਅਜਨਾਲਾ 1 ਅਤੇ ਅਜਨਾਲਾ 2 ਦੇ ਪੰਜਾਬੀ ਵਿਸ਼ੇ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦਾ ਮਿਸ਼ਨ ਸਮਰੱਥ 4.0 ਦੇ ਅਧੀਨ ਦੋ ਦਿਨਾਂ ਦੀ ਟ੍ਰੇਨਿੰਗ ਸਕੂਲ ਆਫ ਐਮੀਨੈਂਸ ਅਜਨਾਲਾ ਵਿਖੇ ਸ਼ੁਰੂ ਹੋਈ।ਇਸ ਵਿੱਚ ਵੱਖਰੇ ਵੱਖਰੇ ਸਕੂਲਾਂ ਦੇ 53 ਅਧਿਆਪਕਾਂ ਨੇ ਮਿਸ਼ਨ ਸਮਰੱਥ ਦੀਆਂ ਬਾਰੀਕੀਆਂ, ਟੈਸਟਿੰਗ ਟੂਲਜ਼, ਅਸੈਸਮੈਂਟ ਸ਼ੀਟਸ ਤੇ ਵੱਖਰੀਆਂ-ਵੱਖਰੀਆਂ ਗਤੀਵਿਧੀਆਂ ਬਾਰੇ ਰਿਸੋਰਸਪਰਸਨ ਤੋਂ ਜਾਣਕਾਰੀ ਪ੍ਰਾਪਤ ਕੀਤੀ ।ਸੈਮੀਨਾਰ ਦਾ ਉਦਘਾਟਨ ਪ੍ਰਿੰਸੀਪਲ ਸੁਦੇਸ਼ ਕੁਮਾਰ ਅਰੋੜਾ ਨੇ ਕੀਤਾ ।ਇਸ ਸੈਮੀਨਾਰ 'ਚ ਰਿਸੋਰਸਪਰਸਨ ਦੀ ਭੂਮਿਕਾ ਸੁਖਜਿੰਦਰ ਸਿੰਘ ਰੰਧਾਵਾ, ਵਿਜੇ ਕੁਮਾਰ, ਵਿਨੋਦ ਕੁਮਾਰ ਚੌਹਾਨ, ਸੁਖਰਾਜ ਸਿੰਘ, ਰਾਜਪ੍ਰੀਤ ਸਿੰਘ ਨੇ ਨਿਭਾਈ।ਸੈਮੀਨਾਰ ਬਹੁਤ ਹੀ ਵਧੀਆ ਮਾਹੌਲ ਵਿੱਚ ਹੋਇਆ ਅਤੇ ਅਧਿਆਪਕਾਂ ਨੇ ਇਸ ਸੈਮੀਨਾਰ ਵਿੱਚ ਕਰਾਈਆਂ ਗਤੀਵਿਧੀਆਂ ਨੂੰ ਬਹੁਤ ਬਾਖੂਬੀ ਨਿਭਾਇਆ।

# ਚੇਅਰਮੈਨ ਜਤਿੰਦਰ ਗੌਰਵ ਮਸੀਹ ਵੱਲੋਂ ਅਧਿਕਾਰੀਆਂ ਨਾਲ ਅਹਿਮ ਮੀਟਿੰਗ

**ਗੁਰਦਾਸਪੁਰ, (ਜਨਕ ਮਹਾਜਨ)**

ਸ਼੍ਰੀ ਜਤਿੰਦਰ ਗੋਰਵ ਮਸੀਹ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਪੰਜਾਬ ਵੱਲੋਂ ਡਿਪਟੀ ਕਮਿਸ਼ਨਰ ਅਦਿੱਤਿਆ ਉੱਪਲ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਘੱਟ ਗਿਣਤੀ ਵਰਗਾਂ ਦੇ ਲੋਕਾਂ ਨੂੰ ਲੈ ਕੇ ਆ ਰਹੀਆਂ ਸਮੱਸਿਆਵਾਂ ਅਤੇ ਪੈਂਡਿੰਗ ਰਹਿੰਦੇ ਕੰਮਾਂ ਸਬੰਧੀ ਵਿਸ਼ੇਸ਼



ਮੀਟਿੰਗ ਕੀਤੀ ਗਈ। ਇਸ ਮੌਕੇ ਰਾਜੀਵ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ, ਸੁਖਵਿੰਦਰ ਸਿੰਘ ਘੁੰਮਣ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਮੀਟਿੰਗ ਦੌਰਾਨ ਪਿਛਲੀ ਮੀਟਿੰਗ ਦੌਰਾਨ ਵਿਚਾਰੇ ਗਏ ਮਸਲਿਆਂ ਤੇ ਸਬੰਧਤ ਵਿਭਾਗਾਂ ਤੋਂ ਰਿਪੋਰਟਾਂ ਪ੍ਰਾਪਤ ਕੀਤੀਆਂ ਗਈਆਂ। ਮੀਟਿੰਗ ਦੌਰਾਨ ਆਮ ਪਬਲਿਕ ਦੇ ਲੰਬਿਤ ਪਏ ਮਸਲਿਆਂ ਤੇ ਚੇਅਰਮੈਨ ਜਤਿੰਦਰ ਗੌਰਵ ਮਸੀਹ ਵੱਲੋਂ ਸਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਦਿੱਤੀ ਗਈ। ਚੇਅਰਮੈਨ ਘੱਟ ਗਿਣਤੀ ਕਮਿਸ਼ਨ ਪੰਜਾਬ ਵੱਲੋਂ ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਕਿ ਹੜ੍ਹਾਂ ਦੌਰਾਨ ਪ੍ਰਭਾਵਿਤ ਘਰਾਂ ਦੀ ਮੁਰੰਮਤ ਪਹਿਲ ਦੇ ਆਧਾਰ 'ਤੇ ਕਰਵਾਈ ਜਾਵੇ। ਉਨ੍ਹਾਂ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਗੁਰਦਾਸਪੁਰ ਨੂੰ ਹਦਾਇਤ ਕੀਤੀ ਕਿ ਆਮ ਪਬਲਿਕ ਵਲੋਂ ਪ੍ਰਾਪਤ ਦਰਖ਼ਾਸਤਾਂ ਸਬੰਧਤ ਵਿਭਾਗਾਂ ਨੂੰ ਭੇਜ ਕੇ ਕੀਤੀ ਗਈ ਕਾਰਵਾਈ ਬਾਰੇ ਕਮਿਸ਼ਨ ਨੂੰ ਸੰਕਲਤ ਰਿਪੋਰਟ ਪੇਸ਼ ਕੀਤੀ ਜਾਵੇ। ਮੀਟਿੰਗ ਦੇ ਆਖਰ ਵਿਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਨੂੰ ਭਰੋਸਾ ਦਿਵਾਇਆ ਗਿਆ ਕਿ ਘੱਟ ਗਿਣਤੀ ਵਰਗ ਦੇ ਪੈਂਡਿੰਗ ਰਹਿੰਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਜ਼ਿਲ੍ਹਾ ਪ੍ਰਸ਼ਾਸਨ ਘੱਟ ਗਿਣਤੀ ਵਰਗ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।

# ਗੁ. ਬਾਬਾ ਸ਼੍ਰੀ ਚੰਦ ਵਿਖੇ ਬਾਬਾ ਲਖਮੀ ਦਾਸ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਖੰਡ ਪਾਠ ਆਰੰਭ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਬਾਬਾ ਸ੍ਰੀ ਚੰਦ ਜੀ ਚੈਰੀਟੇਬਲ ਟਰੱਸਟ ਵੱਲੋਂ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਨੇੜੇ 10 ਡੋਗਰਾ ਮਾਰਗ ਡੇਰਾ ਬਾਬਾ ਨਾਨਕ ਵਿਖੇ ਪਹਿਲੀ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਲਖਮੀ ਦਾਸ ਦਾ ਜਨਮ ਦਿਹਾੜਾ ਮਨਾਉਣ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤੇ ਗਏ ਹਨ।ਇਸ ਸਬੰਧੀ ਪੱਤਰਕਾਰਾ ਨੂੰ ਵਧੇਰੇ ਜਾਣਕਾਰੀ ਦਿੰਦਿਆ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ





ਚੇਅਰਮੈਨ ਬਾਬਾ ਸ੍ਰੀ ਚੰਦ ਜੀ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਨੇ ਦੱਸਿਆ ਕਿ ਬਾਬਾ ਲਖਮੀ ਦਾਸ ਜੀ ਦੇ ਜਨਮ ਦਿਹਾੜੇ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ, ਜਿਨ੍ਹਾਂ ਦੇ 23 ਜਨਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਭੋਗ ਪਾਏ ਜਾਣਗੇ। ਉਪਰੰਤ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ ਜਿਸ ਦੌਰਾਨ ਵੱਖ-ਵੱਖ ਰਾਗੀ ਢਾਡੀ ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ।ਇਸ ਧਾਰਮਿਕ ਸਮਾਗਮ ਦੌਰਾਨ ਟਰੱਸਟ ਵੱਲੋਂ ਧਾਰਮਿਕ ਸ਼ਖ਼ਸੀਅਤਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਵੇਗਾ ।ਸੰਗਤਾਂ ਲਈ ਲੰਗਰ ਭੰਡਾਰਾ ਵੀ ਲਗਾਇਆ ਜਾਵੇਗਾ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਲਖਮੀ ਦਾਸ ਜੀ ਦੇ ਜਨਮ ਦਿਹਾੜੇ ਮੌਕੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਪਹੁੰਚ ਕੇ ਹਾਜ਼ਰੀ ਭਰਨ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।ਇਸ ਮੌਕੇ ਮਾਤਾ ਆਤਮਜੀਤ ਕੌਰ ਬੇਦੀ, ਮੈਡਮ ਕੰਵਲਜੀਤ ਸੋਢੀ, ਸਰਪੰਚ ਬਰਜਿੰਦਰ ਸਿੰਘ ਸ਼ਿਕਾਰ, ਸੁੱਚਾ ਸਿੰਘ ਸੈਕਟਰੀ ਸ਼ਿਕਾਰ, ਸਾਬਕਾ ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਗੁਰਦੀਪ ਸਿੰਘ ਬਿੱਟਾ ਚੰਦੂ ਨੰਗਲ, ਬਲਜਿੰਦਰ ਸਿੰਘ ਬੱਬੂ (ਰੱਤਾ), ਸਾਬਕਾ ਪੰਚਾਇਤ ਅਫ਼ਸਰ ਜੋਗਿੰਦਰ ਸਿੰਘ ਨੰਗਲ, ਵਿਕਰਮਜੀਤ, ਸੁਖਦੇਵ ਸਿੰਘ ਮੱਲੀ ਡੇਰੇ ਪਠਾਣਾਂ, ਪਰਮਜੀਤ ਸਿੰਘ ਸਾਬੀ, ਮਨਮੋਹਨ ਸਿੰਘ, ਸਿਟੀ ਵੈੱਲਫੇਅਰ ਕਲੱਬ ਦੇ ਪ੍ਰਧਾਨ ਰਾਜੇਸ਼ ਹਾਂਡਾ, ਰਮੇਸ਼ ਬੱਬਰ, ਵਿਜੇ ਵਿੱਗ, ਤੇਜਿੰਦਰ ਸਿੰਘ ਪੁੰਨੀ, ਹਰਭਜਨ ਡਿਗਰਾ, ਚੇਤਨ ਕੁਮਾਰ ਆਦਿ ਸੰਗਤਾਂ ਹਾਜ਼ਰ ਸਨ ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਜਾਗਰੂਕਤਾ ਰੈਲੀ ਕੱਢੀ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿੱਤਿਆ ਉੱਪਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਜ਼ਿਲ੍ਹੇ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀਆਂ ਕੱਢੀਆਂ ਜਾ ਰਹੀਆਂ ਹਨ।ਐੱਸਡੀਐੱਮ ਬਟਾਲਾ ਗੁਰਮੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਟਾਲੇ ਦੀ ਵਾਰਡ ਨੰਬਰ 1,10,11,12 ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ ਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਗਿਆ।ਇਸ ਮੌਕੇ ਨਸ਼ਿਆਂ ਖਿਲਾਫ਼ ਜਾਗਰੂਕਤਾ ਪੋਸਟਰ ਵੀ ਲਗਾਏ ਗਏ।ਉਨ੍ਹਾਂ ਦੱਸਿਆ ਕਿ ਨਸ਼ਿਆਂ ਵਿਰੁੱਧ ਵੱਢੇ ਯੁੱਧ ਦੇ ਦੂਜੇ ਪੜਾਅ ਤਹਿਤ ਪਿੰਡਾਂ ਅਤੇ ਵਾਰਡਾਂ ਵਿੱਚ ਪੈਦਲ ਯਾਤਰਾ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸ ਨੰਬਰ 'ਤੇ ਮਿਸਡ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋ ਸਕਦਾ ਹੈ।ਪੰਜਾਬ ਸਰਕਾਰ ਵਲੋਂ ਨਸ਼ਾ ਮੁਕਤ ਹੋ ਰਹੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਪੰਜਾਬ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਚਲਾਏ ਜਾ ਰਹੇ ਹਨ।ਇਸ ਮੌਕੇ ਹਲਕਾ ਕੋਆਰਡੀਨੇਟਰ ਮਨਜੀਤ ਸਿੰਘ ਬੁਮਰਾਹ, ਪ੍ਰਧਾਨ ਵੀਨੂੰ ਕਾਹਲੋਂ, ਲੰਬੜਦਾਰ ਬਲਵਿੰਦਰ ਸਿੰਘ, ਪਰਦੀਪ ਕੁਮਾਰ, ਗੁਰਪ੍ਰੀਤ ਸਿੰਘ ਆਦਿ ਮੌਜੂਦ ਸਨ।



# ਬਾਬਾ ਲਾਲ ਦਿਆਲ ਦੇ 671ਵੇਂ ਜਨਮ ਦਿਹਾੜੇ ਮੌਕੇ ਲੰਗਰ ਲਗਾਇਆ



**ਅਜਨਾਲਾ (ਸੁੱਖਦਿੰਦਰ ਸਿੰਘ ਰਾਜੂ)**-ਸਤਿਗੁਰੂ ਬਾਵਾ ਲਾਲ ਜੀ ਦੇ 671ਵੇਂ ਜਨਮ ਦਿਹਾੜੇ ਦੇ ਸ਼ੁਭ ਅਵਸਰ 'ਤੇ ਅਜਨਾਲਾ ਦੇ ਮੇਨ ਚੌਂਕ ਵਿੱਚ ਪੂਰੀ ਸ਼ਰਧਾ ਅਤੇ ਭਾਵਨਾ ਨਾਲ ਜਨੇਦਾਰ ਲੰਗਰ ਭੰਡਾਰੇ ਦਾ ਆਯੋਜਨ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਸੰਗਤ ਨੇ ਹਾਜ਼ਰੀ ਭਰੀ ਅਤੇ ਗੁਰੂ ਦੇ ਲੰਗਰ ਛਕੇ।ਲੰਗਰ ਭੰਡਾਰੇ ਦੀ ਸੇਵਾ ਸੇਵਾਦਾਰਾਂ ਵੱਲੋਂ ਪੂਰੀ ਨਿਸ਼ਠਾ ਨਾਲ ਨਿਭਾਈ ਗਈ।ਇਸ ਮੌਕੇ ਸਤਿਗੁਰੂ ਬਾਬਾ ਲਾਲ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਉਪਦੇਸ਼ਾਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਸੰਗਤ ਨੂੰ ਸੇਵਾ, ਸੱਚਾਈ ਅਤੇ ਭਾਈਚਾਰੇ ਦੇ ਰਾਹ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਗਈ।ਇਸ ਸਮਾਗਮ ਦੌਰਾਨ ਰਾਜਨ ਮਹਾਜਨ, ਕੁਲਦੀਪ ਸ਼ਰਮਾ, ਸੰਨੀ ਗੱਗੋਮਾਹਲ, ਸਾਹਿਲ ਅਤੇ ਡਾ. ਕੇਸ਼ਵ ਵੱਲੋਂ ਵਿਸ਼ੇਸ਼ ਤੌਰ 'ਤੇ ਸੇਵਾਵਾਂ ਨਿਭਾਈਆਂ ਗਈਆਂ।ਪ੍ਰਬੰਧਕਾਂ ਵੱਲੋਂ ਆਈ ਹੋਈ ਸਾਰੀ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

# 26 ਨੂੰ ਅੰਮ੍ਰਿਤਸਰ 'ਚ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਲਹਿਰਾਉਣਗੇ ਕੌਮੀ ਝੰਡਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

26 ਜਨਵਰੀ ਨੂੰ ਗੁਰੂ ਨਾਨਕ ਸਟੇਡੀਅਮ ਅੰਮ੍ਰਿਤਸਰ ਵਿਖੇ 77ਵਾਂ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਗੁਰੂ ਨਾਨਕ ਸਟੇਡੀਅਮ ਵਿਖੇ ਮੀਟਿੰਗ ਕਰਦਿਆਂ ਕਿਹਾ ਕਿ ਸਾਰੇ ਵਿਭਾਗ ਗਣਤੰਤਰ ਦਿਵਸ ਮਨਾਉਣ ਦੀਆਂ ਤਿਆਰੀਆਂ ਨੂੰ ਮੁਕੰਮਲ ਰੂਪ ਦੇਣ।ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੇ ਮੁੱਖ ਮਹਿਮਾਨ ਹਰਦੀਪ ਸਿੰਘ ਮੁੰਡੀਆਂ ਮਾਲ, ਪੁਨਰਵਾਸ ਤੇ ਆਫਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਪੰਜਾਬ ਹੋਣਗੇ।ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨਸੀਸੀ ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ।ਇਸ ਤੋਂ ਬਾਅਦ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬ ਦੇ ਸੱਭਿਆਚਾਰ ਨਾਲ ਲਬਰੇਜ਼ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।ਸਮਾਗਮ ਦੌਰਾਨ ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਦੀ ਫੁੱਲ



ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਉਨਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 26 ਜਨਵਰੀ ਨੂੰ ਆਪਣੇ ਵਿਭਾਗ ਨਾਲ ਸਬੰਧਿਤ ਸਮੂਹ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਵੀ ਯਕੀਨੀ ਬਣਾਉਣ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਮੈਡਮ ਪਿਯੂਸ਼ਾ, ਐੱਸਡੀਐੱਮ ਮਨਕੰਵਲ ਸਿੰਘ ਚਾਹਲ, ਐੱਸਡੀਐੱਮ ਅਮਨਪ੍ਰੀਤ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪ੍ਰੀਤ ਮਹਿੰਦਰ ਸਿੰਘ ਸਹੋਤਾ, ਐਕਸੀਅਨ ਪ੍ਰਦੂਸ਼ਣ ਬੋਰਡ ਸੁਖਦੇਵ ਸਿੰਘ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮਹਿਲ ਕਲਾਂ ਦੇ ਗੁਰਦੁਆਰਾ ਸਾਹਿਬ ਵਿਖੇ ਬੇਅਦਬੀ ਘਟਨਾ ਦਾ ਮੁੱਖ ਮੁਲਜ਼ਮ ਗ੍ਰਿਫ਼ਤਾਰ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਦੀ ਦਿਹਾਤੀ ਪੁਲਿਸ ਨੇ ਪਿੰਡ ਮਹਿਲ ਕਲਾਂ ਦੇ ਗੁਰਦੁਆਰਾ ਸਾਹਿਬ ਵਿਖੇ ਬੇਅਦਬੀ ਘਟਨਾ ਦੇ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ।ਜਲੰਧਰ ਦਿਹਾਤੀ ਪੁਲਿਸ ਨੇ ਥਾਣਾ ਗੁਰਾਇਆ ਅਧੀਨ ਪੈਂਦੇ ਪਿੰਡ ਮਹਿਲ ਕਲਾਂ ਦੇ ਗੁਰਦੁਆਰਾ ਸਾਹਿਬ ਵਿਖੇ ਹਾਲ ਹੀ ਵਿੱਚ ਹੋਈ ਬੇਅਦਬੀ ਘਟਨਾ ਦੇ ਸਬੰਧ ਵਿੱਚ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਇਸ ਘਟਨਾ ਵਿੱਚ ਸ਼ਾਮਲ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਇਹ ਜਾਣਕਾਰੀ ਜਲੰਧਰ ਦਿਹਾਤੀ ਦੇ ਐੱਸ ਐੱਸ ਪੀ ਹਰਵਿੰਦਰ ਸਿੰਘ ਵਿਰਕ ਨੇ ਸਾਂਝੀ ਕੀਤੀ ਜਿਨ੍ਹਾਂ ਨੇ ਕਿਹਾ ਕਿ ਪੁਲਿਸ ਨੇ ਸੂਚਨਾ ਮਿਲਣ 'ਤੇ ਤੁਰੰਤ ਕਾਰਵਾਈ ਕੀਤੀ ਅਤੇ ਬੇਅਦਬੀ ਦੇ ਮੁੱਖ ਦੋਸ਼ੀ ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ।ਐੱਸ ਐੱਸ ਪੀ ਜਲੰਧਰ ਦਿਹਾਤੀ ਨੇ ਅੱਗੇ ਦੱਸਿਆ ਕਿ ਕਾਨੂੰਨ ਅਨੁਸਾਰ ਜ਼ਰੂਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਅਤੇ ਮਾਮਲੇ ਦੇ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।ਐੱਸ ਐੱਸ ਪੀ ਜਲੰਧਰ ਦਿਹਾਤੀ ਨੇ ਇਹ ਵੀ ਭਰੋਸਾ ਦਿੱਤਾ ਕਿ ਇਲਾਕੇ ਵਿੱਚ ਸਥਿਤੀ ਪੂਰੀ ਤਰ੍ਹਾਂ ਸ਼ਾਂਤੀਪੂਰਨ ਤੇ ਕਾਬੂ ਹੇਠ ਹੈ, ਅਤੇ ਜਲੰਧਰ ਦਿਹਾਤੀ ਪੁਲਿਸ ਫਿਰਕੂ ਸਦਭਾਵਨਾ ਅਤੇ ਜਨਤਕ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਚੌਕਸੀ ਰੱਖ ਰਹੀ ਹੈ।

# ਸੇਵਾ ਮੁਕਤੀ 'ਤੇ ਬੀਬੀ ਕੁਲਵੰਤ ਕੌਰ ਨੂੰ ਦਿੱਤੀ ਵਿਦਾਇਗੀ ਪਾਰਟੀ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਬਲਾਕ ਜੰਡਿਆਲਾ ਗੁਰੂ ਦੇ ਇਤਿਹਾਸਿਕ ਪਿੰਡ ਮੱਲ੍ਹੀਆਂ ਦੀ ਸਰਕਾਰੀ ਡਿਸਪੈਂਸਰੀ ਵਿੱਚ ਬਤੌਰ ਹੈਲਪਰ ਕੰਮ ਕਰ ਰਹੀ ਬੀਬੀ ਕਲਵੰਤ ਕੌਰ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਹੈਲਪਰ ਦੀਆਂ ਸੇਵਾਵਾਂ ਨਿਭਾ ਰਹੇ ਸੀ, ਦੀਆਂ ਸੇਵਾਵਾਂ ਪੂਰੀਆਂ ਹੋਣ ਉਪਰੰਤ ਉਨ੍ਹਾਂ ਦੀ ਰਿਟਾਇਰਮੈਂਟ 'ਤੇ ਪਿੰਡ ਦੇ ਮੁਹਤਬਰਾਂ ਅਤੇ ਮੈਡੀਕਲ ਸਟਾਫ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ।ਰਿਟਾਇਰਮੈਂਟ ਸਮੇਂ ਸਰਕਾਰੀ ਡਿਸਪੈਂਸਰੀ ਅਤੇ ਸਿਹਤ ਮਹਿਕਮੇ ਦੇ ਪੂਰੇ ਸਟਾਫ ਵੱਲੋਂ ਵਿਦਾਇਗੀ ਪਾਰਟੀ ਰੱਖੀ ਗਈ ਜਿਸ ਵਿੱਚ ਡਾ: ਇੰਦਰਜੀਤ ਸਿੰਘ, ਬਲਬੀਰ ਸਿੰਘ ਜੰਡ, ਸੀਐੱਚਓ ਜਸਦੀਪ ਕੌਰ, ਸਰਬਜੀਤ ਕੌਰ, ਪਿੰਡ ਦੇ ਸਰਪੰਚ ਮੈਡਮ ਵਰਿੰਦਰ ਕੌਰ ਦੇ ਪਤੀ ਅਤੇ ਉੱਘੇ ਸਮਾਜ ਸੇਵਕ, ਨਵਕਿਰਨ ਸਿੰਘ ਮੱਲ੍ਹੀ, ਕਰਮਜੀਤ ਕੌਰ, ਸੁੰਦਰ ਸਿੰਘ, ਕੁਲਦੀਪ ਕੌਰ, ਕਵਲਜੀਤ ਕੌਰ, ਰਜਵੰਤ ਕੌਰ, ਦਵਿੰਦਰ ਕੌਰ, ਨਵਦੀਪ ਕੌਰ, ਬਲਜੀਤ ਕੌਰ, ਸੁਖਵਿੰਦਰ ਸਿੰਘ ਵਰਕਰ ਅਤੇ ਪੁਸ਼ਪਾ ਰਾਣੀ ਆਦਿ ਨੇ ਸ਼ਿਰਕਤ ਕੀਤੀ।



ਇਸ ਮੌਕੇ ਨਵਕਿਰਨ ਸਿੰਘ ਮੱਲ੍ਹੀ ਵੱਲੋਂ ਬੀਬੀ ਕਲਵੰਤ ਕੌਰ ਦਾ ਖਾਸ ਤੌਰ 'ਤੇ ਸਨਮਾਨ ਕੀਤਾ ਗਿਆ। ਸਮੂਹ ਸਟਾਫ ਨੇ ਕੁਲਵੰਤ ਕੌਰ ਵੱਲੋਂ ਡਿਊਟੀ ਦੌਰਾਨ ਦਿੱਤੀਆਂ ਸੇਵਾਵਾਂ ਨੂੰ ਸਰਾਹਿਆ ਅਤੇ ਕਿਹਾ ਕਿ ਕੁਲਵੰਤ ਕੌਰ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਭਵਿੱਖ 'ਚ ਉਸਦੀ ਤੰਦਰੁਸਤੀ ਲਈ ਸਾਥੀਆਂ ਨੇ ਮਨੋਕਾਮਨਾ ਕੀਤੀ।

# ਰੋਟਰੀ ਕਲੱਬ ਮੇਨ ਨੇ ਜ਼ਰੂਰਤਮੰਦ ਲੜਕੀਆਂ ਨੂੰ ਗਰਮ ਟੋਪੀਆਂ ਤੇ ਲੋਹੜੀ ਵੰਡੀ



**ਅੰਮ੍ਰਿਤਸਰ (ਅਰੋੜਾ)**

ਰੋਟਰੀ ਕਲੱਬ ਮੇਨ ਵੱਲੋਂ ਕਲੱਬ ਦੇ ਪ੍ਰਧਾਨ ਪੰਡਿਤ ਮਹਿੰਦਰਪਾਲ ਸ਼ਰਮਾ, ਸਕੱਤਰ ਇੰਜੀ. ਮਨਜੀਤ ਸਿੰਘ, ਪ੍ਰਾਜੈਕਟ ਚੇਅਰਮੈਨ ਵਿਕਾਸ ਕੁਮਾਰ ਦੀ ਪ੍ਰਧਾਨਗੀ ਵਿੱਚ ਦਿਨ ਪ੍ਰਤੀ ਦਿਨ ਵੱਧ ਰਹੀ ਸਰਦੀ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਬੇਹੱਦ ਸ਼ਲਾਘਾਯੋਗ ਪ੍ਰਾਜੈਕਟ ਨੂੰ ਅੰਜਾਮ ਦਿੱਤਾ ਗਿਆ।ਇਸ ਪ੍ਰਾਜੈਕਟ ਦੇ ਤਹਿਤ ਰੋਟਰੀ ਮੇਨ ਦੇ ਵੱਲੋਂ ਏਆਈਸੀਈ ਸੋਸਾਇਟੀ ਦੇ ਅਧੀਨ ਚੱਲ ਰਹੇ ਸਿੱਖਿਅਕ ਅਦਾਰੇ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੀਆਂ ਲੋੜਵੰਦ ਲੜਕੀਆਂ ਨੂੰ ਗਰਮ ਟੋਪੀਆਂ, ਲੋਹੜੀ ਦੀ ਸਮੱਗਰੀ ਅਤੇ ਹੋਰ ਖਾਣਪੀਣ ਦੇ ਵਿਅੰਜਨ ਵੰਡੇ।ਇਸ ਮੌਕੇ ਸੋਸਾਇਟੀ ਦੇ ਵੱਲੋਂ ਇੱਕ ਸਾਦਾ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ।ਸਮਾਗਮ ਦੇ ਸ਼ੁੱਭ ਆਰੰਭ ਵਿੱਚ ਸੋਸਾਇਟੀ ਦੇ ਪੈਟਰਨ ਰਸਜੀਤ ਸਿੰਘ ਖੇੜਾ ਨੇ ਪਿਛਲੇ 18 ਸਾਲਾਂ ਤੋਂ ਸੋਸਾਇਟੀ ਵੱਲੋਂ ਕੀਤੇ ਗਏ ਅਤੇ ਕੀਤੇ ਜਾ ਰਹੇ ਦੇਸ਼ ਅਤੇ ਸਮਾਜ ਭਲਾਈ ਕੰਮਾਂ ਦੇ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਉਸ ਤੋਂ ਬਾਅਦ ਰੋਟਰੀ ਕਲੱਬ ਮੇਨ ਦੇ ਸਾਬਕਾ ਪ੍ਰਧਾਨ ਸੀਏ ਵਿਕਾਸ ਕੁਮਾਰ ਨੇ ਰੋਟਰੀ ਕਲੱਬ ਮੇਨ ਦੇ ਕੰਮਾਂ ਦੇ ਬਾਰੇ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਉਹ ਏਆਈਸੀਈ ਸੋਸਾਇਟੀ ਦੇ ਨਾਲ ਪਿਛਲੇ ਲੰਬੇ ਸਮੇਂ ਤੋਂ ਜੁੜੇ ਹੋਏ ਹਨ।ਸੋਸਾਇਟੀ ਦੇ ਕੰਮ ਬੇਹੱਦ ਸ਼ਲਾਘਾਯੋਗ ਦੇਖਣ ਨੂੰ ਮਿਲ ਰਹੇ ਹਨ।ਇੱਥੋਂ ਸਿੱਖਿਆ ਪ੍ਰਾਪਤ ਕਰਕੇ ਬੱਚੇ ਉਚ ਮੁਕਾਮ ਦਾ ਅਹੁਦਾ ਪ੍ਰਾਪਤ ਕਰ ਚੁੱਕੇ ਹਨ।ਸੋਸਾਇਟੀ ਦਾ ਅਤੇ ਦੇਸ਼ ਦਾ ਨਾਮ ਵਿਦੇਸ਼ਾਂ ਵਿੱਚ ਵੀ ਬਣਾਏ ਹੋਏ ਹਨ।ਸਮਾਗਮ ਵਿੱਚ ਰੋਟਰੀ ਮੇਨ ਦੀ ਸਾਬਕਾ ਮਹਿਲਾ ਪ੍ਰਧਾਨ ਅਤੇ ਈਨਰ ਵਹੀਲ ਕਲੱਬ ਦੀ ਸਾਬਕਾ ਚੇਅਰਪਰਸਨ ਗੀਟਾ ਸ਼ਰਮਾ ਨੇ ਦੱਸਿਆ ਕਿ ਜਿਸ ਤਰ੍ਹਾਂ ਸੋਸਾਇਟੀ ਵੱਲੋਂ ਸ਼ਲਾਘਾਯੋਗ ਕੰਮ ਕੀਤੇ ਜਾ ਰਹੇ ਹਨ ਉਸਦੇ ਲਈ ਸਾਡੀ ਇਨਰਵ੍ਹੀਲ ਕਲੱਬ ਦੀਆਂ ਮੈਂਬਰਾਂ ਇਨ੍ਹਾਂ ਨੂੰ ਭਰਪੂਰ ਸਹਿਯੋਗ ਦੇਣਗੀਆਂ।ਸੋਸਾਇਟੀ ਦੇ ਵੱਲੋਂ ਸਾਰੇ ਮਹਿਮਾਨਾਂ ਅਤੇ ਅਹੁਦੇਦਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਸਮਾਗਮ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਾਬਕਾ ਚੀਫ਼ ਇੰਜੀ. ਅਸ਼ੋਕ ਕੁਮਾਰ ਖਾਸ ਤੌਰ 'ਤੇ ਸ਼ਾਮਿਲ ਹੋਏ।ਇਸ ਮੌਕੇ ਰੋਟਰੀ ਨਾਰਥ ਦੇ ਸਾਬਕਾ ਪ੍ਰਧਾਨ ਰਮੇਸ਼ ਮਹਾਜਨ, ਸੋਸਾਇਟੀ ਦੀ ਮੁੱਖ ਅਧਿਆਪਕ ਕਮਲਦੀਪ, ਮੈਡਮ ਪੁਨੀਤ, ਮੈਡਮ ਪ੍ਰੀਤੀ, ਆਸ਼ੂ ਪਹਿਲਵਾਨ ਆਦਿ ਵੀ ਮੌਜੂਦ ਸਨ।

# ਸੌ ਨਵ-ਜੰਮੀਆਂ ਧੀਆਂ, ਮਾਵਾਂ ਸਣੇ ਸਨਮਾਨਿਤ



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਪਿੰਡ ਭੋਮਾ ਵਿਖੇ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਲੋਹੜੀ ਸਮਾਗਮ ਕਰਵਾਇਆ ਗਿਆ ਅਤੇ 100 ਨਵ-ਜੰਮੀਆਂ ਬੱਚੀਆਂ ਨੂੰ ਗਰਮ ਕੱਪੜੇ, ਕੰਬਲ, ਹਿਮਾਲੀਅਨ ਕਿੱਟਾਂ ਅਤੇ ਖਿਡੌਣੇ ਦਿੱਤੇ ਗਏ।ਇਸ ਤੋਂ ਇਲਾਵਾ ਉਨ੍ਹਾਂ ਦੀਆਂ ਮਾਵਾਂ ਨੂੰ ਗਰਮ ਕੱਪੜੇ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਸਮਾਜ ਸੁਧਾਰ ਸੰਗਠਨ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ ਦੀ ਅਗਵਾਈ ਹੇਠ ਕਰਵਾਇਆ ਗਿਆ।ਆਪਣੇ ਸੰਬੋਧਨ ਵਿੱਚ ਭੋਮਾ ਨੇ ਕਿਹਾ ਕਿ ਭਰੂਣ ਹੱਤਿਆ ਦੀ ਬੁਰਾਈ ਸਮਾਜ ਅਤੇ ਮਨੁੱਖਤਾ ਤੇ ਇੱਕ ਧੱਬਾ ਹੈ।ਉਨ੍ਹਾਂ ਕਿਹਾ ਕਿ ਇਹ ਸਮਾਗਮ ਇਸ ਬੁਰਾਈ ਨੂੰ ਖ਼ਤਮ ਕਰਨ ਅਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਕਰਵਾਇਆ ਗਿਆ ਸੀ।ਰਵਾਇਤੀ ਢੰਗ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਗਿੱਧਾ ਅਤੇ ਭੰਗੜਾ ਵੀ ਪੇਸ਼ ਕੀਤਾ ਗਿਆ।ਇਸ ਤੋਂ ਬਾਅਦ ਸਾਰਿਆਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਮਠਿਆਈਆਂ ਅਤੇ ਮੂੰਗਫਲੀ ਵੰਡੀਆਂ ਗਈਆਂ।ਇਸ ਮੌਕੇ ਸੁਖਦੀਪ ਸਿੰਘ ਗਿੱਲ ਮਜੀਠਾ, ਮਨਵੀਰ ਸਿੰਘ ਵਡਾਲਾ ਅਤੇ ਸਰਪੰਚ ਜਗਤਾਰ ਸਿੰਘ ਭੋਮਾ, ਨੰਬਰਦਾਰ ਸਵਿੰਦਰ ਸਿੰਘ ਵਡਾਲਾ, ਸਰਪੰਚ ਦੁਰਗਾ ਦਾਸ ਧਰਮਪੁਰਾ, ਗੁਰਦੀਪ ਸਿੰਘ ਭੋਮਾ, ਡਾ: ਸੁਖਦੀਪ ਸਿੰਘ ਨਾਗ, ਨਵੇਂ ਪ੍ਰਧਾਨ ਕੁਲਵਿੰਦਰ ਸਿੰਘ ਭੋਮਾ, ਪਲਵਿੰਦਰ ਸਿੰਘ ਭੋਮਾ, ਹਰਜਿੰਦਰ ਸਿੰਘ, ਭਗਵੰਤ ਸਿੰਘ ਭੋਮਾ, ਬਲਰਾਜ ਸਿੰਘ, ਬਲਰਾਜ ਸਿੰਘ ਭੋਮਾ ਆਦਿ ਹਾਜ਼ਰ ਸਨ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨ ਗੋਸ਼ਟੀ ਦਾ ਆਯੋਜਨ

**ਪੱਟੀ, (ਬਲਦੇਵ ਸਿੰਘ ਸੰਧੂ)**

ਮੁੱਖ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ ਦੀ ਅਗਵਾਈ ਹੇਠ ਆਤਮਾ ਸਕੀਮ ਤਹਿਤ ਬਲਾਕ ਪੱਟੀ ਵਿਖੇ ਕਿਸਾਨ ਗੋਸ਼ਟੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਲਈ ਦਿੱਤੀ ਜਾ ਰਹੀ ਸਹਾਇਤਾ ਬਾਰੇ ਜਾਣਕਾਰੀ ਦਿੰਦਿਆਂ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਨੇ ਕਿਹਾ ਕਿ ਫਸਲੀ ਵਿਭਿੰਨਤਾ ਅਤੇ ਖੇਤੀ ਸਹਾਇਕ ਧੰਦੇ ਅਪਨਾਉਣ ਨਾਲ ਰੋਜ਼ਮਰਾ ਦੀਆਂ ਘਰੇਲੂ ਲੋੜਾਂ ਦੀ ਪੂਰਤੀ ਆਸਾਨੀ ਨਾਲ ਹੋ ਸਕਦੀ ਹੈ।ਨਾਲ ਨਾਲ ਇਸ ਤਰ੍ਹਾਂ ਆਪਣੇ ਖੇਤ ਵਿੱਚ ਪੈਦਾ ਕੀਤੀ ਉਪਜ ਨਾਲ ਸਰੀਰਕ ਤੌਰ 'ਤੇ ਤੰਦਰੁਸਤੀ ਅਤੇ ਆਰਥਿਕ ਤੌਰ 'ਤੇ ਖੁਸ਼ਹਾਲੀ ਵੀ ਸੰਭਵ ਹੈ।ਇਸ ਦੌਰਾਨ ਡਾ. ਹਰਮਨਦੀਪ ਕੌਰ ਏਡੀਓ ਨੇ ਮਿੱਟੀ ਪਰਖ ਦੀ ਮਹੱਤਤਾ, ਨਮੂਨੇ ਅਤੇ ਮਹਿਕਮੇ ਦੁਆਰਾ ਸਬਸਿਡੀ 'ਤੇ ਦਿੱਤੀ ਜਾ ਰਹੀ ਜਿਪਸਮ ਬਾਰੇ ਜਾਣਕਾਰੀ ਦਿੱਤੀ।ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਤੋਂ ਡਾ. ਪਰਮਿੰਦਰ ਕੌਰ ਨੇ ਕਣਕ ਦੀ ਫਸਲ ਦੇ ਸੰਭਾਵਿਤ ਕੀੜੇ ਮਕੌੜੇ ਅਤੇ ਬਿਮਾਰੀਆਂ ਦੇ ਬਚਾਅ ਲਈ ਤਕਨੀਕੀ ਨੁਕਤੇ ਸਾਂਝੇ ਕੀਤੇ।ਡਾ. ਸਵਰੀਤ ਖਹਿਰਾ ਨੇ ਨਵੇਂ ਫਲਦਾਰ ਬੂਟੇ ਲਾਉਣ ਅਤੇ ਪੁਰਾਣੇ ਬੂਟਿਆਂ ਦੀ ਸਾਂਭ-ਸੰਭਾਲ ਅਤੇ ਖੁਰਾਕੀ ਤੱਤਾਂ ਬਾਰੇ ਜਾਣਕਾਰੀ ਦਿੱਤੀ।ਡਾ. ਪਰਮਿੰਦਰ ਸਿੰਘ ਸੰਧੂ ਨੇ ਪਰਾਲੀ ਪ੍ਰਬੰਧਨ ਦੀਆਂ ਵੱਖ-ਵੱਖ ਤਕਨੀਕਾਂ ਅਤੇ ਮੱਕੀ ਦੀ ਕਾਸ਼ਤ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਕਣਕ ਦੀ ਗੋਭ ਵੇਲੇ 13-0-45 ਦੀ ਸਪਰੇ ਕਰਨਾ ਲਾਹੇਵੰਦ ਰਹਿੰਦਾ ਹੈ।ਕੈਂਪ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਗੁਰਪ੍ਰੀਤ ਸਿੰਘ ਬੀਟੀਐੱਮ ਨੇ ਬਾਖੂਬੀ ਨਿਭਾਈ। ਕੈਂਪ ਦੌਰਾਨ ਗੁਰਬਰਿੰਦਰ ਸਿੰਘ ਏਡੀਓ, ਮਨਮੋਹਨ ਸਿੰਘ ਏਈਓ, ਦਇਆਪ੍ਰੀਤ ਸਿੰਘ ਏਈਓ, ਰਜਿੰਦਰ ਕੁਮਾਰ ਏਈਓ, ਪਰਮਿੰਦਰ ਕੌਰ ਏਡੀਓ ਨੇ ਆਏ ਕਿਸਾਨਾਂ ਨੂੰ ਮਹਿਕਮੇ ਵੱਲੋਂ ਦਿੱਤੀਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਸੂਝਵਾਨ ਕਿਸਾਨ ਗੁਰਬਚਨ ਸਿੰਘ ਬੁਰਜ ਦੇਵਾ ਸਿੰਘ, ਜਰਨੈਲ ਸਿੰਘ ਸਭਰਾਂ, ਠੇਕੇਦਾਰ ਸਤਨਾਮ ਸਿੰਘ ਅਤੇ ਜਪਨਜੀਤ ਸਿੰਘ ਨੇ ਕੁਦਰਤ ਪੱਖੀ ਕੀਤੇ ਜਾ ਰਹੇ ਆਪਣੇ ਤਜਰਬੇ ਸਾਂਝੇ ਕੀਤੇ।ਇਸ ਦੌਰਾਨ ਗੁਰਸਿਮਰਨ ਸਿੰਘ, ਨਿਸ਼ਾਨ ਸਿੰਘ ਖੇਤੀ ਉਪ ਨਿਰੀਖਕ, ਬਾਜਾ ਸਿੰਘ ਖੇਤੀ ਉਪ ਨਿਰੀਖਕ, ਦਿਲਬਾਗ ਸਿੰਘ ਫੀਲਡ ਵਰਕਰ, ਗੁਰਲਾਲ ਸਿੰਘ, ਫਤਿਹ ਸਿੰਘ, ਬਲਜੀਤ ਕੌਰ, ਗੁਰਦੇਵ ਸਿੰਘ ਏਟੀਐਮ ਮਾਨਕਪੁਰਾ, ਗੁਰਦੇਵ ਸਿੰਘ ਏਟੀਐੱਮ ਸਰਹਾਲੀ, ਸੋਨਬੀਰ ਸਿੰਘ ਸਰਪੰਚ, ਮਲਕੀਤ ਸਿੰਘ ਅਕਬਰਪੁਰਾ, ਸੁਖਬੀਰ ਸਿੰਘ ਭੱਗੂਪੁਰ, ਸੁਖਵਿੰਦਰ ਸਿੰਘ ਕਿਰਤੋਵਾਲ, ਦਿਲਬਾਗ ਸਿੰਘ, ਸੁਖਬੀਰ ਸਿੰਘ, ਟਹਿਲ ਸਿੰਘ ਗੁਰਇਕਬਾਲ ਸਿੰਘ, ਮਹਿਕਪਾਲ ਸਿੰਘ, ਨੰਬਰਦਾਰ ਅਮਰਜੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।



ਨਵਾਂ ਜ਼ਮਾਨਾ

ਵੀਰਵਾਰ, 22 ਜਨਵਰੀ 2026

# ਟਰੰਪ ਨੂੰ ਟੱਕਰਿਆ ਕਾਰਨੀ

*ਅਮਰੀਕਾ ਦਾ ਦੂਜੀ ਵਾਰ ਰਾਸ਼ਟਰਪਤੀ ਬਣਦਿਆਂ ਹੀ ਡੋਨਾਲਡ ਟਰੰਪ ਨੇ ਜਿਹੜੀਆਂ ਆਪਹੁਦਰੀਆਂ ਸ਼ੁਰੂ ਕੀਤੀਆਂ ਹਨ, ਉਸ ਦਾ ਦੁਨੀਆ ਦੇ ਕਿਸੇ ਵੀ ਦੇਸ਼ ਦੇ ਆਗੂ ਨੇ ਏਨਾ ਖੁੱਲ੍ਹ ਕੇ ਵਿਰੋਧ ਨਹੀਂ ਕੀਤਾ, ਜਿੰਨਾ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਗਲਵਾਰ ਦਾਵੋਸ ਵਿੱਚ ਵਿਸ਼ਵ ਆਰਥਿਕ ਮੰਚ 'ਚ ਤਕਰੀਰ ਕਰਦਿਆਂ ਕੀਤਾ। ਉਨ੍ਹਾ ਸਾਫ ਸ਼ਬਦਾਂ ਵਿੱਚ ਕਿਹਾ ਕਿ ਅਮਰੀਕੀ ਅਗਵਾਈ ਵਾਲਾ ਪੁਰਾਣਾ ਗਲੋਬਲ ਦੌਰ ਹੁਣ ਇਤਿਹਾਸ ਬਣ ਚੁੱਕਿਆ ਹੈ ਅਤੇ ਜਿਸ ਨੂੰ 'ਨਿਯਮ ਅਧਾਰਤ ਵਿਵਸਥਾ' ਕਿਹਾ ਜਾਂਦਾ ਸੀ, ਉਹ ਇੱਕ ਖ਼ੂਬਸੂਰਤ ਝੂਠ ਦੇ ਸਿਵਾਇ ਕੁਝ ਨਹੀਂ ਸੀ। ਕਾਰਨੀ ਨੇ ਆਪਣੀ ਤਕਰੀਰ ਦੀ ਸ਼ੁਰੂਆਤ ਹੀ ਇਹ ਕਹਿੰਦਿਆਂ ਕੀਤੀ, "ਮੈਂ ਸਿੱਧਾ ਤੇ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਅਸੀਂ ਕਿਸੇ ਪਰਿਵਰਤਨ ਦੇ ਦੌਰ ਵਿੱਚ ਨਹੀਂ ਹਾਂ, ਸਗੋਂ ਅਸੀਂ ਟੁੱਟਣ ਦੇ ਦੌਰ ਵਿੱਚ ਹਾਂ। ਪੁਰਾਣੀ ਵਿਸ਼ਵ ਵਿਵਸਥਾ ਹੁਣ ਵਾਪਸ ਨਹੀਂ ਆਉਣ ਵਾਲੀ।" ਅਮਰੀਕੀ ਚੌਧਰਵਾਦ 'ਤੇ ਹਮਲਾ ਕਰਦਿਆਂ ਉਨ੍ਹਾ ਕਿਹਾ ਕਿ ਜਿਸ ਆਰਥਿਕ ਏਕੀਕਰਨ ਨੇ ਕਦੇ ਸਾਂਝੀ ਖੁਸ਼ਹਾਲੀ ਦਾ ਵਾਅਦਾ ਕੀਤਾ ਸੀ, ਅੱਜ ਵੱਡੀਆਂ ਤਾਕਤਾਂ ਉਸੇ ਨੂੰ ਹਥਿਆਰ ਦੇ ਰੂਪ ਵਿੱਚ ਇਸਤੇਮਾਲ ਕਰ ਰਹੀਆਂ ਹਨ। ਅੱਜ ਦੇ ਦੌਰ ਵਿੱਚ ਟੈਰਿਫ ਸਿਰਫ ਟੈਕਸ ਨਹੀਂ, ਸਗੋਂ ਦਬਾਅ ਪਾਉਣ ਦੇ ਔਜ਼ਾਰ ਬਣ ਗਏ ਹਨ। ਵੱਡੀਆਂ ਤਾਕਤਾਂ ਹੁਣ ਸਪਲਾਈ ਚੇਨ ਤੇ ਵਿੱਤੀ ਪ੍ਰਣਾਲੀਆਂ ਨੂੰ ਦੂਜਿਆਂ ਨੂੰ ਝੁਕਾਉਣ ਲਈ ਹਥਿਆਰ ਦੀ ਤਰ੍ਹਾਂ ਵਰਤ ਰਹੀਆਂ ਹਨ। ਤੁਸੀਂ ਏਕੀਕਰਨ ਦੇ ਉਸ ਝੂਠੇ ਸਹਾਰੇ ਨਹੀਂ ਜੀ ਸਕਦੇ, ਜਿੱਥੇ ਏਕੀਕਰਨ ਤੁਹਾਡੀ ਗੁਲਾਮੀ ਦਾ ਕਾਰਨ ਬਣ ਜਾਵੇ।*

*ਟਰੰਪ ਅੱਗੇ ਮੂੰਹ ਨਾ ਖੋਲ੍ਹਣ ਵਾਲਿਆਂ ਨੂੰ ਖਬਰਦਾਰ ਕਰਦਿਆਂ ਕਾਰਨੀ ਨੇ ਕਿਹਾ ਕਿ ਕਿਸੇ ਇੱਕ ਦੇਸ਼ (ਅਮਰੀਕਾ) ਉੱਤੇ ਨਿਰਭਰਤਾ ਘੱਟ ਕਰਨ ਲਈ ਵਪਾਰਕ ਰਿਸ਼ਤਿਆਂ ਵਿੱਚ ਵਿਵਧਤਾ ਲਿਆਉਣੀ ਲਾਜ਼ਮੀ ਹੋ ਗਈ ਹੈ। ਦਰਮਿਆਨੀਆਂ ਤਾਕਤਾਂ ਨੂੰ ਇੱਕਜੁੱਟ ਹੋਣਾ ਪਵੇਗਾ। ਪੁਰਾਣੇ ਦੌਰ ਲਈ ਸ਼ੋਕ ਮਨਾਉਣ ਦਾ ਵੇਲਾ ਨਹੀਂ। ਬੀਤੇ ਦੀਆਂ ਯਾਦਾਂ ਵਿੱਚ ਗੁਆਚੇ ਰਹਿਣਾ ਕੋਈ ਰਣਨੀਤੀ ਨਹੀਂ ਹੈ। ਇਸ ਬਿਖਰਾਅ ਤੋਂ ਅਸੀਂ ਕੁਝ ਬਿਹਤਰ, ਮਜ਼ਬੂਤ ਤੇ ਵਧੇਰੇ ਨਿਆਂਪੂਰਨ ਨਿਰਮਾਣ ਕਰ ਸਕਦੇ ਹਾਂ।*

*ਮਾਰਕ ਕਾਰਨੀ ਦਾ ਇਹ ਬਿਆਨ ਨਾ ਸਿਰਫ ਅਮਰੀਕਾ ਲਈ ਵੱਡੀ ਚੁਣੌਤੀ ਹੈ, ਸਗੋਂ ਇਹ ਬਦਲਦੀ ਵਿਸ਼ਵ ਸਿਆਸਤ ਦਾ ਇੱਕ ਨਵਾਂ ਮੈਨੀਫੈਸਟੋ ਵੀ ਹੈ। ਕਾਰਨੀ ਨੇ ਇਹ ਤਕਰੀਰ ਕਰਨ ਤੋਂ ਪਹਿਲਾਂ ਚੀਨ ਦਾ ਦੌਰਾ ਕੀਤਾ, ਜਿੱਥੇ ਦੋਨੋਂ ਦੇਸ਼ ਆਪਸੀ ਵਪਾਰ ਵਧਾਉਣ ਲਈ ਟੈਕਸ ਘਟਾਉਣ ਲਈ ਸਹਿਮਤ ਹੋਏ। ਇਸ ਤਰ੍ਹਾਂ ਕਾਰਨੀ ਨੇ ਸਾਫ ਕਰ ਦਿੱਤਾ ਹੈ ਕਿ ਉਹ ਟਰੰਪ ਦੀਆਂ ਆਪਹੁਦਰਾਸ਼ਾਹੀਆਂ ਅੱਗੇ ਨਹੀਂ ਝੁਕਣਗੇ ਤੇ ਹੋਰਨਾਂ ਦੇਸ਼ਾਂ ਨਾਲ ਵਪਾਰਕ ਰਿਸ਼ਤੇ ਬਣਾਉਣ ਨੂੰ ਪਹਿਲ ਦੇਣਗੇ। ਦੇਖਣ ਵਾਲੀ ਗੱਲ ਹੁਣ ਇਹ ਹੈ ਕਿ ਖ਼ੁਦ ਨੂੰ ਵਿਸ਼ਵ ਗੁਰੂ ਬਣਾਉਣ ਦੇ ਦਾਅਵੇ ਕਰਨ ਵਾਲਾ ਭਾਰਤ ਕੀ ਪੈਂਤੜਾ ਮੱਲਦਾ ਹੈ!*

# ਟੈਰਿਫ਼, ਅੰਕੜਿਆਂ 'ਤੇ ਸ਼ੱਕ ਅਤੇ ਕਮਜ਼ੋਰ ਹੁੰਦਾ ਰੁਪਈਆ

**ਮੂਲ : ਅਰੁਣ ਕੁਮਾਰ**

**ਅਨੁਵਾਦ : ਐੱਮ ਐੱਸ ਭਾਟੀਆ**

ਜੇ 2025 ਵਿੱਚ ਭਾਰਤੀ ਅਰਥ ਵਿਵਸਥਾ ਦੀ ਕੋਈ ਇੱਕ ਮੁੱਖ ਵਿਸ਼ੇਸ਼ਤਾ ਸੀ, ਤਾਂ ਉਹ ਅਨਿਸਚਿਤਤਾ ਸੀ। ਇਹ ਅਨਿਸਚਿਤਤਾ ਦੇਸੀ ਅਤੇ ਵਿਦੇਸ਼ੀ ਦੋਹਾਂ ਕਾਰਕਾਂ ਤੋਂ ਉੱਭਰੀ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ 'ਤੇ ਲਗਾਏ ਗਏ ਦੰਡਾਤਮਕ ਟੈਰਿਫ਼ ਇਸ ਅਨਿਸਚਿਤਤਾ ਦੇ ਕੇਂਦਰ ਵਿੱਚ ਸਨ। ਇਨ੍ਹਾਂ ਕਦਮਾਂ ਨੇ ਭਾਰਤ ਦੇ ਨਿਰਯਾਤਾਂ, ਭੁਗਤਾਨ ਸੰਤੁਲਨ (ਬੈਲੈਂਸ ਆਫ਼ ਪੇਮੈਂਟਸ), ਡਾਲਰ ਦੇ ਮੁਕਾਬਲੇ ਰੁਪਏ ਦੀ ਕਦਰ ਵਿੱਚ ਕਮੀ ਅਤੇ ਕੁੱਲ ਵਿਦੇਸ਼ੀ ਨਿਵੇਸ਼ ਵਿੱਚ ਗਿਰਾਵਟ ਸਮੇਤ ਕਈ ਨਤੀਜਿਆਂ ਨੂੰ ਪ੍ਰਭਾਵਤ ਕੀਤਾ। ਰਾਸ਼ਟਰਪਤੀ ਟਰੰਪ ਨੇ 'ਮੇਕ ਅਮਰੀਕਾ ਗ੍ਰੇਟ ਅਗੇਨ' ਦੇ ਨਾਅਰੇ ਨਾਲ ਚੋਣ ਪ੍ਰਚਾਰ ਕੀਤਾ ਸੀ, ਇਸ ਲਈ ਇਹ ਸਪੱਸ਼ਟ ਸੀ ਕਿ ਉਹ ਆਕਰਮਕ ਤਰੀਕੇ ਨਾਲ ਅਮਰੀਕਾ-ਪੱਖੀ ਨੀਤੀਆਂ ਅਪਣਾਏਗਾ। ਉਸ ਨੇ ਭਾਰਤ ਅਤੇ ਚੀਨ 'ਤੇ ਅਮਰੀਕੀ ਮਜ਼ਦੂਰਾਂ ਤੋਂ ਚੰਗੀਆਂ ਨੌਕਰੀਆਂ ਖੋਹਣ ਦੇ ਦੋਸ਼ ਲਗਾਏ ਅਤੇ ਉਹਨਾਂ ਨੂੰ ਵਾਪਸ ਅਮਰੀਕਾ ਲਿਆਉਣ ਦਾ ਵਾਅਦਾ ਕੀਤਾ। ਉਸ ਨੇ ਅਮਰੀਕੀ ਬਹੁਰਾਸ਼ਟਰੀ ਕੰਪਨੀਆਂ ਨੂੰ ਵਿਦੇਸ਼ਾਂ ਦੀ ਥਾਂ ਅਮਰੀਕਾ ਵਿੱਚ ਹੀ ਨਿਵੇਸ਼ ਕਰਨ ਲਈ ਉਤਸ਼ਾਹਤ ਕੀਤਾ, ਜਿਸ ਨਾਲ ਵਿਦੇਸ਼ਾਂ ਵਿੱਚ ਅਮਰੀਕੀ ਨਿਵੇਸ਼ ਵਿੱਚ ਕਮੀ ਆਉਣ ਦੇ ਸੰਕੇਤ ਮਿਲੇ।

ਭਾਰਤ ਦੇ ਅੰਦਰ ਸਰਕਾਰੀ ਨਿਵੇਸ਼ ਵਿੱਚ ਵਾਧੇ ਦੇ ਬਾਵਜੂਦ ਨਿੱਜੀ ਨਿਵੇਸ਼ ਮੰਦਾ ਹੀ ਰਿਹਾ। ਆਰ ਬੀ ਆਈ ਦੇ ਅੰਕੜਿਆਂ ਮੁਤਾਬਕ ਪਿਛਲੇ ਕਈ ਸਾਲਾਂ ਤੋਂ ਉਤਪਾਦਨ ਸਮਰੱਥਾ ਦੀ ਵਰਤੋਂ 70 ਤੋਂ 75 ਫ਼ੀਸਦੀ ਦੇ ਦਰਮਿਆਨ ਹੀ ਘੁੰਮਦੀ ਰਹੀ, ਜੋ ਅਰਥ ਵਿਵਸਥਾ ਵਿੱਚ ਕਮਜ਼ੋਰ ਮੰਗ ਨੂੰ ਦਰਸਾਉਂਦੀ ਹੈ। ਇਸ ਨਾਲ ਆਰਥਿਕ ਵਿਕਾਸ ਅਤੇ ਰੋਜ਼ਗਾਰ ਸਿਰਜਣ 'ਤੇ ਨਕਾਰਾਤਮਕ ਅਸਰ ਪਿਆ ਹੈ। 2025 ਵਿੱਚ ਅਰਥ ਵਿਵਸਥਾ ਨੂੰ ਆਕਾਰ ਦੇਣ ਵਾਲੀਆਂ ਹਾਲਤਾਂ 2026 ਤੱਕ ਵੀ ਬਣੀਆਂ ਰਹਿਣ ਦੀ ਸੰਭਾਵਨਾ ਹੈ।

2025 ਦੀ ਪਹਿਲੀ ਵੱਡੀ ਆਰਥਿਕ ਘਟਨਾ : 1 ਫਰਵਰੀ ਨੂੰ ਕੇਂਦਰੀ ਬਜਟ ਦੀ ਪੇਸ਼ਕਾਰੀ ਸੀ। ਇਸ ਵਿੱਚ ਆਮਦਨ ਕਰ ਛੋਟ ਸੀਮਾ ਨੂੰ 12 ਲੱਖ ਤੱਕ ਵਧਾ ਕੇ ਮੰਗ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜੋ ਕਿ ਪ੍ਰਤੀ ਵਿਅਕਤੀ ਆਮਦਨ ਦਾ ਛੇ ਗੁਣਾ ਹੈ। ਇਸ ਨਾਲ ਅਮੀਰ ਟੈਕਸਦਾਤਾਵਾਂ ਵਿੱਚ ਖਰਚਣਯੋਗ ਆਮਦਨ ਵਿੱਚ ਵਾਧਾ ਹੋਣ ਅਤੇ ਉਨ੍ਹਾਂ ਦੀ ਖਪਤ ਨੂੰ ਵਧਾਉਣ ਦੀ ਉਮੀਦ ਸੀ। ਹਾਲਾਂਕਿ, ਬਜਟ ਨੇ ਵਿਸ਼ਾਲ ਅਸੰਗਠਿਤ ਖੇਤਰ ਨੂੰ ਅਛੂਤਾ ਛੱਡ ਦਿੱਤਾ, ਜੋ ਕਿ 94 ਪ੍ਰਤੀਸ਼ਤ ਕਾਰਜਬਲ ਨੂੰ ਰੁਜ਼ਗਾਰ ਦਿੰਦਾ ਹੈ। ਇਸ ਨੇ ਪ੍ਰਮੁੱਖ ਅਮਰੀਕੀ ਨਿਰਯਾਤਾਂ 'ਤੇ ਡਿਊਟੀਆਂ ਵੀ ਘਟਾ ਦਿੱਤੀਆਂ, ਜੋ ਰਾਸ਼ਟਰਪਤੀ ਟਰੰਪ ਦੇ ਸੰਯੁਕਤ ਰਾਜ ਅਮਰੀਕਾ ਨਾਲ ਆਪਣੇ ਵਪਾਰ ਘਾਟੇ ਨੂੰ ਘਟਾਉਣ ਦੇ ਭਾਰਤ ਦੇ ਇਰਾਦੇ ਨੂੰ ਦਰਸਾਉਂਦਾ ਹੈ।

ਦੂਜਾ ਵੱਡਾ ਆਰਥਿਕ ਝਟਕਾ ਸੀ 13 ਫ਼ਰਵਰੀ ਨੂੰ ਰਾਸ਼ਟਰਪਤੀ ਟਰੰਪ ਨੇ ਇੱਕ ਮੈਮੋਰੈਂਡਮ 'ਤੇ ਦਸਤਖ਼ਤ ਕੀਤੇ, ਜਿਸ ਰਾਹੀਂ ਉਸ ਨੇ ਆਪਣੇ ਅਧਿਕਾਰੀਆਂ ਨੂੰ 1 ਅਪ੍ਰੈਲ ਤੱਕ ਭਾਰਤ ਸਮੇਤ ਦੁਨੀਆ ਦੇ ਬਾਕੀ ਦੇਸ਼ਾਂ 'ਤੇ ਪ੍ਰਸਪਰ ਟੈਰਿਫ਼ (ਰਿਸਿਪ੍ਰੋਕਲ ਟੈਰਿਫ਼) ਲਗਾਉਣ ਦੀ ਤਿਆਰੀ ਕਰਨ ਲਈ ਕਿਹਾ। ਭਾਰਤ ਨੂੰ ਇੱਕ ਰਣਨੀਤਕ ਭਾਈਵਾਲ ਵਜੋਂ ਅਨੁਕੂਲ ਵਿਹਾਰ ਦੀ ਉਮੀਦ ਸੀ, ਪਰ ਇਹ ਉਮੀਦ ਉਦੋਂ ਟੁੱਟ ਗਈ, ਜਦੋਂ 2 ਅਪ੍ਰੈਲ ਨੂੰ ਭਾਰਤ 'ਤੇ 25 ਪ੍ਰਤੀਸ਼ਤ ਟੈਰਿਫ ਦਾ ਐਲਾਨ ਕੀਤਾ ਗਿਆ, ਜਿਸ ਨੂੰ ਮੁਕਤੀ ਦਿਵਸ ਕਿਹਾ ਗਿਆ। ਇਹ ਸ਼ੁਰੂ ਵਿੱਚ ਜੁਲਾਈ ਤੱਕ ਮੁਲਤਵੀ ਰੱਖਿਆ ਗਿਆ, ਕਿਉਂਕਿ ਟਰੰਪ ਨੇ 90 ਦਿਨਾਂ ਵਿੱਚ 90 ਦੇਸ਼ਾਂ ਨਾਲ 90 ਸੌਦਿਆਂ 'ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਬਾਅਦ ਵਿੱਚ ਉਨ੍ਹਾਂ ਦੇਸ਼ਾਂ ਲਈ ਸਮਾਂ ਸੀਮਾ 1 ਅਗਸਤ ਤੱਕ ਵਧਾ ਦਿੱਤੀ ਗਈ, ਜਿਨ੍ਹਾਂ ਨਾਲ ਕੋਈ ਵਪਾਰਕ ਸਮਝੌਤਾ ਨਹੀਂ ਹੋਇਆ ਸੀ। 7 ਅਗਸਤ ਨੂੰ ਟਰੰਪ ਨੇ ਪਰਸਪਰ ਟੈਰਿਫ ਦੇ ਉੱਪਰ 25 ਪ੍ਰਤੀਸ਼ਤ ਹੋਰ ਪੈਨਲਟੀ ਟੈਰਿਫ ਲਗਾਉਣ ਦਾ ਐਲਾਨ ਕੀਤਾ, ਕਿਉਂਕਿ ਭਾਰਤ ਰੂਸ ਤੋਂ ਕੱਚਾ ਤੇਲ ਖਰੀਦ ਰਿਹਾ ਸੀ।

ਤੀਜੀ ਮਹੱਤਵਪੂਰਨ ਘਟਨਾ ਇਸ ਤੋਂ ਥੋੜ੍ਹੀ ਦੇਰ ਬਾਅਦ ਵਾਪਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸੁਤੰਤਰਤਾ ਦਿਵਸ ਭਾਸ਼ਣ ਦੌਰਾਨ ਕਈ ਵਸਤੂਆਂ 'ਤੇ ਜੀ ਐਸ ਟੀ ਦਰਾਂ ਵਿੱਚ ਕਟੌਤੀ ਦਾ ਐਲਾਨ ਕੀਤਾ। ਇਸ ਨਾਲ ਅਮਰੀਕੀ ਟੈਰਿਫ ਦੇ ਮਾੜੇ ਪ੍ਰਭਾਵਾਂ ਨੂੰ ਪੂਰਾ ਕਰਨ ਲਈ ਕੀਮਤਾਂ ਘੱਟ ਹੋਣ ਅਤੇ ਖਪਤ ਵਧਣ ਦੀ ਉਮੀਦ ਸੀ। ਸਤੰਬਰ ਵਿੱਚ ਇਨ੍ਹਾਂ ਵਸਤੂਆਂ ਦੀ ਵਿਕਰੀ ਥੋੜ੍ਹੇ ਸਮੇਂ ਲਈ ਰੁਕ ਗਈ, ਪਰ ਜੀ ਐਸ ਟੀ ਵਿੱਚ ਕਟੌਤੀ ਤੋਂ ਬਾਅਦ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ।

ਚੌਥੀ ਘਟਨਾ 2025-26 ਦੇ ਪਹਿਲੀ ਅਤੇ ਦੂਜੀ ਤਿਮਾਹੀ ਦੌਰਾਨ ਦਰਜ ਕੀਤੇ ਗਏ ਜੀ ਡੀ ਪੀ ਅੰਕੜਿਆਂ ਵਿੱਚ ਤੇਜ਼ ਵਾਧਾ ਸੀ। ਆਈ ਐੱਮ ਐੱਫ ਦੀਆਂ ਅਨੁਮਾਨਤ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਸਰਕਾਰੀ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਭਾਰਤ ਜਪਾਨ ਨੂੰ ਪਿੱਛੇ ਛੱਡ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਗਿਆ ਹੈ, ਪਰ ਇਹ ਦਾਅਵਾ ਅਸਲ ਨਤੀਜਿਆਂ ਦੀ ਥਾਂ ਸਾਲ ਦੇ ਅੰਤ ਲਈ ਕੀਤੇ ਗਏ ਅਨੁਮਾਨਾਂ 'ਤੇ ਆਧਾਰਿਤ ਸੀ ਅਤੇ ਇਹ ਡਾਲਰ ਨਾਲ ਮੁਦਰਾ ਬਰਾਬਰੀ ਅਤੇ ਤੁਲਨਾਤਮਕ ਮਹਿੰਗਾਈ ਦਰਾਂ ਵਰਗੇ ਕਾਰਕਾਂ 'ਤੇ ਨਿਰਭਰ ਕਰਦਾ ਸੀ। ਹੋਰ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਪ੍ਰਤੀ ਵਿਅਕਤੀ ਆਮਦਨ ਵਿੱਚ 140ਵੇਂ ਸਥਾਨ 'ਤੇ ਹੈ ਅਤੇ ਜਾਪਾਨ ਨਾਲੋਂ ਕਿਤੇ ਗਰੀਬ ਰਿਹਾ।

ਪੰਜਵਾਂ ਮੁੱਦਾ ਇਹ ਸੀ ਕਿ ਆਈ ਐੱਮ ਐਫ ਨੇ ਭਾਰਤ ਦੇ ਜੀਡੀਪੀ ਅੰਕੜਿਆਂ ਦੀ ਭਰੋਸੇਯੋਗਤਾ 'ਤੇ ਸ਼ੱਕ ਜਤਾਇਆ, ਖ਼ਾਸ ਕਰਕੇ ਗੈਰ-ਸੰਗਠਿਤ ਖੇਤਰ ਨਾਲ ਸੰਬੰਧਤ ਅੰਕੜਿਆਂ ਅਤੇ ਜੀ ਡੀ ਪੀ ਅਨੁਮਾਨਾਂ ਵਿੱਚ ਪਾਈ ਜਾਣ ਵਾਲੀਆਂ ਵੱਡੀਆਂ ਅਸਮਾਨਤਾਵਾਂ ਬਾਰੇ। ਇਸ ਨੇ ਵਿਦੇਸ਼ੀ ਨਿਵੇਸ਼ਕਾਂ ਦੀ ਭਾਵਨਾ ਨੂੰ ਕਮਜ਼ੋਰ ਕੀਤਾ, ਜਿਸ ਨਾਲ ਭਾਰਤ ਤੋਂ ਪੂੰਜੀ ਦੇ ਬਾਹਰ ਜਾਣ ਵਿੱਚ ਯੋਗਦਾਨ ਪਾਇਆ। ਇਸ ਨਾਲ ਵਿਦੇਸ਼ੀ ਨਿਵੇਸ਼ਕਾਂ ਦੀ ਭਾਵਨਾ ਨੂੰ ਝਟਕਾ ਲੱਗਿਆ ਅਤੇ ਭਾਰਤ ਤੋਂ ਪੂੰਜੀ ਬਾਹਰ ਜਾਣ ਵਿੱਚ ਵਾਧਾ ਹੋਇਆ।

ਛੇਵੀਂ ਵਿਸ਼ੇਸ਼ਤਾ ਰੁਪਏ ਦੀ ਉਪਰੋਕਤ ਗਿਰਾਵਟ ਸੀ, ਜੋ ਡਾਲਰ ਦੇ ਮੁਕਾਬਲੇ 90 ਦੇ ਅੰਕੜੇ ਨੂੰ ਪਾਰ ਕਰ ਗਈ। ਟੈਰਿਫ਼ਾਂ ਅਤੇ ਸੋਨੇ ਦੀ ਵਧ ਰਹੀ ਆਯਾਤ, ਜਿਸ ਦੀਆਂ ਕੀਮਤਾਂ ਵਿੱਚ ਤੇਜ਼ ਵਾਧਾ ਹੋਇਆ ਹੈ, ਨੇ ਚਾਲੂ ਖਾਤਾ ਘਾਟੇ (ਕਰੰਟ ਅਕਾਊਂਟ ਡਿਫ਼ਿਸਿਟ) ਨੂੰ ਹੋਰ ਵਧਾ ਦਿੱਤਾ ਹੈ। ਪਹਿਲਾਂ ਪੂੰਜੀ ਖਾਤੇ ਰਾਹੀਂ ਆਉਣ ਵਾਲੀ ਰਕਮ ਇਸ ਘਾਟੇ ਦੀ ਭਰਪਾਈ ਕਰ ਦਿੰਦੀ ਸੀ, ਪਰ ਹੁਣ ਪੂੰਜੀ ਦੇ ਪ੍ਰਵਾਹ ਨਕਾਰਾਤਮਕ ਹੋ ਜਾਣ ਕਾਰਨ ਇਹ ਭੂਮਿਕਾ ਵੀ ਖ਼ਤਮ ਹੋ ਚੁੱਕੀ ਹੈ।

ਸੱਤਵਾਂ ਵਿਕਾਸ ਅੱਠਵੇਂ ਤਨਖਾਹ ਕਮਿਸ਼ਨ ਦਾ ਗਠਨ ਸੀ, ਜੋ ਆਪਣੇ ਪੂਰਵਜ਼ਾਂ ਤੋਂ ਬਿਲਕੁਲ ਵੱਖਰੇ ਸ਼ਬਦਾਂ ਵਿੱਚ ਸੀ, ਜੋ ਕੇਂਦਰ ਅਤੇ ਰਾਜਾਂ ਦੋਵਾਂ ਦੀ ਕਮਜ਼ੋਰ ਵਿੱਤੀ ਸਿਹਤ ਨੂੰ ਦਰਸਾਉਂਦਾ ਹੈ।

ਇਸ ਨਾਲ ਗਹਿਰਾ ਸੰਬੰਧ ਰੱਖਣ ਵਾਲਾ ਅੱਠਵਾਂ ਮੁੱਦਾ ਵਿੱਤ ਆਯੋਗ ਦੀ ਰਿਪੋਰਟ ਦੀ ਪੇਸ਼ਕਸ਼ ਸੀ। ਇਹ ਵਿੱਤੀ ਸੰਘਵਾਦ 'ਤੇ ਅਸਰ ਪਾਵੇਗੀ, ਖ਼ਾਸ ਕਰਕੇ ਇਸ ਪਰਿਪੇਖ ਵਿੱਚ ਕਿ ਚੋਣਾਂ ਸਮੇਂ ਦਿੱਤੀਆਂ ਗਈਆਂ ਮੁਫ਼ਤ ਸਕੀਮਾਂ ਕਾਰਨ ਕਈ ਰਾਜ ਸਰਕਾਰਾਂ ਦੀ ਵਿੱਤੀ ਸਥਿਤੀ ਕਮਜ਼ੋਰ ਹੋ ਚੁੱਕੀ ਹੈ।

ਨੌਵੀਂ ਵਿਸ਼ੇਸ਼ਤਾ ਪ੍ਰਮਾਣੂ ਦੇਣਦਾਰੀ ਤੇ ਪ੍ਰਮਾਣੂ ਊਰਜਾ ਲਈ ਸਥਿਰ ਹਾਰਨੈਸਿੰਗ ਅਤੇ ਤਰੱਕੀ (SHANTI) ਬਿੱਲ 2025 ਨੂੰ ਪਾਸ ਕਰਨਾ ਸੀ। ਬਿੱਲ ਪਹਿਲੀ ਵਾਰ ਰੈਗੂਲੇਟਰੀ ਨਿਗਰਾਨੀ ਅਧੀਨ ਪ੍ਰਮਾਣੂ ਊਰਜਾ ਖੇਤਰ ਵਿੱਚ ਸੀਮਤ ਨਿੱਜੀ ਭਾਗੀਦਾਰੀ ਦੀ ਆਗਿਆ ਦਿੰਦਾ ਹੈ। ਜੇਕਰ ਇਹ ਪ੍ਰਮਾਣੂ ਊਰਜਾ ਪਲਾਂਟਾਂ ਦੀ ਸਥਾਪਨਾ ਦੀ ਸਹੂਲਤ ਦਿੰਦਾ ਹੈ, ਤਾਂ ਇਹ ਜੈਵਿਕ ਬਾਲਣਾਂ 'ਤੇ ਨਿਰਭਰਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਇਸ ਦੇ ਨਾਲ ਹੀ ਇੱਕ ਉੱਚ ਸਿੱਖਿਆ ਬਿੱਲ ਪੇਸ਼ ਕੀਤਾ ਗਿਆ, ਜਿਸ ਨੂੰ ਇੱਕ ਸੰਸਦੀ ਕਮੇਟੀ ਨੂੰ ਭੇਜਿਆ ਗਿਆ ਹੈ। ਇਸ ਬਿੱਲ ਦਾ ਉਦੇਸ਼ ਉੱਚ ਸਿੱਖਿਆ ਨੂੰ ਵਧੇਰੇ ਖੁਦਮੁਖਤਿਆਰੀ ਦੇ ਕੇ ਉਤਸ਼ਾਹਤ ਕਰਨਾ ਹੈ। ਅਜਿਹੇ ਸੁਧਾਰਾਂ ਤੋਂ ਬਿਨਾਂ ਭਾਰਤ ਖੋਜ ਅਤੇ ਵਿਕਾਸ ਵਿੱਚ ਦੂਜੇ ਦੇਸ਼ਾਂ ਤੋਂ ਪਛੜਦਾ ਰਹੇਗਾ, ਜਿਸ ਨਾਲ ਇਸ ਦੀ ਰਣਨੀਤਕ ਖੁਦਮੁਖਤਿਆਰੀ ਕਮਜ਼ੋਰ ਹੋਵੇਗੀ।

ਅਖ਼ੀਰ ਮਜ਼ਦੂਰ ਕਾਨੂੰਨਾਂ ਵਿੱਚ ਅਚਾਨਕ ਸੋਧਾਂ ਕੀਤੀਆਂ ਗਈਆਂ। ਲੇਬਰ ਕੋਡਾਂ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਅਤੇ ਮਨਰੇਗਾ ਦੀ ਥਾਂ 'ਵੀਬੀਗ੍ਰਾਮਜੀ' ਲਿਆਂਦਾ ਗਿਆ। ਇਹ ਦੋਵੇਂ ਕਦਮ ਵਪਾਰਕ ਘਰਾਣਿਆਂ ਅਤੇ ਧਨਾਢ ਕਿਸਾਨਾਂ ਲਈ ਮਜ਼ਦੂਰੀ ਖ਼ਰਚ ਘਟਾਉਣ ਦੇ ਉਦੇਸ਼ ਨਾਲ ਕੀਤੇ ਗਏ ਹਨ। ਅਨੁਮਾਨਤ ਤੌਰ 'ਤੇ ਇਹ ਤਬਦੀਲੀਆਂ ਨਿਰਯਾਤਾਂ ਨੂੰ ਵਧਾਉਣ ਅਤੇ ਸਰਕਾਰ ਵੱਲੋਂ ਖੇਤੀਬਾੜੀ ਮੰਡੀਆਂ ਨੂੰ ਅਮਰੀਕੀ ਆਯਾਤਾਂ ਲਈ ਖੋਲ੍ਹਣ ਨੂੰ ਆਸਾਨ ਬਣਾਉਣ ਲਈ ਹਨ। ਇਸ ਦੇ ਨਤੀਜੇ ਵਜੋਂ ਅਸਮਾਨਤਾ ਅਤੇ ਬੇਰੁਜ਼ਗਾਰੀ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ।

2025 ਦੇ ਮੁੱਖ ਆਰਥਿਕ ਵਿਕਾਸ ਗਲੋਬਲ ਅਤੇ ਦੇਸੀ ਦੋਹਾਂ ਪੱਧਰਾਂ 'ਤੇ ਮੌਜੂਦ ਅਨਿਸਚਿਤਤਾ ਨਾਲ ਚਲਾਏ ਗਏ। ਇਹ ਲਗਾਤਾਰ ਬਣੇ ਰਹਿਣ ਵਾਲੀਆਂ ਵਿਸ਼ੇਸ਼ਤਾਵਾਂ 2026 ਵੱਲ ਵਧਦੀ ਭਾਰਤੀ ਅਰਥ ਵਿਵਸਥਾ ਦੀ ਦਿਸ਼ਾ ਨੂੰ ਵੀ ਨਿਰੰਤਰ ਤੌਰ 'ਤੇ ਆਕਾਰ ਦਿੰਦੀਆਂ ਰਹਿਣਗੀਆਂ।

**(ਲੇਖਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੇ ਸਾਬਕਾ ਪ੍ਰੋਫ਼ੈਸਰ ਹਨ)**

**# ਸੰਪਰਕ : +91 99884-91002**

# ਬਿਰਧ ਆਸ਼ਰਮਾਂ ਦਾ ਵਧਦਾ ਜਾਲ

**ਐਡਵੋਕੇਟ ਰਾਜੇਸ਼ਵਰ ਚੌਧਰੀ**

ਭਾਰਤੀ ਸੱਭਿਆਚਾਰ ਵਿੱਚ ਪਰਵਾਰ ਨੂੰ ਇੱਕ ਅਜਿਹੀ ਇਕਾਈ ਮੰਨਿਆ ਜਾਂਦਾ ਸੀ, ਜਿੱਥੇ ਬਜ਼ੁਰਗਾਂ ਦਾ ਸਥਾਨ ਸਭ ਤੋਂ ਉੱਚਾ ਹੁੰਦਾ ਸੀ। ਸਾਡੇ ਇਤਿਹਾਸ ਅਤੇ ਮਿਥਿਹਾਸ ਵਿੱਚ ਸਰਵਨ ਕੁਮਾਰ ਵਰਗੇ ਪਾਤਰਾਂ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ, ਜਿਸ ਨੇ ਆਪਣੇ ਅੰਨ੍ਹੇ ਮਾਤਾ-ਪਿਤਾ ਨੂੰ ਵਹਿੰਗੀ ਵਿੱਚ ਬਿਠਾ ਕੇ ਤੀਰਥ ਯਾਤਰਾ ਕਰਵਾਈ ਸੀ, ਪਰ ਅੱਜ ਦਾ ਦੌਰ ਇਸ ਤੋਂ ਬਿਲਕੁਲ ਉਲਟ ਨਜ਼ਰ ਆ ਰਿਹਾ ਹੈ। ਪੰਜਾਬ ਦੀ ਧਰਤੀ, ਜਿੱਥੇ ਸੇਵਾ ਅਤੇ ਸਤਿਕਾਰ ਦੀਆਂ ਗੱਲਾਂ ਘਰ-ਘਰ ਹੁੰਦੀਆਂ ਸਨ, ਉੱਥੇ ਅੱਜ ਬਿਰਧ ਆਸ਼ਰਮਾਂ ਦੀ ਵਧਦੀ ਗਿਣਤੀ ਸਾਡੀ ਨੈਤਿਕ ਗਿਰਾਵਟ ਦਾ ਪ੍ਰਤੀਕ ਬਣ ਗਈ ਹੈ।

ਅਜੋਕੇ ਸਮੇਂ ਵਿੱਚ ਅਸੀਂ ਆਧੁਨਿਕ ਬਣਨ ਦੀ ਦੌੜ ਵਿੱਚ ਪੱਛਮੀ ਸੱਭਿਆਚਾਰ ਦੀ ਨਕਲ ਤਾਂ ਕਰ ਲਈ, ਪਰ ਉਸ ਦੇ ਪਿੱਛੇ ਛੁਪੇ ਖੋਖਲੇਪਣ ਨੂੰ ਨਹੀਂ ਸਮਝਿਆ। ਪੱਛਮ ਵਿੱਚ ਬੱਚੇ 18 ਸਾਲ ਦੀ ਉਮਰ ਤੋਂ ਬਾਅਦ ਆਜ਼ਾਦ ਹੋ ਜਾਂਦੇ ਹਨ ਅਤੇ ਮਾਪੇ ਆਪਣੀ ਬਾਕੀ ਦੀ ਜ਼ਿੰਦਗੀ ਇਕੱਲੇ ਗੁਜ਼ਾਰਨ ਲਈ ਮਾਨਸਕ ਤੌਰ 'ਤੇ ਤਿਆਰ ਹੁੰਦੇ ਹਨ, ਪਰ ਸਾਡੇ ਦੇਸ਼ ਵਿੱਚ ਮਾਪੇ ਆਪਣੀ ਪੂਰੀ ਉਮਰ ਦੀ ਕਮਾਈ ਆਪਣੀਆਂ ਖ਼ੁਸ਼ੀਆਂ ਅਤੇ ਆਪਣੀ ਸਿਹਤ ਨੂੰ ਦਾਅ 'ਤੇ ਲਗਾ ਕੇ ਬੱਚਿਆਂ ਦਾ ਭਵਿੱਖ ਸੰਵਾਰਦੇ ਹਨ। ਜਦੋਂ ਵਾਪਸੀ ਵਿੱਚ ਉਨ੍ਹਾਂ ਨੂੰ ਬਿਰਧ ਆਸ਼ਰਮ ਦਾ ਰਸਤਾ ਦਿਖਾਇਆ ਜਾਂਦਾ ਹੈ, ਤਾਂ ਇਹ ਸਿਰਫ਼ ਇੱਕ ਵਿਅਕਤੀ ਦਾ ਅਪਮਾਨ ਨਹੀਂ, ਬਲਕਿ ਪੂਰੀ ਮਨੁੱਖਤਾ ਦਾ ਘਾਣ ਹੈ।

ਅੱਜ ਦੇ ਮਨੁੱਖ ਕੋਲ ਸਭ ਕੁਝ ਹੈ, ਪਰ ਸਮਾਂ ਨਹੀਂ। ਪੈਸੇ ਦੀ ਹਵਸ ਨੇ ਰਿਸ਼ਤਿਆਂ ਦੀ ਨਿੱਘ ਨੂੰ ਖ਼ਤਮ ਕਰ ਦਿੱਤਾ ਹੈ। ਪੁੱਤ ਸੋਚਦੇ ਹਨ ਕਿ ਮਾਪੇ ਉਨ੍ਹਾਂ ਦੀ ਆਜ਼ਾਦੀ ਵਿੱਚ ਵਿਘਨ ਪਾ ਰਹੇ ਹਨ। ਨੂੰਹਾਂ-ਪੁੱਤਾਂ ਲਈ ਮਾਪੇ ਅਕਸਰ ਫਾਲਤੂ ਸਮਾਨ ਵਾਂਗ ਹੋ ਜਾਂਦੇ ਹਨ। ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਜਿਨ੍ਹਾਂ ਮਾਪਿਆਂ ਨੇ ਉਂਗਲ ਫੜ ਕੇ ਚੱਲਣਾ ਸਿਖਾਇਆ, ਅੱਜ ਉਹੀ ਔਲਾਦ ਉਨ੍ਹਾਂ ਨੂੰ ਸਹਾਰਾ ਦੇਣ ਤੋਂ ਕੰਨੀ ਕਤਰਾਉਂਦੀ ਹੈ। ਬਹੁਤੇ ਘਰਾਂ ਵਿੱਚ ਬਜ਼ੁਰਗਾਂ ਨੂੰ ਸਿਰਫ਼ ਘਰ ਦੀ ਰਾਖੀ ਕਰਨ ਵਾਲੇ ਚੌਕੀਦਾਰ ਜਾਂ ਬੱਚਿਆਂ ਨੂੰ ਸੰਭਾਲਣ ਵਾਲੇ ਨੌਕਰਾਂ ਵਜੋਂ ਦੇਖਿਆ ਜਾਂਦਾ ਹੈ।



ਸਰਕਾਰ ਨੇ ਮੈਨਟੇਨੈਂਸ ਐਂਡ ਵੈਲਫੇਅਰ ਆਫ਼ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨ ਐਕਟ ਲਾਗੂ ਕੀਤਾ ਹੈ। ਇਹ ਕਾਨੂੰਨ ਬਜ਼ੁਰਗਾਂ ਨੂੰ ਖ਼ਰਚਾ ਲੈਣ ਅਤੇ ਰਿਹਾਇਸ਼ ਦਾ ਹੱਕ ਦਿੰਦਾ ਹੈ, ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੋਈ ਅਦਾਲਤ ਕਿਸੇ ਪੁੱਤ ਦੇ ਮਨ ਵਿੱਚ ਆਪਣੇ ਪਿਤਾ ਲਈ ਸਤਿਕਾਰ ਪੈਦਾ ਕਰ ਸਕਦੀ ਹੈ? ਕੀ ਜ਼ਬਰਦਸਤੀ ਲਿਆ ਗਿਆ 10 ਹਜ਼ਾਰ ਰੁਪਏ ਦਾ ਮਾਸਿਕ ਖ਼ਰਚਾ ਉਸ ਅਸੀਸ ਦੀ ਜਗ੍ਹਾ ਲੈ ਸਕਦਾ ਹੈ, ਜੋ ਸਵੈ-ਇੱਛਤ ਸੇਵਾ ਨਾਲ ਮਿਲਦੀ ਹੈ? ਕਾਨੂੰਨ ਸਿਰਫ਼ ਰੋਟੀ ਅਤੇ ਛੱਤ ਦਾ ਪ੍ਰਬੰਧ ਕਰ ਸਕਦਾ ਹੈ, ਪਰ ਬੁਢਾਪੇ ਦੀ ਇਕੱਲਤਾ ਦਾ ਇਲਾਜ ਸਿਰਫ਼ ਆਪਣਿਆਂ ਦਾ ਸਾਥ ਹੀ ਹੈ। ਬਜ਼ੁਰਗਾਂ ਨੂੰ ਦਵਾਈ ਨਾਲੋਂ ਜ਼ਿਆਦਾ ਦੁਆ (ਅਸੀਸ) ਅਤੇ ਗੱਲਾਂ ਕਰਨ ਵਾਲੇ ਕਿਸੇ ਜੀਅ ਦੀ ਲੋੜ ਹੁੰਦੀ ਹੈ।

ਬਿਰਧ ਆਸ਼ਰਮਾਂ ਵਿੱਚ ਰਹਿ ਰਹੇ ਬਜ਼ੁਰਗਾਂ ਦੀਆਂ ਅੱਖਾਂ ਹਮੇਸ਼ਾ ਦਰਵਾਜ਼ੇ ਵੱਲ ਲੱਗੀਆਂ ਰਹਿੰਦੀਆਂ ਹਨ ਕਿ ਸ਼ਾਇਦ ਅੱਜ ਉਨ੍ਹਾਂ ਦਾ ਪੁੱਤ ਜਾਂ ਪੋਤਾ-ਪੋਤੀ ਉਨ੍ਹਾਂ ਨੂੰ ਮਿਲਣ ਆਉਣਗੇ। ਉੱਥੇ ਰਹਿਣ ਵਾਲੇ ਬਹੁਤੇ ਬਜ਼ੁਰਗ ਉੱਚ-ਮੱਧ ਵਰਗੀ ਪਰਵਾਰਾਂ ਨਾਲ ਸੰਬੰਧ ਰੱਖਦੇ ਹਨ, ਜਿਨ੍ਹਾਂ ਦੇ ਬੱਚੇ ਵਿਦੇਸ਼ਾਂ ਵਿੱਚ ਸੈਟਲ ਹਨ ਜਾਂ ਵੱਡੀਆਂ ਨੌਕਰੀਆਂ 'ਤੇ ਹਨ। ਇਹ ਬੇਹੱਦ ਦੁਖਦਾਈ ਹੈ ਕਿ ਵੱਡੇ ਬੰਗਲਿਆਂ ਦੇ ਮਾਲਕ ਅੱਜ ਇੱਕ ਛੋਟੇ ਜਿਹੇ ਕਮਰੇ ਵਿੱਚ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨ ਕੱਟ ਰਹੇ ਹਨ।

ਅੱਜ ਦੇ ਨੌਜਵਾਨਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਮਾਂ ਹਮੇਸ਼ਾ ਬਦਲਦਾ ਹੈ। ਜੋ ਅੱਜ ਉਹ ਆਪਣੇ ਮਾਪਿਆਂ ਨਾਲ ਕਰ ਰਹੇ ਹਨ, ਕੱਲ੍ਹ ਨੂੰ ਉਨ੍ਹਾਂ ਦੇ ਆਪਣੇ ਬੱਚੇ ਵੀ ਉਹੀ ਸਿੱਖਣਗੇ। ਬੱਚੇ ਉਹ ਨਹੀਂ ਕਰਦੇ, ਜੋ ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ, ਬਲਕਿ ਉਹ ਕਰਦੇ ਹਨ, ਜੋ ਉਹ ਸਾਨੂੰ ਕਰਦਿਆਂ ਦੇਖਦੇ ਹਨ। ਜੇ ਅੱਜ ਤੁਸੀਂ ਆਪਣੇ ਮਾਪਿਆਂ ਨੂੰ ਬਿਰਧ ਆਸ਼ਰਮ ਛੱਡ ਕੇ ਆ ਰਹੇ ਹੋ, ਤਾਂ ਤੁਸੀਂ ਆਪਣੇ ਲਈ ਵੀ ਉੱਥੇ ਇੱਕ ਕਮਰਾ ਬੁੱਕ ਕਰ ਰਹੇ ਹੋ।

ਬੁਢਾਪਾ ਜੀਵਨ ਦੀ ਸ਼ਾਮ ਹੈ। ਜਿਵੇਂ ਸਾਰਾ ਦਿਨ ਕੰਮ ਕਰਨ ਤੋਂ ਬਾਅਦ ਇਨਸਾਨ ਨੂੰ ਰਾਤ ਦੀ ਨੀਂਦ ਅਤੇ ਸਕੂਨ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਰੀ ਉਮਰ ਪਰਵਾਰ ਲਈ ਹੱਡ ਭੰਨਵੀਂ ਮਿਹਨਤ ਕਰਨ ਤੋਂ ਬਾਅਦ ਬਜ਼ੁਰਗ ਸਿਰਫ਼ ਮਾਣ-ਸਤਿਕਾਰ ਅਤੇ ਆਰਾਮ ਚਾਹੁੰਦੇ ਹਨ।

ਸਾਨੂੰ ਸਮਾਜਿਕ ਤੌਰ 'ਤੇ ਜਾਗਰੂਕ ਹੋਣ ਦੀ ਲੋੜ ਹੈ। ਬਿਰਧ ਆਸ਼ਰਮਾਂ ਦਾ ਹੋਣਾ ਸਾਡੀ ਸੱਭਿਅਤਾ ਤੇ ਇੱਕ ਕਲੰਕ ਹੈ। ਸਾਨੂੰ ਚਾਹੀਦਾ ਹੈ ਕਿ ਸੰਸਕਾਰਾਂ ਦੀ ਵਾਪਸੀ : ਬੱਚਿਆਂ ਨੂੰ ਬਚਪਨ ਤੋਂ ਹੀ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਿਖਾਈਏ। ਸਾਂਝੇ ਪਰਵਾਰ ਦੀ ਮਹੱਤਤਾ : ਕੋਸ਼ਿਸ਼ ਕਰੀਏ ਕਿ ਪਰਵਾਰ ਇਕੱਠੇ ਰਹਿਣ, ਤਾਂ ਜੋ ਬਜ਼ੁਰਗਾਂ ਦੀ ਇਕੱਲਤਾ ਦੂਰ ਹੋ ਸਕੇ। ਬਜ਼ੁਰਗਾਂ ਨੂੰ ਬੋਝ ਨਹੀਂ, ਬਲਕਿ ਬਰਕਤ ਸਮਝੀਏ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਸਮਾਜ ਮੁੜ ਤੋਂ ਖ਼ੁਸ਼ਹਾਲ ਹੋਵੇ, ਤਾਂ ਸਾਨੂੰ ਆਪਣੇ ਘਰਾਂ ਵਿੱਚ ਸਰਵਨ ਪੁੱਤਰ ਪੈਦਾ ਕਰਨੇ ਪੈਣਗੇ। ਬਿਰਧ ਆਸ਼ਰਮਾਂ ਦੀਆਂ ਕੰਧਾਂ ਨੂੰ ਢਾਹੁਣ ਦਾ ਇੱਕੋ-ਇੱਕ ਤਰੀਕਾ ਹੈ ਮਾਪਿਆਂ ਦੇ ਚਿਹਰੇ 'ਤੇ ਮੁਸਕਰਾਹਟ ਅਤੇ ਉਨ੍ਹਾਂ ਦੇ ਦਿਲ ਵਿੱਚ ਆਪਣੇ ਬੱਚਿਆਂ ਲਈ ਮਾਣ।

**# ਸੰਪਰਕ : 85748-53000**

## ਪਾਠਕ-ਸੱਥ

### 'ਗੈਂਗਸਟਰਾਂ 'ਤੇ ਵਾਰ' ਮਾਨ ਸਰਕਾਰ ਦੀ ਸ਼ਲਾਘਾਯੋਗ ਪਹਿਲ

ਹਾਲ ਹੀ ਵਿੱਚ ਆਪ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤੋਂ ਬਾਅਦ ਹੁਣ 'ਗੈਂਗਸਟਰ 'ਤੇ ਵਾਰ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਸੂਬੇ ਅੰਦਰ ਨਸ਼ਿਆਂ ਦੀ ਸਪਲਾਈ ਕਰਨ ਵਾਲੇ ਤਸਕਰਾਂ ਨੂੰ ਵੱਡੀ ਤਾਦਾਦ ਵਿੱਚ ਫੜਿਆ ਗਿਆ ਹੈ। ਕਰੋੜਾਂ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਗਈ ਹੈ। ਆਪ ਸਰਕਾਰ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਇੱਕ ਸਾਲ ਦੇ ਅੰਦਰ-ਅੰਦਰ ਸਰਕਾਰ ਨੇ ਵੱਡੀ ਤਾਦਾਦ ਵਿੱਚ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਹੈ। ਰਿਹਾਇਸ਼ੀ ਖੇਤਰ ਫਲੈਟਾਂ ਦੀ ਲਗਾਤਾਰ ਚੈਕਿੰਗ ਜਾਰੀ ਹੈ। ਕਈ ਪੁਲਸ ਮੁਲਾਜ਼ਮ ਜੋ ਕਿਸੇ ਵੀ ਤਰ੍ਹਾਂ ਦਾ ਨਸ਼ਾ ਵੇਚਣ ਵਿੱਚ ਭਾਗੀਦਾਰ ਸਨ, ਉਹਨਾਂ ਨੂੰ ਵੀ ਸਰਕਾਰ ਨੇ ਅੰਦਰ ਡੱਕਿਆ ਹੈ।

ਮਾਨ ਸਰਕਾਰ ਦੀ ਹੀ ਇਹ ਸ਼ਲਾਘਾ ਯੋਗ ਪਹਿਲ ਰਹੀ ਹੈ। ਡੀ ਜੀ ਪੀ ਵੱਲੋਂ ਗੈਂਗਸਟਰ ਵਿਰੋਧੀ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਗਿਆ ਹੈ। ਪੁਲਸ ਦੇ ਉੱਚ ਅਧਿਕਾਰੀਆਂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਨੂੰ ਵੀ ਕਾਰਵਾਈ ਲਈ ਪੰਜਾਬ ਲਿਆਂਦਾ ਜਾਵੇਗਾ, ਜਿਨ੍ਹਾਂ ਵਿੱਚੋਂ 50 ਤੋਂ ਵੱਧ ਅਜਿਹੇ ਗੈਂਗਸਟਰਾਂ ਦੀ ਪਛਾਣ ਹੋ ਚੁੱਕੀ ਹੈ, ਜਿਨਾਂ ਨੇ ਪੰਜਾਬ ਵਿੱਚ ਕਿਸੇ ਨਾ ਕਿਸੇ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਪਿਛਲੇ ਕਈ ਮਹੀਨਿਆਂ ਵਿੱਚ ਸੂਬੇ ਅੰਦਰ ਚੰਗਾ ਰਸੂਖ਼ ਕਹਾਉਣ ਵਾਲੇ ਲੋਕਾਂ ਤੋਂ ਗੈਂਗਸਟਰਾਂ ਵੱਲੋਂ ਫਿਰੌਤੀ ਮੰਗੀ ਗਈ ਜਾਂ ਕਈਆਂ ਨੂੰ ਤਾਂ ਮੌਤ ਦੇ ਘਾਟ ਵੀ ਉਤਾਰ ਦਿੱਤਾ ਗਿਆ। ਰਾਣਾ ਬਲਾਚੌਰੀਆ ਕਬੱਡੀ ਪ੍ਰਮੋਟਰ ਦਾ ਮੁਹਾਲੀ ਵਿਖੇ ਪਿਛਲੇ ਹੀ ਮਹੀਨੇ ਕਤਲ ਕਰ ਦਿੱਤਾ ਗਿਆ ਸੀ, ਹਾਲਾਂਕਿ ਕੁਝ ਘੰਟਿਆਂ ਬਾਅਦ ਹੀ ਉਹਨਾਂ ਦੋਸ਼ੀਆਂ ਦਾ ਐਨਕਾਊਂਟਰ ਕਰ ਦਿੱਤਾ ਗਿਆ। ਹਰ ਰੋਜ਼ ਕਿਸੇ ਨਾ ਕਿਸੇ ਥਾਂ ਪੁਲਸ ਪ੍ਰਸ਼ਾਸਨ ਵੱਲੋਂ ਐਨਕਾਊਂਟਰ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਸੂਬੇ ਵਿੱਚ ਸ਼ਾਂਤੀ ਬਣਾਈ ਰੱਖੀ ਜਾ ਸਕੇ। ਕੁਝ ਕੁ ਦਿਨ ਪਹਿਲਾਂ ਹਸਪਤਾਲ ਚੋਂ ਫਰਾਰ ਹੋਇਆ ਜ਼ਖਮੀ ਗੈਂਗਸਟਰ ਦੂਜੀ ਵਾਰ ਮੁਕਾਬਲੇ ਵਿੱਚ ਮਾਰਿਆ ਗਿਆ। ਪੰਜਾਬ ਸਰਕਾਰ ਵੱਲੋਂ ਇਨਾਮੀ ਰਾਸ਼ੀ ਵੀ ਰੱਖੀ ਗਈ ਹੈ, ਜਿਸ ਤਹਿਤ ਅਧਿਕਾਰੀਆਂ ਲਈ ਇਕ ਲੱਖ ਰੁਪਏ ਤੋਂ ਲੈ ਕੇ ਦੋ ਲੱਖ ਦੇ ਇਨਾਮ ਨਿਰਧਾਰਿਤ ਕੀਤੇ ਗਏ ਹਨ। ਹਾਲਾਂਕਿ ਮਾਨ ਸਰਕਾਰ ਵੱਲੋਂ ਵੀ ਕਿਹਾ ਗਿਆ ਹੈ ਕਿ ਸੂਬੇ ਵਿੱਚ ਅਸ਼ਾਂਤੀ ਫੈਲਾਉਣ ਵਾਲੇ ਅਜਿਹੇ ਗੈਂਗਸਟਰਾਂ ਨੂੰ ਬਿਲਕੁਲ ਵੀ ਨਹੀਂ ਬਖਸ਼ਿਆ ਜਾਵੇਗਾ।

**-ਸੰਜੀਵ ਸਿੰਘ ਸੈਣੀ, ਮੁਹਾਲੀ**

### ਅਵਾਰਾ ਕੁੱਤਿਆਂ ਦੀ ਸਮੱਸਿਆ

ਪਹਿਲਾਂ ਹੀ ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਤੋਂ ਆਮ ਨਾਗਰਿਕਾਂ ਨੂੰ ਸੁਰੱਖਿਅਤ ਲਈ ਠੋਸ ਕਦਮ ਚੁੱਕਣ ਲਈ ਆਦੇਸ਼ ਦਿੱਤੇ ਹਨ, ਪਰ ਕੇਂਦਰ ਅਤੇ ਰਾਜ ਸਰਕਾਰਾਂ ਇਸ ਪਾਸੇ ਧਿਆਨ ਦੇਣ ਤੋਂ ਅਵੇਸਲੇ ਹੀ ਲੱਗਦੇ ਹਨ। ਖ਼ੂੰਖ਼ਾਰ ਕਿਸਮ ਦੇ ਕੁੱਤਿਆਂ ਵੱਲੋਂ ਬਜ਼ੁਰਗਾਂ ਅਤੇ ਬੱਚਿਆਂ ਨੂੰ ਨੋਚ-ਨੋਚ ਮਾਰਨ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ, ਸੋ ਸਰਕਾਰ ਆਵਾਰਾ ਕੁੱਤਿਆਂ ਦੀ ਸਾਂਭ-ਸੰਭਾਲ ਲਈ ਕਾਰਗਰ ਉਪਰਾਲੇ ਤੁਰੰਤ ਆਰੰਭ ਕਰੇ। ਤਾਜ਼ਾ ਆਦੇਸ਼ ਵਿੱਚ ਸੁਪਰੀਮ ਕੋਰਟ ਨੇ ਸੂਬਾ ਸਰਕਾਰਾਂ ਨੂੰ ਆਵਾਰਾ ਕੁੱਤਿਆਂ ਦੇ ਵੱਢਣ 'ਤੇ ਭਾਰੀ ਮੁਆਵਜ਼ਾ ਦੇਣ ਲਈ ਤਿਆਰ ਰਹਿਣ ਦੇ ਆਦੇਸ਼ ਦਿੱਤੇ ਹਨ ਅਤੇ ਕੁੱਤਾ ਪ੍ਰੇਮੀਆਂ ਲਈ ਸਖ਼ਤ ਟਿੱਪਣੀ ਕੀਤੀ ਗਈ ਹੈ ਕਿ ਆਵਾਰਾ ਕੁੱਤਿਆਂ ਨੂੰ ਪਿਆਰ ਕਰਨ ਵਾਲੇ ਉਨ੍ਹਾਂ ਨੂੰ ਆਪਣੇ ਘਰ ਲੈ ਜਾਣ। ਸੋ ਸਾਨੂੰ ਸਾਰਿਆਂ ਨੂੰ ਇਸ ਸਮੱਸਿਆ ਦੇ ਹੱਲ ਲਈ ਸਹਿਯੋਗ ਦੇਣਾ ਬਣਦਾ ਹੈ।

**— ਮੇਜਰ ਸਿੰਘ ਨਾਭਾ**

# ਸੰਘਰਸ਼ੀ ਅਖਾੜੇ ਦਾ ਯੋਧਾ ਮਨਜੀਤ ਸਿੰਘ ਪੰਜੂ

**ਲਛਮਣ ਸਿੰਘ ਮਲੂਕਾ**

ਕਾਮਰੇਡ ਮਨਜੀਤ ਸਿੰਘ ਪੰਜੂ ਬੀਤੀ 12 ਜਨਵਰੀ ਨੂੰ ਲੋਕ-ਹਿੱਤਾਂ ਦੀ ਪਹਿਰੇਦਾਰੀ ਕਰਦਾ ਕਾਫ਼ਲੇ ਵਿੱਚੋਂ ਰੁਖ਼ਸਤ ਹੋ ਗਿਆ। ਜਿਹੜਾ ਇਕੱਲੇ ਬਠਿੰਡੇ ਦੇ ਮਜ਼ਦੂਰਾਂ-ਮੁਲਾਜ਼ਮਾਂ ਦਾ ਹੀ ਆਗੂ ਨਹੀਂ ਸੀ, ਸਗੋਂ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਲਈ ਹਿੱਕ ਡਾਹ ਕੇ ਲੜਨ ਵਾਲ਼ਾ ਯੋਧਾ ਸੀ। ਉਹਦੇ ਜਾਣ ਨਾਲ ਕਰਮਚਾਰੀ ਲਹਿਰ ਵਿੱਚ ਖਾਸ ਕਰਕੇ ਪੰਜਾਬ ਦੀ ਮੁਲਾਜ਼ਮ ਲਹਿਰ ਵਿੱਚ ਵੀ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਹੈ। ਮਨਜੀਤ ਸਿੰਘ ਪੰਜੂ ਵਰਗਾ ਬੇਬਾਕ ਤੇ ਨਿਧੜਕ ਆਗੂ ਤਿਆਰ ਕਰਨ ਲਈ ਵਰ੍ਹਿਆਂ - ਬੱਧੀ ਸਮਾਂ ਲੱਗੇਗਾ।

ਬਠਿੰਡੇ ਦੀ ਮਜ਼ਦੂਰ -ਮੁਲਾਜਮ ਲਹਿਰ ਦੇ ਤਿੰਨ ਵੱਡੇ ਆਗੂ ਸਨ, ਜਿਨ੍ਹਾਂ ਸਾਰੀ ਜ਼ਿੰਦਗੀ ਚੌਥੇ ਦਰਜੇ ਦੇ ਕਾਮਿਆਂ ਤੇ ਮੁਲਾਜ਼ਮਾਂ ਲਈ ਨਿਛਾਵਰ ਕਰ ਦਿੱਤੀ। ਇਹ ਤਿੰਨੇ ਆਗੂ ਆਪਣੀ ਜ਼ਿੰਦਗੀ ਵਿੱਚ ਕਦੇ ਵਿਕੇ ਨਹੀਂ, ਝੁਕੇ ਨਹੀਂ ਤੇ ਬੇਈਮਾਨ ਨਹੀਂ ਹੋਏ। ਇਹ ਜਾਗਦੀ ਜ਼ਮੀਰ ਵਾਲੇ ਤਿੰਨ ਆਗੂ ਸਨ :- ਦਲੇਰ ਸਿੰਘ, ਗੁਰਬੰਸ ਸਿੰਘ ਤੇ ਮਨਜੀਤ ਸਿੰਘ ਪੰਜੂ। ਇਹ ਤਿੰਨੇ ਸਾਥੀ ਮੁਲਾਜ਼ਮਤ ਦੀ ਪੌੜੀ ਦੇ ਬੇਸ਼ੱਕ ਸਭ ਤੋਂ ਹੇਠਲੇ ਦਰਜੇ ਦੇ ਮੁਲਾਜ਼ਮ ਸਨ, ਪ੍ਰੰਤੂ ਲੋਕ-ਘੋਲਾਂ ਤੇ ਸੰਘਰਸ਼ਾਂ ਦੇ ਪਿੜ ਵਿੱਚ ਇਹਨਾਂ ਦਾ ਕੋਈ ਸਾਨੀ ਨਹੀਂ ਹੈ।

ਮਨਜੀਤ ਸਿੰਘ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਵੱਡੇ ਆਗੂ ਸਨ। ਜਥੇਬੰਦੀ ਦੇ ਪਲੇਟਫਾਰਮ ਤੋਂ ਲੰਮੇ ਸੰਘਰਸ਼ਾਂ ਦੀ ਸੁਯੋਗ ਅਗਵਾਈ ਕਰਕੇ ਗਰੀਬ ਘਰਾਂ ਦੇ ਨੌਜੁਆਨਾਂ ਨੂੰ ਨੌਕਰੀਆਂ ਦੁਆ ਕੇ ਉਹਨਾਂ ਦੇ ਘਰਾਂ ਦੇ ਚੁੱਲ੍ਹੇ ਤਪਦੇ ਕੀਤੇ। ਸਾਰੀ ਉਮਰ ਮਜ਼ਦੂਰਾਂ, ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਵੱਡੇ ਸੰਘਰਸ਼ ਲੜੇ। ਵੱਖ - ਵੱਖ ਸਰਕਾਰੀ ਵਿਭਾਗਾਂ ਵਿੱਚ ਵਿਹਲੇ ਹੱਥਾਂ ਨੂੰ ਰੁਜ਼ਗਾਰ ਵਾਲੇ ਪਾਸੇ ਲਾਉਣਾ। ਤਰਸ ਦੇ ਆਧਾਰ 'ਤੇ ਮਿਲਦੀਆਂ ਨੌਕਰੀਆਂ ਦੀ ਪ੍ਰਾਪਤੀ ਲਈ ਜਥੇਬੰਦੀ ਰਾਹੀਂ ਸੰਘਰਸ਼ ਕਰਕੇ ਨੌਕਰੀਆਂ ਦੁਆਉਣਾ, ਡੇਲੀਵੇਜ ਕਾਮਿਆਂ ਨੂੰ ਕੱਚੇ ਕਾਮੇ ਤੇ ਫਿਰ ਪੱਕੇ ਕਰਵਾਉਣਾ। ਇਹ ਸਾਰਾ ਕੁਝ ਮਨਜੀਤ ਸਿੰਘ ਪੰਜੂ ਆਪਣੀਂ ਡਿਊਟੀ ਸਮਝ ਕੇ ਕਰਦਾ ਸੀ। ਫਿਰ ਸਾਰੇ ਕਾਮਿਆਂ ਨੂੰ ਜਥੇਬੰਦੀ ਨਾਲ ਜੋੜ ਕੇ ਸੰਘਰਸ਼ਾਂ ਲਈ ਤਿਆਰ ਕਰਨਾ, ਇਹ ਸਾਰਾ ਕੰਮ ਮਨਜੀਤ ਸਿੰਘ ਬੜੇ ਸਿਦਕ, ਸ਼ਿਰਕਤ ਤੇ ਜ਼ਿੰਮੇਵਾਰੀ ਨਾਲ ਕਰਦਾ ਸੀ। ਮਨਜੀਤ ਸਿੰਘ ਪ ਸ ਸ ਫ (1680 22ਬੀ) ਚੰਡੀਗੜ੍ਹ ਦਾ ਚੇਅਰਮੈਨ ਸੀ। ਜਥੇਬੰਦੀ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਦਾ ਸੀ। ਜ਼ਿਲ੍ਹਾ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਉਹਨਾ ਦੀ ਕੋਈ ਗੱਲ ਮੋੜਦਾ ਨਹੀਂ ਸੀ। ਜੇਕਰ ਕਦੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਟਕਰਾਅ ਪੈਦਾ ਹੁੰਦਾ ਤਾਂ ਮਨਜੀਤ ਸਿੰਘ ਮੁਲਾਜ਼ਮਾਂ ਨਾਲ ਖੜ ਕੇ ਪ੍ਰਸ਼ਾਸਨ ਲਈ ਇੱਕ ਚੈਲਿੰਜ ਵੀ ਬਣਦਾ ਸੀ।

ਮਨਜੀਤ ਸਿੰਘ ਨੇ ਸਾਰੀ ਉਮਰ ਵਿੱਚ ਆਪਣੀ ਡਿਊਟੀ ਪ੍ਰਤੀ ਕਦੇ ਕੁਤਾਹੀ ਨਹੀਂ ਕੀਤੀ। ਉਹ ਰਿਸ਼ਵਤ ਵਾਲ਼ੇ ਮਾਹੌਲ ਵਿੱਚ ਵੀ ਰਿਹਾ, ਪਰ ਕਦੇ ਵੀ ਰਿਸ਼ਵਤ ਦੇ ਪੈਸਿਆਂ ਨਾਲ ਆਪਣੇ ਹੱਥ ਨਹੀਂ ਲਿਬੇੜੇ। ਬੜੀ ਈਮਾਨਦਾਰੀ ਨਾਲ ਜੱਥੇਬੰਦੀ ਦੇ ਸਿਪਾਹ-ਸਿਲਾਰ ਬਣ ਕੇ ਅਗਵਾਈ ਕੀਤੀ ਹੈ। ਇਸੇ ਕਰਕੇ ਕਦੇ ਵੀ ਆਪਣੇ ਦਾਮਨ ਤੇ ਦਾਗ਼ ਨਹੀਂ ਲੱਗਣ ਦਿੱਤਾ। ਤੇ ਪੂਰੇ ਫ਼ਖ਼ਰ ਨਾਲ਼ ਜੱਥੇਬੰਦੀ ਦਾ ਝੰਡਾ ਹਮੇਸ਼ਾ ਉੱਚਾ ਰੱਖਿਆ ਹੈ। ਸਾਂਝੇ ਮੋਰਚੇ ਵਿੱਚ ਸ਼ਮੂਲੀਅਤ ਦੀ ਗੱਲ ਹੋਵੇ, ਸਰਕਾਰਾਂ ਨਾਲ ਲੰਮੀ ਲੜਾਈ ਲਈ ਵੱਡੇ ਸੰਘਰਸ਼ਾਂ ਦੀ ਤਿਆਰੀ ਦੀ ਗੱਲ਼ ਹੋਵੇ ਜਾਂ ਪ੍ਰਸ਼ਾਸਨ ਨਾਲ਼ ਮੰਗਾਂ ਸੰਬੰਧੀ ਕੋਈ ਮਸਲਾ ਹੋਵੇ, ਮਨਜੀਤ ਸਿੰਘ ਨੇ ਹਮੇਸ਼ਾ ਪੂਰੀ ਸਿਆਣਪ ਤੇ ਜ਼ਿੰਮੇਵਾਰੀ ਨਾਲ ਕੰਮ ਕੀਤਾ। ਪਿਛਲੇ ਸਮੇਂ ਵਿੱਚ ਬਠਿੰਡੇ ਮੁਲਾਜ਼ਮਾਂ ਦੇ ਪੰਜਾਬ ਪੱਧਰ ਦੇ ਸਾਂਝੇ ਮੋਰਚੇ ਦੇ ਸੰਘਰਸ਼ ਲੜੇ ਗਏ। ਸਾਰੇ ਸ਼ਹਿਰ ਵਿੱਚ ਵਹੀਕਲ ਮਾਰਚ ਕੀਤੇ ਗਏ। ਮਨਜੀਤ ਸਿੰਘ ਨੇ ਹਮੇਸ਼ਾ ਹੀ ਮੂਹਰਲੀਆਂ ਸਫ਼ਾਂ ਵਿੱਚ ਰਹਿ ਕੇ ਸੁਯੋਗ ਅਗਵਾਈ ਕੀਤੀ।



ਮਨਜੀਤ ਇੱਕ ਅਣਥੱਕ ਕਾਮਾ ਸੀ, ਦਿਨ-ਰਾਤ ਲੋਕ ਹਿੱਤਾਂ ਲਈ ਹਾਜ਼ਰ ਰਹਿੰਦਾ ਸੀ। ਜਦੋਂ ਕਦੇ ਕਮਿਊਨਿਸਟ ਪਾਰਟੀ ਨੇ ਵਿਧਾਨ ਸਭਾ ਜਾਂ ਪਾਰਲੀਮੈਂਟ ਦੀ ਚੋਣ ਲੜਨੀ ਹੁੰਦੀਂ ਤਾਂ ਉਦੋਂ ਵੀ ਮਨਜੀਤ ਸਿੰਘ ਆਪਣੀਆਂ ਫੌਜਾਂ ਸਮੇਤ ਪਾਰਟੀ ਦੀ ਮਦਦ ਲਈ ਮੋਰਚਾ ਸੰਭਾਲ਼ ਲੈਂਦਾ ਸੀ। ਹਰ ਸਾਲ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਤੇ ਪ ਸ ਸ ਫ ਵੱਲੋਂ ਮਨਜੀਤ ਸਿੰਘ ਦੀ ਅਗਵਾਈ ਵਿੱਚ ਮਈ ਦਿਹਾੜਾ ਇਨਕਲਾਬੀ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰ, ਮੁਲਾਜ਼ਮ ਇਕੱਠੇ ਹੁੰਦੇ ਸਨ। ਮਨਜੀਤ ਸਿੰਘ ਬੇਬਾਕੀ ਨਾਲ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਅਗਲੇਰੇ ਸੰਘਰਸ਼ਾਂ ਦੀ ਤਿਆਰੀ ਲਈ ਆਪਣੀ ਗੱਲ ਰੱਖਦਾ ਸੀ। ਮਨਜੀਤ ਸਿੰਘ ਬੈਂਕ ਮੁਲਾਜ਼ਮਾਂ, ਡਾਕ ਵਿਭਾਗ ਦੇ ਕਾਮਿਆਂ, ਪੀ ਆਰ ਟੀ ਸੀ ਆਦਿ ਮੁਲਾਜ਼ਮਾਂ ਦੇ ਧਰਨਿਆਂ ਵਿੱਚ ਵੱਡੇ ਕਾਫ਼ਲੇ ਨਾਲ਼ ਸ਼ਾਮਲ ਹੁੰਦਾ ਸੀ। ਕੱਚੇ ਕਾਮਿਆਂ ਤੇ ਆਊਟ ਸੋਰਸਿੰਗ ਰਾਹੀਂ ਭਰਤੀ ਕਾਮਿਆਂ ਦੀਆਂ ਜਥੇਬੰਦੀਆਂ ਬਣਾਉਣੀਆਂ ਤੇ ਉਹਨਾਂ ਨੂੰ ਅਗਲੇਰੇ ਸੰਘਰਸ਼ਾਂ ਲਈ ਤਿਆਰ ਕਰਨਾ ਮਨਜੀਤ ਸਿੰਘ ਦੀ ਜ਼ਿੰਮੇਵਾਰੀ ਹੁੰਦੀ ਸੀ।

ਸਾਥੀ ਸੱਜਣ ਸਿੰਘ (ਸਾਡੇ ਕੋਲੋਂ ਵਿਦਾ ਹੋ ਗਏ), ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਚਰਨ ਸਿੰਘ ਸਰਾਭਾ, ਬਲਕਾਰ ਵਲਟੋਹਾ, ਸੁਰਿੰਦਰ ਕੁਮਾਰ ਤੇ ਪ੍ਰੇਮ ਚਾਵਲਾ ਆਦਿ ਪੰਜਾਬ ਦੇ ਦਰਜਾ ਚਾਰ ਤੇ ਸਮੂਹ ਮੁਲਾਜ਼ਮਾਂ ਦੇ ਸਿਰਕੱਢ, ਧੜੱਲੇਦਾਰ ਤੇ ਪ੍ਰਮੁੱਖ ਆਗੂ ਹਨ। ਮਨਜੀਤ ਸਿੰਘ, ਦਲੇਰ ਸਿੰਘ ਤੇ ਗੁਰਬੰਸ ਸਿੰਘ ਬਠਿੰਡਾ ਦੀ ਮੁਲਾਜ਼ਮ ਲਹਿਰ ਦੇ ਵੱਡੇ ਥੰਮ੍ਹ ਸਨ। ਇਹ ਸੰਘਰਸ਼ਸ਼ੀਲ ਸਾਥੀ ਜਥੇਬੰਦੀ ਦੇ ਸਿਪਾਹ-ਸਿਲਾਰ ਬਣ ਕੇ ਲਗਾਤਾਰ ਸਰਕਾਰਾਂ ਨਾਲ਼ ਖਹਿੰਦੇ ਵੀ ਰਹੇ। ਅਨੇਕਾਂ ਪ੍ਰਾਪਤੀਆਂ ਵੀ ਕੀਤੀਆਂ ਤੇ ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਜਿਉਣ ਜੋਗੇ ਵੀ ਬਣਾਇਆ ਤੇ ਜਥੇਬੰਦੀ ਨਾਲ਼ ਜੋੜ ਕੇ ਇੱਜ਼ਤ ਨਾਲ਼ ਜਿਉਣ ਦਾ ਵੱਲ ਵੀ ਸਿਖਾਇਆ।

ਮਨਜੀਤ ਸਿੰਘ ਆਪਣੇ ਸਾਥੀਆਂ ਨੂੰ ਜੱਥੇਬੰਦੀ ਦੀ ਵਾਗਡੋਰ ਸੰਭਾਲ ਕੇ ਤੇ ਹੱਕਾਂ ਲਈ ਲੜਨ ਵਾਸਤੇ ਤਿਆਰ ਕਰਕੇ ਆਪ ਲੰਮੇ ਸਫ਼ਰਾਂ ਦੇ ਪਾਂਧੀ ਬਣ ਗਏ। ਮਨਜੀਤ ਸਿੰਘ ਬੜਾ ਜੁਝਾਰੂ ਤੇ ਸੰਘਰਸ਼ਸ਼ੀਲ ਅਖਾੜੇ ਦਾ ਯੋਧਾ ਸੀ, ਜਿਹੜਾ ਲੋਕ ਹਿੱਤਾਂ ਲਈ ਸਥਾਪਤੀ ਦੇ ਨਾਲ ਲੜਦਾ ਹੋਇਆ ਸੰਘਰਸ਼ੀ ਜ਼ਿੰਦਗੀ ਦਾ ਸ਼ਾਨਦਾਰ ਸਫ਼ਰ ਤਹਿ ਕਰਕੇ ਸਾਡੇ ਸਾਰਿਆਂ ਕੋਲੋਂ ਰੁਖ਼ਸਤ ਹੋ ਗਿਆ। 22 ਜਨਵਰੀ (ਵੀਰਵਾਰ) ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ (ਮੁਲਤਾਨੀਆਂ ਰੋਡ) ਬਠਿੰਡਾ ਵਿਖੇ ਆਪਾਂ ਸਾਰੇ ਇਕੱਠੇ ਹੋ ਕੇ ਮਨਜੀਤ ਸਿੰਘ ਪੰਜੂ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕਰੀਏ।

**# ਸੰਪਰਕ : 9779287150**

CMYK

22 Jan Page 5.qxd 1/21/2026 9:13 PM Page 1



## 'ਅਪ੍ਰੇਸ਼ਨ ਪ੍ਰਹਾਰ' 'ਚ ਸੰਗਠਿਤ ਅਪਰਾਧ ਦਾ ਲੱਕ ਤੋੜਿਆ, 151 ਕਾਬੂ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)** ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਅਪਰਾਧ ਮੁਕਤ ਕਰਨ ਦੀ ਵਿੱਢੀ ਮੁਹਿੰਮ ਤਹਿਤ ਫਰੀਦਕੋਟ ਪੁਲਿਸ ਨੇ 'ਆਪਰੇਸ਼ਨ ਪ੍ਰਹਾਰ' ਤਹਿਤ ਅਪਰਾਧਿਕ ਅਨਸਰਾਂ 'ਤੇ ਵੱਡਾ ਹਮਲਾ ਬੋਲਿਆ ਹੈ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚਲਾਈ ਗਈ ਇਸ ਵਿਸ਼ੇਸ਼ ਮੁਹਿੰਮ ਤਹਿਤ ਮਹਿਜ਼ 36 ਘੰਟਿਆਂ ਅੰਦਰ ਪੁਲਿਸ ਨੇ ਸੰਗਠਿਤ ਅਪਰਾਧ ਨਾਲ ਜੁੜੇ 151 ਵਿਅਕਤੀਆਂ ਨੂੰ ਰਾਊਂਡਅਪ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਡੀ.ਆਈ.ਜੀ. ਰੇਂਜ ਸ੍ਰੀਮਤੀ ਨਿਲੰਬਰੀ ਜਗਦਲੇ ਦੀ ਅਗਵਾਈ ਤੇ ਐੱਸ.ਐੱਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ ਦੀ ਦੇਖ-ਰੇਖ ਹੇਠ 09 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਵਿੱਚ 479 ਪੁਲਿਸ ਮੁਲਾਜ਼ਮਾਂ ਦੀਆਂ 64 ਟੀਮਾਂ ਬਣਾਈਆਂ ਗਈਆਂ ਸਨ।ਇਨ੍ਹਾਂ ਟੀਮਾਂ ਨੇ ਪੂਰੀ ਯੋਜਨਾਬੰਦੀ ਨਾਲ ਗੈਂਗਸਟਰਾਂ, ਉਨ੍ਹਾਂ ਦੇ ਸਾਥੀਆਂ ਤੇ ਪਨਾਹ ਦੇਣ ਵਾਲਿਆਂ ਦੇ ਠਿਕਾਣਿਆਂ 'ਤੇ ਇੱਕੋ ਸਮੇਂ ਛਾਪੇਮਾਰੀ ਕੀਤੀ। ਪੁਲਸ ਨੇ ਅੰਮ੍ਰਿਤਪਾਲ ਸਿੰਘ ਉਰਫ ਗੱਗੂ (ਵਾਸੀ ਰੋੜੀਕਪੂਰਾ) ਤੇ ਹਰਪ੍ਰੀਤ ਸਿੰਘ ਉਰਫ ਪ੍ਰੀਤੂ (ਵਾਸੀ ਫਰੀਦਕੋਟ) ਵਰਗੇ ਖਤਰਨਾਕ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਹੈ।ਇਨ੍ਹਾਂ ਖਿਲਾਫ ਪਹਿਲਾਂ ਹੀ ਕਤਲ ਦੀ ਕੋਸ਼ਿਸ਼, ਅਸਲਾ ਐਕਟ ਅਤੇ ਜਬਰੀ ਉਗਰਾਹੀ ਵਰਗੇ ਦਰਜਨਾਂ ਮਾਮਲੇ ਦਰਜ ਹਨ।

## ਏਟਕ ਦੀ ਸੂਬਾ ਪੱਧਰੀ ਮੀਟਿੰਗ 'ਚ ਲਏ ਅਹਿਮ ਫੈਸਲੇ

**ਮੋਗਾ, (ਇਕਬਾਲ ਸਿੰਘ ਖਹਿਰਾ)** ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ ਪੰਜਾਬ (ਰਜਿ:) ਦੀ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਬੱਸ ਸਟੈਂਡ ਵਿਖੇ ਸੂਬਾ ਕਮੇਟੀ ਦੀ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਬਲਰਾਜ ਸਿੰਘ ਸੁਖਨਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਕੀਤੀ ਗਈ। ਮੀਟਿੰਗ 'ਚ ਵੱਖ-ਵੱਖ ਜ਼ਿਲਿਆਂ ਤੋਂ ਯੂਨੀਅਨ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ ਅਤੇ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਕਿਰਤ ਵਿਭਾਗ ਦੇ ਦਫਤਰਾਂ ਵਿੱਚ ਉਸਾਰੀ ਕਿਰਤੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਇਨ੍ਹਾਂ ਮੁਸ਼ਕਿਲਾਂ ਤੋਂ ਨਿਜਾਤ ਦਿਵਾਉਣ ਬਾਰੇ ਸੂਬਾ ਕਮੇਟੀ ਵਿੱਚ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਵਿੱਚ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਸੁਖਦੇਵ ਸ਼ਰਮਾ ਨੇ ਵਿਸਤਾਰ ਪੂਰਵਕ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵੈਲਫੇਅਰ ਬੋਰਡ ਵੱਲੋਂ ਉਸਾਰੀ ਕਿਰਤੀਆਂ ਨੂੰ ਦਿੱਤੀਆਂ ਜਾਂਦੀਆਂ ਸਕੀਮਾਂ ਲਾਭਾਂ ਬਾਰੇ ਬੋਲਦਿਆਂ ਕਿਹਾ ਕਿ ਭਾਵੇਂ ਕਿਰਤੀਆਂ ਲਈ ਇਸ ਬਣੇ ਕਾਨੂੰਨ ਤਹਿਤ ਅਨੇਕਾਂ ਹੱਕ ਮਿਲੇ ਹਨ ਪਰੰਤੂ ਕਿਰਤ ਵਿਭਾਗ ਦੇ ਦਫ਼ਤਰਾਂ ਵਿੱਚ ਕਿਰਤੀਆਂ ਦੀ ਹੋਰ ਹੀ ਖੱਜਲ ਖੁਆਰੀ ਕਾਰਨ ਉਹ ਇਨ੍ਹਾਂ ਹੱਕਾਂ ਤੋਂ ਵਾਂਝੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਿਰਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਵੱਲੋਂ ਯੂਨੀਅਨ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਬੋਰਡ ਨਾਲ ਮੀਟਿੰਗ ਕਰਾਉਣ ਤੋਂ ਬਿਨਾਂ ਆਪਣੀ ਮਨਮਰਜ਼ੀ ਦੇ ਨਿਯਮ ਬਣਾ ਕੇ ਫੈਸਲੇ ਲਏ ਜਾ ਰਹੇ ਹਨ, ਜਿਸ ਨੂੰ ਯੂਨੀਅਨ ਵੱਲੋਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਉਨ੍ਹਾਂ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਪ੍ਰਪੋਜ਼ਲ ਦਿੰਦਿਆਂ ਕਿਹਾ ਕਿ ਕਿਰਤੀਆਂ ਵਿਰੋਧੀ ਲਏ ਜਾ ਰਹੇ ਫੈਸਲਿਆਂ ਦਾ ਡਟ ਕੇ ਮੁਕਾਬਲਾ ਕਰਨ ਲਈ ਸੂਬਾ ਪਧਰੀ ਸੰਘਰਸ਼ ਛੇੜਨਾ ਪਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਏਟਕ ਦੇ ਸੂਬਾ ਸਕੱਤਰ ਸਾਥੀ ਮਨਿੰਦਰ ਸਿੰਘ ਭਾਟੀਆ (ਲੁਧਿਆਣਾ) ਤੇ ਕੰਸਟ੍ਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਏਟਕ ਪੰਜਾਬ ਦੇ ਸਹਾਇਕ ਸਕੱਤਰ ਸਾਥੀ ਪਰਮਜੀਤ ਢਾਬਾਂ (ਫ਼ਾਜ਼ਿਲਕਾ) ਨੇ ਕਿਹਾ ਕਿ ਉਸਾਰੀ ਕਿਰਤੀਆਂ ਦੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਅਸੀਂ ਪਿੰਡ-ਪਿੰਡ, ਸ਼ਹਿਰ-ਗਲੀ-ਮੁਹੱਲੇ ਵਿੱਚ ਜਾ ਕੇ ਜਥੇਬੰਦਕ ਢਾਂਚੇ ਨੂੰ ਹੋਰ ਮਜਬੂਤ ਕਰਨ ਲਈ ਉਪਰਾਲੇ ਕਰਾਂਗੇ। ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਭਰਪੂਰ ਸਿੰਘ ਬੁੱਲੋਪੁਰ (ਮਲੇਰਕੋਟਲਾ), ਮੀਤ ਪ੍ਰਧਾਨ ਪ੍ਰਸ਼ੋਤਮ ਸਿੰਘ (ਬਠਿਨਾਣਾ) ਤੇ ਖਜ਼ਾਨਚੀ ਪ੍ਰਦੀਪ ਚੀਮਾ (ਸੰਗਰੂਰ) ਨੇ ਕਿਹਾ ਕਿ ਪਿੰਡ ਤੋਂ ਲੈ ਕੇ ਸੂਬਾ ਪੱਧਰ ਤੱਕ ਕਿਰਤ ਵਿਭਾਗ ਵਿੱਚ ਭ੍ਰਿਸ਼ਟਾਚਾਰ ਵੱਡੇ ਪੱਧਰ 'ਤੇ ਫੈਲਿਆ ਹੋਇਆ ਹੈ, ਜਿਸ ਨੂੰ ਹੁਣ ਸਖਤੀ ਨਾਲ ਨੱਥ ਪਾਉਣੀ ਪਵੇਗੀ।ਸੂਬਾ ਪੱਧਰੀ ਸੱਦੀ ਮੀਟਿੰਗ ਵਿੱਚ ਯੂਨੀਅਨ ਨੇ ਸਖ਼ਤ ਫੈਸਲਾ ਲੈਂਦਿਆਂ ਐਲਾਨ ਕੀਤਾ ਕਿ ਉਹ ਸਾਰੀ ਕਿਰਤੀਆਂ ਦੇ ਹੱਕਾਂ ਦੀ ਪ੍ਰਾਪਤੀ ਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਖਿਲਾਫ 26 ਫਰਵਰੀ ਨੂੰ ਅਸਿਸਟੈਂਟ ਲੇਬਰ ਕਮਿਸ਼ਨਰ ਦਫਤਰਾਂ ਸਾਹਮਣੇ ਧਰਨੇ ਦਿੱਤੇ ਜਾਣਗੇ ਤੇ ਫਿਰ ਵੀ ਸੰਕਟ ਮਸਲੇ ਹੱਲ ਨਹੀਂ ਹੁੰਦੇ ਤਾਂ 27 ਮਾਰਚ ਨੂੰ ਪੰਜਾਬ ਦੇ ਕਿਰਤ ਵਿਭਾਗ ਦੇ ਦਫਤਰ ਦੇ ਸਾਹਮਣੇ ਸੂਬਾ ਪਧਰੀ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬ ਦੇ ਉਸਾਰੀ ਕਿਰਤੀ ਹਿੱਸਾ ਲੈਣਗੇ।ਯੂਨੀਅਨ ਦੇ ਜਨਰਲ ਸਕੱਤਰ ਸਾਥੀ ਸੁਖਦੇਵ ਸ਼ਰਮਾ ਨੇ ਕਿਹਾ ਕਿ ਜੇਕਰ ਫਿਰ ਵੀ ਲੇਬਰ ਡਿਪਾਰਟਮੈਂਟ ਹਰਕਤ ਵਿੱਚ ਨਹੀਂ ਆਉਂਦਾ ਤਾਂ ਸੰਘਰਸ਼ ਦੇ ਅਗਲੇ ਪੜਾਅ ਵਿੱਚ ਕਿਰਤ ਵਿਭਾਗ ਦੇ ਪੰਜਾਬ ਸਰਕਾਰ ਦੇ ਮੰਤਰੀ ਦੇ ਘਰ ਦਾ ਘਿਰਾਓ ਕੀਤਾ ਜਾਵੇਗਾ।

## ਪੈਨਸ਼ਨਰਜ਼ ਐਸੋਸੀਏਸ਼ਨ ਨੇ ਵਿਧਾਇਕ ਰਾਹੀਂ ਮੁੱਖ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ

**ਸਮਰਾਲਾ (ਸੁਰਜੀਤ ਸਿੰਘ)-** ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੇ ਪੈਨਸ਼ਨਰਾਂ ਦੇ ਵਫਦ ਨੇ ਸੂਬਾ ਕਮੇਟੀ ਦੇ ਸੱਦੇ 'ਤੇ ਬੁੱਧਵਾਰ ਨੂੰ ਮੰਡਲ ਪ੍ਰਧਾਨ ਸਿਕੰਦਰ ਸਿੰਘ ਦੀ ਅਗਵਾਈ ਹੇਠ



ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੂੰ ਮਿਲ ਕੇ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦਿੱਤਾ। ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਵਫ਼ਦ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਾਰੇ ਵਰਗਾਂ ਦੀ ਭਲਾਈ ਦਾ ਧਿਆਨ ਰੱਖ ਕੇ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਜਿੱਥੇ ਸਰਕਾਰ ਵੱਡੇ ਪੱਧਰ 'ਤੇ ਸਰਕਾਰੀ ਨੌਕਰੀਆਂ ਦੇ ਰਹੀ ਹੈ, ਉੱਥੇ ਸਰਕਾਰੀ ਕਰਮਚਾਰੀਆਂ ਦੀ ਬਿਹਤਰੀ ਲਈ ਵੀ ਸੰਜੀਦਗੀ ਨਾਲ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਪੈਨਸ਼ਨਰਾਂ ਦੀਆਂ ਮੰਗਾਂ ਸਮੇਤ ਸਾਰੇ ਮਾਮਲੇ ਹੱਲ ਕਰ ਲਏ ਜਾਣਗੇ। ਐਸੋ: ਦੇ ਮੰਡਲ ਸਕੱਤਰ ਭਰਪੂਰ ਸਿੰਘ ਨੇ ਦੱਸਿਆ ਕਿ ਵਫ਼ਦ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਸੋਧ ਬਿੱਲ 2025 ਰਾਹੀਂ ਬਿਜਲੀ ਅਦਾਰੇ ਦਾ ਨਿੱਜੀਕਰਨ ਨਾ ਕੀਤਾ ਜਾਵੇ। ਪੰਜਾਬ ਸਰਕਾਰ ਵੱਲੋਂ ਪਾਵਰਕਾਮ ਅਤੇ ਸਰਕਾਰੀ ਜਾਇਦਾਦਾਂ ਵੇਚਣ ਦਾ ਫੈਸਲਾ ਵਾਪਸ ਲਿਆ ਜਾਵੇ, ਕੇਂਦਰ ਸਰਕਾਰ ਅਤੇ ਪੰਜਾਬ ਵੱਲੋਂ ਲੇਬਰ ਕਾਨੂੰਨਾਂ ਦੀ ਥਾਂ ਲਾਗੂ ਕੀਤੇ ਲੇਬਰ ਕੋਡ ਵਾਪਸ ਲਏ ਜਾਣ। ਬੀਜ ਬਿੱਲ 2025 ਵਾਪਸ ਲਿਆ ਜਾਵੇ, ਮਗਨਰੇਗਾ ਦੀ ਥਾਂ ਨਵਾਂ ਕਾਨੂੰਨ ਲਾਗੂ ਨਾ ਕੀਤਾ ਜਾਵੇ। ਇਨ੍ਹਾਂ ਮੰਗਾਂ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਮੰਨੀਆਂ ਜਾਣ। ਵਫਦ ਵਿੱਚ ਇੰਜ: ਪ੍ਰੇਮ ਸਿੰਘ ਸੀਨੀ: ਮੀਤ ਪ੍ਰਧਾਨ, ਇੰਜੀ: ਜੁਗਲ ਕਿਸ਼ੋਰ ਸਾਹਨੀ ਸਹਾਇਕ ਸਕੱਤਰ, ਜਗਤਾਰ ਸਿੰਘ ਪ੍ਰੈਸ ਸਕੱਤਰ, ਦਰਸ਼ਨ ਸਿੰਘ ਗੜ੍ਹੀ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ ਆਦਿ ਤੋਂ ਇਲਾਵਾ 35 ਦੇ ਕਰੀਬ ਸਾਥੀਆਂ ਨੇ ਸ਼ਮੂਲੀਅਤ ਕੀਤੀ।

## ਏਟਕ ਦੀ ਸੂਬਾ ਕਮੇਟੀ ਦੀ ਮੀਟਿੰਗ ਜਲੰਧਰ ਵਿਖੇ ਭਲਕੇ

**ਮੋਗਾ, (ਇਕਬਾਲ ਸਿੰਘ ਖਹਿਰਾ)** ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੀ ਸੂਬਾ ਕਾਰਜਕਾਰਨੀ ਕਮੇਟੀ ਦੀ ਮੀਟਿੰਗ 23 ਜਨਵਰੀ ਨੂੰ ਸਵੇਰੇ ਠੀਕ 11 ਵਜੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ, ਨੇੜੇ ਬੱਸ ਸਟੈਂਡ ਜਲੰਧਰ ਵਿਖੇ ਰੱਖੀ ਗਈ ਹੈ।ਇਹ ਜਾਣਕਾਰੀ ਦਿੰਦੇ ਜਥੇਬੰਦੀ ਦੇ ਸੂਬਾ ਚੇਅਰਮੈਨ ਗੁਰਦੀਪ ਸਿੰਘ ਮੋਤੀ, ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ ਅਤੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਨੇ ਦੱਸਿਆ ਹੈ ਕਿ ਮੀਟਿੰਗ ਵਿੱਚ ਪਿਛਲੇ ਸਮੇਂ ਦੌਰਾਨ ਹੋਏ ਐਕਸ਼ਨਾਂ ਦੀ ਰਿਪੋਰਟਿੰਗ, 20 ਦਸੰਬਰ 2025 ਨੂੰ ਮੋਗਾ ਵਿਖੇ ਹੋਈ ਸੂਬਾ ਪੱਧਰੀ ਕਨਵੈਨਸ਼ਨ ਅਤੇ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਅਤੇ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਡਿਪਟੀ ਕਮਿਸ਼ਨਰ ਦੇ ਦਫਤਰਾਂ ਸਾਹਮਣੇ ਕੀਤੇ ਗਏ ਜ਼ਿਲ੍ਹਾ ਪੱਧਰੀ ਐਕਸ਼ਨਾਂ ਵਿੱਚ ਪੈਨਸ਼ਨਰਾਂ ਦੀ ਸ਼ਮੂਲੀਅਤ ਦਾ ਰਿਵਿਊ ਕੀਤਾ ਜਾਵੇਗਾ।ਇਸ ਤੋਂ ਇਲਾਵਾ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਸੰਯੁਕਤ ਕਿਸਾਨ ਮੋਰਚਾ ਤੇ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 12 ਫਰਵਰੀ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਸਬੰਧੀ ਵਿਚਾਰ ਵਟਾਂਦਰਾ ਕਰਕੇ ਇਸ ਹੜਤਾਲ ਨੂੰ ਸਫਲ ਬਣਾਉਣ ਸਬੰਧੀ ਫੈਸਲਾ ਲਿਆ ਜਾਵੇਗਾ। ਆਗੂਆਂ ਨੇ ਅੱਗੇ ਦੱਸਿਆ ਕਿ 20 ਦਸੰਬਰ 2025 ਨੂੰ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ, ਮੋਗਾ ਵਿਖੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਤੇ ਏਟਕ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਸੂਬਾਈ ਕਨਵੈਂਸ਼ਨ ਵਿੱਚ ਦਿੱਤੇ ਗਏ ਐਕਸ਼ਨ ਪ੍ਰੋਗਰਾਮ ਲਾਗੂ ਕਰਨ ਸਬੰਧੀ ਫੈਸਲੇ ਕੀਤੇ ਜਾਣਗੇ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ 16 ਫੀਸਦੀ ਦੀ ਦਰ ਨਾਲ ਡੀ ਏ ਦੀਆਂ ਬਕਾਇਆ ਪਈਆਂ ਪੰਜ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ, ਤਨਖਾਹ ਕਮਿਸ਼ਨ ਦਾ ਬਣਦਾ ਬਕਾਇਆ ਤੁਰੰਤ ਦਿੱਤਾ ਜਾਵੇ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਤੁਰੰਤ ਬਹਾਲ ਕੀਤੀ ਜਾਵੇ, ਪੰਜਾਬ ਦੇ ਸੱਤਵੇਂ ਤਨਖਾਹ ਕਮਿਸ਼ਨ ਦੀ ਤੁਰੰਤ ਸਥਾਪਨਾ ਕੀਤੀ ਜਾਵੇ, ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ, ਪੰਜਾਬ ਰੋਡਵੇਜ਼ ਦੇ ਇੰਸਪੈਕਟਰਾਂ ਦੇ ਤਨਖਾਹ ਸਕੇਲਾਂ ਸਬੰਧੀ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਤੁਰੰਤ ਜਨਰਲਾਈਜ਼ ਕੀਤਾ ਜਾਵੇ, ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਲਮਕ ਅਵਸਥਾ ਵਿੱਚ ਪਏ ਮੈਡੀਕਲ ਪ੍ਰਤੀ ਪੂਰਤੀ ਬਿੱਲਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਵੱਖ ਵੱਖ ਅਦਾਲਤੀ ਫੈਸਲੇ ਤੁਰੰਤ ਲਾਗੂ ਕੀਤੇ ਜਾਣ, ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ ਤੁਰੰਤ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੀ ਲੀਡਰਸ਼ਿਪ ਨਾਲ ਮੀਟਿੰਗ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਲਮਕ ਅਵਸਥਾ ਵਿੱਚ ਪਏ ਸਾਰੇ ਮਸਲੇ ਤੁਰੰਤ ਹੱਲ ਕੀਤੇ ਜਾਣ।



## ਪੰਜਾਬ ਦੇ ਸਾਰੇ ਨਾਗਰਿਕਾਂ ਨੂੰ ਮਿਲੇਗੀ 10 ਲੱਖ ਰੁਪਏ ਦੀ ਸਿਹਤ ਬੀਮੇ ਦੀ ਸਹੂਲਤ : ਚੱਠਾ

**ਧੂਰੀ, (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)** ਆਮ ਆਦਮੀ ਪਾਰਟੀ ਦੇ ਸੂਬਾਈ ਸੀਨੀਅਰ ਆਗੂ ਤੇ ਆਲ ਇੰਡੀਆ ਐਫ.ਸੀ.ਆਈ ਐਗਜੀਕਿਊਟਿਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਵਿੱਚ ਵੱਡਾ ਫੈਸਲਾ ਲਿਆ ਗਿਆ ਹੈ, ਜਿਸ ਦੇ ਚੱਲਦਿਆਂ ਪੰਜਾਬ ਦੇ ਸਾਰੇ ਨਾਗਰਿਕਾਂ ਨੂੰ ਹਰ ਸਾਲ 10 ਲੱਖ ਰੁਪਏ ਦੀ ਸਿਹਤ ਬੀਮੇ ਦੀ ਸਹੂਲਤ ਮਿਲੇਗੀ। ਉਨ੍ਹਾ ਕਿਹਾ ਕਿ ਇਸ ਸਬੰਧੀ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਨਾਲ ਸਮਝੌਤਾ ਸਹੀਬੱਧ ਕੀਤਾ ਗਿਆ, ਜਿਸ ਤਹਿਤ ਪੰਜਾਬ ਦੇ ਹਰੇਕ ਪਰਵਾਰ ਨੂੰ 10 ਲੱਖ ਰੁਪਏ ਦਾ ਨਕਦੀ ਰਹਿਤ ਸਿਹਤ ਬੀਮਾ ਪ੍ਰਦਾਨ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪਹਿਲਾਂ ਪ੍ਰਦਾਨ ਕੀਤੇ ਜਾ ਰਹੇ 5 ਲੱਖ ਰੁਪਏ ਦੇ ਸਿਹਤ ਕਵਰੇਜ, ਜੋ ਕੁਝ ਖਾਸ ਸ਼੍ਰੇਣੀਆਂ ਤੱਕ ਹੀ ਸੀਮਿਤ ਨੂੰ, ਦੁੱਗਣਾ ਕਰ ਦਿੱਤਾ ਗਿਆ ਹੈ।ਇਸ ਲਈ ਨਵੀਂ ਯੋਜਨਾ ਦਾ ਉਦੇਸ਼ ਸਰਕਾਰੀ ਕ੍ਰਮਚਾਰੀਆਂ ਤੇ ਪੈਨਸ਼ਨਰਾਂ ਸਮੇਤ ਪੰਜਾਬ ਦੇ ਸਾਰੇ ਨਿਵਾਸੀਆਂ ਨੂੰ ਪ੍ਰਤੀ ਪਰਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪੂਰੀ ਤਰ੍ਹਾਂ ਬਰਾਬਰੀ ਦੇ ਸਿਧਾਂਤ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ, ਜਿਸ ਵਿੱਚ ਕੋਈ ਆਮਦਨ ਸੀਮਾ ਜਾਂ ਕਿਸੇ ਨੂੰ ਯੋਜਨਾ ਦੇ ਦਾਇਰੇ 'ਚੋਂ ਬਾਹਰ ਰੱਖਣ ਦੇ ਮਾਪਦੰਡ ਨਹੀਂ ਹਨ।ਸਿਰਫ਼ ਆਧਾਰ ਤੇ ਵੋਟਰ ਆਈਡੀ ਦੀ ਵਰਤੋਂ ਕਰਕੇ ਕਾਮਨ ਸਰਵਿਸ ਸੈਂਟਰਾਂ (ਸੀਐਸਸੀਜ਼) ਰਾਹੀਂ ਰਜਿਸਟ੍ਰੇਸ਼ਨ ਨੂੰ ਸਰਲ ਅਤੇ ਪਹੁੰਚਯੋਗ ਬਣਾਇਆ ਗਿਆ ਹੈ, ਜਿਸ ਤੋਂ ਬਾਅਦ ਲਾਭਪਾਤਰੀਆਂ ਨੂੰ ਸਮਰਪਤ ਐਮ.ਐਮ.ਐਸ.ਵਾਈ. ਸਿਹਤ ਕਾਰਡ ਪ੍ਰਾਪਤ ਹੋਣਗੇ।ਉਨ੍ਹਾਂ ਕਿਹਾ ਕਿ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਜਲਦੀ ਹੀ ਇੱਕ ਹੈਲਪਲਾਈਨ ਵੀ ਸ਼ੁਰੂ ਕੀਤੀ ਜਾਵੇਗੀ।



## ਬੀ.ਕੇ.ਯੂ ਲੱਖੋਵਾਲ ਨੇ ਕੋਰੇਵਾਲਾ ਖੁਰਦ ਵਿਖੇ ਇਕਾਈ ਦਾ ਕੀਤਾ ਗਠਨ

**ਮੋਗਾ, (ਇਕਬਾਲ ਸਿੰਘ ਖਹਿਰਾ)** ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਨੇ ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਦੀ ਅਗਵਾਈ ਹੇਠ ਪਿੰਡ ਕੋਰੇਵਾਲਾ ਖੁਰਦ ਵਿਖੇ ਯੂਨੀਅਨ ਦੀ ਇਕਾਈ ਦਾ ਗਠਨ ਕੀਤਾ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭਵਿੰਦਰ ਸਿੰਘ ਦੌਲਤਪੁਰਾ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਪਿੰਡ ਕੋਰੇਵਾਲਾ ਖੁਰਦ ਵਿਖੇ ਜੋ ਇਕਾਈ ਦਾ ਗਠਨ ਕੀਤਾ ਗਿਆ ਹੈ, ਉਸ ਵਿੱਚ ਜਸਪ੍ਰੀਤ ਸਿੰਘ ਇਕਾਈ ਪ੍ਰਧਾਨ, ਪ੍ਰਗਟ ਸਿੰਘ ਖ਼ਜ਼ਾਨਚੀ, ਸਨਦੀਪ ਸਿੰਘ ਜਨਰਲ ਸਕੱਤਰ, ਪ੍ਰਗਟ ਸਿੰਘ ਮੀਤ ਪ੍ਰਧਾਨ, ਬੂਟਾ ਸਿੰਘ ਮੈਂਬਰ, ਜਗਜੀਵਨ ਸਿੰਘ ਮੈਂਬਰ, ਤਰਸੇਮ ਸਿੰਘ ਮੈਂਬਰ,ਹਰਵਿੰਦਰ ਸਿੰਘ ਮੈਂਬਰ, ਗੁਰਜੋਤ ਸਿੰਘ ਮੈਂਬਰ, ਹਰਗੁਣ ਸਿੰਘ ਮੈਂਬਰ, ਗੁਰਵੀਰ ਸਿੰਘ ਮੈਂਬਰ, ਆਗੂਆਂ ਨੂੰ ਅਹੁਦੇ ਦੇ ਕੇ ਇਕਾਈ ਦਾ ਗਠਨ ਕੀਤਾ ਗਿਆ। ਚੁਣੇ ਗਏ ਪ੍ਰਧਾਨ ਜਸਪ੍ਰੀਤ ਸਿੰਘ ਨੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਸੀਨੀਅਰ ਲੀਡਰਸ਼ਿਪ ਨੂੰ ਵਿਸ਼ਵਾਸ ਦਵਾਇਆ ਕਿ ਅਸੀਂ ਯੂਨੀਅਨ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਾਂਗੇ ਅਤੇ ਦੁਨੀਆ ਦੇ ਹਰ ਪ੍ਰੋਗਰਾਮ ਵਿੱਚ ਸਾਰੀ ਇਕਾਈ ਵਧ-ਚੜ੍ਹ ਕੇ ਹਿੱਸਾ ਲਵੇਗੀ।



## ਸ਼ਾਰਟ ਸਰਕਟ ਹੋਣ ਕਾਰਨ ਦੁਕਾਨ 'ਚ ਲੱਗੀ ਅੱਗ ; ਲੱਖਾਂ ਦਾ ਨੁਕਸਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-** ਸ਼ਹਿਰ ਦੇ ਪੁਰਾਣੇ ਬੱਸ ਅੱਡੇ ਨਜਦੀਕ ਸਥਿਤ ਜੁੱਤੀਆਂ ਦੀ ਇੱਕ ਦੁਕਾਨ ਵਿੱਚ ਬੀਤੀ ਰਾਤ ਅਚਾਨਕ ਅੱਗ ਲੱਗ ਗਈ। ਦੇਰ ਰਾਤ ਲੱਗੀ ਅੱਗ ਦਾ ਧੂੰਆਂ ਨਿਕਲਣ ਤੇ ਇਸ ਦੇ ਨੇੜ੍ਹੇ ਰਹਿੰਦੇ ਘਰਾਂ ਦੇ ਲੋਕਾਂ ਨੇ ਅੱਗ ਲੱਗਣ ਦੀ ਘਟਨਾ ਦੀ ਸੂਚਨਾ ਦੁਕਾਨ ਮਾਲਕ ਅਤੇ ਪ੍ਰਸ਼ਾਸ਼ਨ ਨੂੰ ਦਿੱਤੀ।ਅਗਜਨੀ ਦੀ ਵਾਪਰੀ ਇਸ ਘਟਨਾ ਦਾ ਪਤਾ ਲੱਗਣ 'ਤੇ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਨੇ ਕਈ ਘੰਟਿਆਂ ਦੀ ਜਦੋ ਜਹਿਦ ਮਗਰੋਂ ਬੜ੍ਹੀ ਮੁਸ਼ਕਿਲ ਨਾਲ ਅੱਗ 'ਤੇ ਕਾਬੂ ਪਾਇਆ । ਅੱਗ ਨਾਲ ਦੁਕਾਨ ਵਿਚਲਾ ਬਹੁਤ ਸਮਾਨ ਸੜ ਕੇ ਸਵਾਹ ਹੋ ਗਿਆ ਅਤੇ ਨਾਲ ਲੱਗੇ ਘਰਾਂ ਦੀਆਂ ਕੰਧਾਂ ਵੀ ਨੁਕਸਾਨੀਆਂ ਗਈਆਂ। ਜਾਣਕਾਰੀ ਦਿੰਦਿਆਂ ਸ਼ੁਤਰਾਣਾ ਬੂਟ ਹਾਊਸ ਦੁਕਾਨ ਦੇ ਮਾਲਕ ਮਹਿੰਦਰ ਸਿੰਘ ਨੇ ਦੱਸਿਆ ਕਿ ਅੱਗ ਨਾਲ ਦੁਕਾਨ 'ਚ ਪਏ ਬਹੁਤ ਸਾਰੇ ਕੀਮਤੀ ਬੂਟ ਸੜ ਕੇ ਸਵਾਹ ਹੋ ਗਏ ਹਨ ਇਸ ਦੀ ਅੰਦਾਜ਼ਨ ਕੀਮਤੀ ਕਰੀਬ 60 ਲੱਖ ਬਣਦੀ ਹੈ। ਉਨ੍ਹਾਂ ਕਿਹਾ ਕਿ ਕਈ ਸਾਲਾਂ ਦੀ ਮਿਹਨਤ ਨਾਲ ਆਪਣਾ ਕਾਰੋਬਾਰ ਖੜ੍ਹਾ ਕੀਤਾ ਸੀ।



## ਰਾਸ਼ਟਰੀ ਯੁਵਾ ਹਫ਼ਤਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)** ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਰਾਸ਼ਟਰੀ ਯੁਵਾ ਹਫ਼ਤਾ ਬੜੇ ਹੀ ਉਤਸ਼ਾਹ, ਜੋਸ਼ ਤੇ ਦੇਸ਼ਭਗਤੀ ਭਾਵਨਾਵਾਂ ਨਾਲ ਮਨਾਇਆ ਗਿਆ। ਵਿਦਿਆਰਥੀਆਂ ਨੂੰ ਦੇਸ਼ ਦੇ ਮਹਾਨ ਯੁਵਾ ਪ੍ਰੇਰਕ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ, ਵਿਚਾਰਾਂ ਤੇ ਉਪਦੇਸ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਅਧਿਆਪਕਾਂ ਨੇ ਦੱਸਿਆ ਕਿ ਸਵਾਮੀ ਵਿਵੇਕਾਨੰਦ ਜੀ ਨੇ ਨੌਜਵਾਨਾਂ ਨੂੰ ਸੱਚਾਈ, ਅਨੁਸ਼ਾਸਨ, ਸੇਵਾ ਤੇ ਆਤਮ-ਵਿਸ਼ਵਾਸ ਦੇ ਰਾਹ 'ਤੇ ਤੁਰਨ ਦੀ ਪ੍ਰੇਰਨਾ ਦਿੱਤੀ। ਯੁਵਾ ਹਫ਼ਤੇ ਦੌਰਾਨ ਸਕੂਲ ਵਿੱਚ ਵੱਖ-ਵੱਖ ਸਿੱਖਿਆਤਮਕ ਤੇ ਸੰਸਕ੍ਰਿਤਿਕ ਗਤੀਵਿਧੀਆਂ ਜਿਵੇਂ ਭਾਸ਼ਣ ਮੁਕਾਬਲੇ, ਪੋਸਟਰ ਮੇਕਿੰਗ, ਕਵਿਤਾ ਪਾਠ, ਨਾਅਰਾ ਲੇਖਨ ਅਤੇ ਪ੍ਰੇਰਣਾਤਮਕ ਵਿਚਾਰ ਸਾਂਝੇ ਕਰਨ ਦੇ ਪ੍ਰੋਗਰਾਮ ਕਰਾਏ ਗਏ। ਵਿਦਿਆਰਥੀਆਂ ਨੇ ਬੜੀ ਰੁਚੀ ਨਾਲ ਭਾਗ ਲਿਆ ਅਤੇ ਆਪਣੇ ਵਿਚਾਰਾਂ ਰਾਹੀਂ ਦੇਸ਼ ਦੀ ਤਰੱਕੀ ਵਿੱਚ ਯੁਵਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਕਿਹਾ ਕਿ ਦੇਸ਼ ਦਾ ਭਵਿੱਖ ਨੌਜਵਾਨਾਂ ਦੇ ਹੱਥਾਂ ਵਿੱਚ ਹੈ ਅਤੇ ਅਜਿਹੇ ਕਾਰਜਕ੍ਰਮ ਵਿਦਿਆਰਥੀਆਂ ਵਿੱਚ ਨੇਤ੍ਰਿਤਵ, ਸਮਾਜਿਕ ਜ਼ਿੰਮੇਵਾਰੀ ਤੇ ਰਾਸ਼ਟਰ ਪ੍ਰਤੀ ਸੇਵਾ ਭਾਵਨਾ ਨੂੰ ਮਜ਼ਬੂਤ ਕਰਦੇ ਹਨ।ਰਾਸ਼ਟਰੀ ਯੁਵਾ ਹਫ਼ਤਾ ਮਨਾਉਣ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਸਕਾਰਾਤਮਕ ਸੋਚ, ਉੱਚੇ ਲਕਸ਼ ਤੇ ਮਜ਼ਬੂਤ ਚਰਿਤਰ ਵੱਲ ਪ੍ਰੇਰਿਤ ਕਰਨਾ ਹੈ।

## ਸੀ ਪੀ ਆਈ (ਐੱਮ) ਨੇ ਡੀ ਸੀ ਰਾਹੀਂ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

**ਮਾਲੇਰਕੋਟਲਾ (ਅਸਗਰ ਪਰਿਹਾਰ)-** ਕੇਂਦਰ ਦੀ ਮੋਦੀ ਸਰਕਾਰ ਜਿਸ ਦੀਆਂ ਨੀਤੀਆਂ ਕਾਰਪੋਰੇਟ ਜਗਤ ਨੂੰ ਪਾਲਣ ਵਾਲੀਆਂ ਹਨ, ਵੱਲੋਂ ਮਜ਼ਦੂਰਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ, ਜਿਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀ.ਪੀ.ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਮਾਲੇਰਕੋਟਲਾ ਵਿਖੇ ਡੀ.ਸੀ ਮਾਲੇਰਕੋਟਲਾ ਦੇ ਦਫਤਰ ਅੱਗੇ ਮਨਰੇਗਾ ਕਾਨੂੰਨ ਵੀ ਬੀ-ਜੀ ਰਾਮ ਜੀ ਖਿਲਾਫ ਵਿਸ਼ਾਲ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਕਾਮਰੇਡ ਸੇਖੋਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਗਨਰੇਗਾ ਨੂੰ ਖਤਮ ਕਰਕੇ ਜੋ ਵੀਬੀ-ਜੀ ਰਾਮ ਜੀ ਕਾਨੂੰਨ ਪਾਸ ਕੀਤਾ ਹੈ, ਇਸ ਨਾਲ ਮਜ਼ਦੂਰਾਂ ਦਾ ਰੁਜ਼ਗਾਰ ਖੁਸ ਜਾਵੇਗਾ ਤੇ ਪੇਂਡੂ ਰੁਜ਼ਗਾਰ ਨੂੰ ਭਾਰੀ ਸੱਟ ਵੱਜੇਗੀ।ਕਾਮਰੇਡ ਸੇਖੋਂ ਨੇ ਕਿਹਾ ਕਿ ਮੋਦੀ ਸਰਕਾਰ ਬਿਜਲੀ (ਸੋਧ) ਬਿੱਲ-2025 ਤੋਂ ਇਲਾਵਾ ਬੀਜ ਬਿੱਲ-2025 ਪਾਸ ਕਰ ਰਹੀ ਹੈ, ਇਸ ਨਾਲ ਵੀ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਹੋਵੇਗਾ ਤੇ ਕਿਸਾਨਾਂ ਨੂੰ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋਣਾ ਪਵੇਗਾ। ਬੀਜਾਂ 'ਤੇ ਇਕ ਕੰਪਨੀ ਦਾ ਕਬਜ਼ਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਜੋ ਕਾਨੂੰਨ ਮਜ਼ਦੂਰ ਪੱਖੀ ਬਣੇ ਸਨ, ਅੱਜ ਉਨ੍ਹਾਂ ਨੂੰ ਤੋੜ ਕੇ ਚਾਰ ਲੇਬਰ ਕੋਡ ਬਣਾ ਦਿੱਤੇ ਹਨ। ਇਸ ਨਾਲ ਮਜ਼ਦੂਰਾਂ ਦਾ ਸ਼ੋਸ਼ਣ ਕੀਤਾ ਜਾਵੇਗਾ ਤੇ ਮਜ਼ਦੂਰ ਬੰਧੂਆ ਮਜ਼ਦੂਰ ਬਣ ਕੇ ਆਪਣੇ ਮਾਲਕ ਕੋਲ ਨੌਕਰੀ ਕਰਨਗੇ। ਚਾਰ ਲੇਬਰ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਦਾ ਜਥੇਬੰਦ ਹੋਣ ਦਾ ਵੀ ਅਧਿਕਾਰ ਖੋਹ ਲਿਆ ਹੈ। ਰੋਜ਼ਗਾਰ ਤੋਂ ਵਾਂਝੇ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਮਗਨਰੇਗਾ ਰਾਹੀਂ 100 ਦਿਨ ਦਾ ਰੋਜ਼ਗਾਰ ਹਰ ਪਿੰਡ ਵਿੱਚ ਗਾਰੰਟੀ ਨਾਲ



ਮਿਲਦਾ ਸੀ। ਨਵੇਂ ਕਾਨੂੰਨ ਰਾਹੀਂ ਭਾਜਪਾ ਵੱਲੋਂ 125 ਦਿਨਾਂ ਦੇ ਕੰਮ ਦੀ ਗੱਲ ਕੀਤੀ ਜਾ ਰਹੀ ਹੈ ਪਰ ਇਹ ਕੰਮ ਹਰ ਥਾਂ ਮਿਲਣ ਦੀ ਬਜਾਏ ਕੇਂਦਰ ਜਿਹੜੇ ਪਿੰਡ ਵਿੱਚ ਚਾਹੇਗਾ, ਉਥੇ ਹੀ ਕੰਮ ਮਿਲੇਗਾ ਅਤੇ ਸਾਲ ਵਿਚ 2 ਮਹੀਨੇ ਕੰਮ ਬਿਲਕੁੱਲ ਨਹੀ ਮਿਲੇਗਾ। ਇਸ ਮੌਕੇ ਡੀ.ਸੀ ਮਾਲੇਰਕੋਟਲਾ ਮੀਟਿੰਗ ਵਿੱਚ ਹੋਣ ਕਰਕੇ ਕਾਮਰੇਡ ਅਬਦੁਲ ਸਤਾਰ ਜ਼ਿਲ੍ਹਾ ਸਕੱਤਰ ਅਤੇ ਸਾਥੀਆਂ ਨੇ ਏ.ਡੀ.ਸੀ ਨੂੰ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ। ਇਸ ਮੌਕੇ ਕਾਮਰੇਡ ਅਬਦੁਲ ਸਤਾਰ ਜ਼ਿਲ੍ਹਾ ਸਕੱਤਰ ਤੋਂ ਇਲਾਵਾ ਕਾਮਰੇਡ ਮੁਹੰਮਦ ਸਤਾਰ ਤਹਿਸੀਲ ਸਕੱਤਰ ਕਾਮਰੇਡ ਰਛਪਾਲ ਸਿੰਘ ਤਹਿਸੀਲ ਸਕੱਤਰ, ਕਾਮਰੇਡ ਮੁਹੰਮਦ ਹਲੀਮ, ਕਾਮਰੇਡ ਹਰਮੀਤ ਸਿੰਘ ਬਾਗੜੀਆਂ, ਕਾਮਰੇਡ ਮੁਖਤਿਆਰ ਸਿੰਘ, ਕਾਮਰੇਡ ਗੁਰਮੇਲ ਕੌਰ ਪ੍ਰਧਾਨ ਆਂਗਣਵਾੜੀ, ਕਾਮਰੇਡ ਕੁਲਵਿੰਦਰ ਕੌਰ, ਕਾਮਰੇਡ ਸਾਬਰੀ, ਨਾਜ਼ੀਆ ਬਾਨੋ, ਬਲਜਿੰਦਰ ਕੌਰ, ਸੁਖਜੀਤ ਕੌਰ, ਕਾਮਰੇਡ ਹਾਜੀ ਰਮਜ਼ਾਨ, ਕਾਮਰੇਡ ਅਮਰਜੀਤ ਸਿੰਘ, ਕਾਮਰੇਡ ਇਸਫਾਕ ਸੈਫੀ, ਕਾਮਰੇਡ ਕਰਤਾਰ ਸਿੰਘ, ਕਾਮਰੇਡ ਮੁਹੰਮਦ ਗਫੂਰ, ਕਾਮਰੇਡ ਬੇਅੰਤ ਸਿੰਘ, ਕਾਮਰੇਡ ਮੁਹੰਮਦ ਸਾਬਰ, ਕਾਮਰੇਡ ਬਹਾਦਰ ਸਿੰਘ, ਕਾਮਰੇਡ ਅਮਰਜੀਤ ਸਿੰਘ ਸ਼ੰਗਾਰਾ, ਕਾਮਰੇਡ ਮੁਹੰਮਦ ਸਲੀਮ ਤੋਂ ਵੱਡੀ ਗਿਣਤੀ ਵਿਚ ਸਾਥੀ ਹਾਜ਼ਰ ਸਨ।

## ਟਰੱਕ ਯੂਨੀਅਨ 'ਚ ਅੱਖਾਂ ਦੀ ਜਾਂਚ ਲਈ ਕੈਂਪ ਲਾਇਆ

**ਬੁਢਲਾਡਾ (ਅਸ਼ੋਕ ਲਾਕੜਾ)** ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਆਈ.ਏ.ਐਸ. ਦੀਆਂ ਹਦਾਇਤਾਂ 'ਤੇ 37ਵੇਂ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਤਹਿਤ ਟਰੱਕ ਯੂਨੀਅਨ ਬੁਢਲਾਡਾ ਵਿਖੇ ਅਥਾਲਮਿਕ ਅਫ਼ਸਰ ਅਭਿਸ਼ੇਕ ਕੁਮਾਰ ਨੇ ਡਰਾਇਵਰਾਂ ਦੀਆਂ ਅੱਖਾਂ ਦੀ ਜਾਂਚ ਕੀਤੀ। ਹੌਲਦਾਰ ਸਤਪਾਲ ਸਿੰਘ, ਟ੍ਰੈਫਿਕ ਐਜੂਕੇਸ਼ਨ ਸੈੱਲ ਮਾਨਸਾ ਵੱਲੋਂ ਟ੍ਰੈਫਿਕ ਨਿਯਮਾਂ, ਸੜਕ ਸੁਰੱਖਿਆ, ਨਾਬਾਲਗ ਡਰਾਈਵਿੰਗ 'ਤੇ ਪਾਬੰਦੀ, ਟ੍ਰੈਫਿਕ ਚਿੰਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਡਰਾਈਵਿੰਗ ਕਰਦੇ ਸਮੇਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਤਾਂ ਜੁ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਤੋਂ ਬਚਿਆ ਜਾ ਸਕੇ।ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਕੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਡਰਾਈਵਿੰਗ ਕਰਨ ਮੌਕੇ ਸੀਟ ਬੈਲਟ ਨਾ ਲਾਉਣ, ਵਹੀਕਲ ਚਲਾਉਣ ਸਮੇਂ ਮੋਬਾਈਲ ਦੀ ਵਰਤੋਂ, ਓਵਰ ਸਪੀਡ, ਹੈਲਮਟ ਨਾ ਪਹਿਨਣ, ਰੈੱਡ ਲਾਈਟ ਦੀ ਉਲੰਘਣਾ ਕਰਨ ਤੇ ਸ਼ਰਾਬ ਪੀ ਕੇ ਵਹੀਕਲ ਚਲਾਉਣ ਵਰਗੀਆਂ ਉਲੰਘਣਾਂ ਤੋਂ ਗੁਰੇਜ਼ ਕੀਤਾ ਜਾਵੇ।



## ਗਣਤੰਤਰ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ : ਡੀ ਸੀ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)** 26 ਜਨਵਰੀ ਨੂੰ ਨਹਿਰੂ ਸਟੇਡੀਅਮ ਵਿਖੇ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਦੇ ਅਗੇਤੇ ਪ੍ਰਬੰਧਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਗਮ ਦੀ ਸਫਲਤਾ ਲਈ ਆਪਣੀ ਡਿਊਟੀ ਪੂਰੀ ਜਿੰਮੇਵਾਰੀ ਤੇ ਤਨਦੇਹੀ ਨਾਲ ਨਿਭਾਈ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗਣਤੰਤਰ ਦਿਵਸ ਪੂਰੇ ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਜਾਵੇਗਾ।ਉਨ੍ਹਾਂ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਗਣਤੰਤਰ ਦਿਵਸ ਨਾਲ ਸਬੰਧਤ ਸਾਰੇ ਕੰਮ ਸਮੇਂ ਸਿਰ ਮੁਕੰਮਲ ਕਰ ਲੈਣ। ਉਨ੍ਹਾਂ ਸਪੱਸ਼ਟ ਕੀਤਾ ਕਿ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਪ੍ਰਾਇਮਰੀ ਸਕੂਲ ਦੀ ਜਗ੍ਹਾ ਨੂੰ ਰਿਹਾਇਸ਼ੀ ਜਗ੍ਹਾ 'ਚ ਤਬਦੀਲ ਕਰਨਾ ਮੰਦਭਾਗਾ : ਸੀ ਪੀ ਆਈ

**ਲੁਧਿਆਣਾ (ਐਮ ਐਸ ਭਾਟੀਆ)-** ਮੀਡੀਆ ਵਿੱਚ ਛਪੇ ਪਬਲਿਕ ਨੋਟਿਸ, ਜਿਸ ਵਿੱਚ ਨਗਰ ਸੁਧਾਰ ਟਰੱਸਟ ਲੁਧਿਆਣਾ ਦੀ ਵਿਕਾਸ ਸਕੀਮ-ਰਾਜਗੁਰੂ ਨਗਰ ਲੁਧਿਆਣਾ (129 ਏਕੜ) ਵਿੱਚ ਪੈਂਦੇ ਬਲਾਕ ਵਿੱਚ 1.05 ਏਕੜ ਜਗ੍ਹਾ ਪ੍ਰਾਇਮਰੀ ਸਕੂਲ ਲਈ ਰਾਖਵੀਂ ਰੱਖੀ ਗਈ ਸੀ, ਟਰਸਟ ਵੱਲੋਂ ਸਕੂਲ ਵਾਲੀ ਜਗ੍ਹਾ ਨੂੰ ਰਿਹਾਇਸ਼ੀ ਪਲਾਟ/ਫਲੈਟਾਂ ਦੀ ਉਸਾਰੀ ਦੇ ਮੰਤਵ ਲਈ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਟਰੱਸਟ ਵੱਲੋਂ ਇਸ ਸਬੰਧੀ ਮਤੇ ਨੂੰ ਸਰਕਾਰ ਪਾਸੋਂ ਪਾਸ ਕਰਵਾਉਣ ਲਈ ਕਾਰਵਾਈ ਚੱਲ ਰਹੀ ਹੈ। ਭਾਰਤੀ ਕਮਿਊਨਿਸਟ ਪਾਰਟੀ ਨਗਰ ਸੁਧਾਰ ਟਰੱਸਟ ਦੇ ਇਸ ਫੈਸਲੇ ਦੀ ਸਖਤ ਨਿਖੇਧੀ ਕਰਦੀ ਹੈ ਅਤੇ ਇਹ ਚੇਤਾਵਨੀ ਦਿੰਦੀ ਹੈ ਕਿ ਸਕੂਲ਼ਾਂ ਅਤੇ ਹਸਪਤਾਲਾਂ ਦੀਆਂ ਥਾਵਾਂ ਨੂੰ ਪਲਾਟਾਂ ਅਤੇ ਫਲੈਟਾਂ ਵਿੱਚ ਤਬਦੀਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਨਗਰ ਸੁਧਾਰ ਟਰਸਟ ਨੂੰ ਇਹ ਆਪਣਾ ਫੈਸਲਾ ਵਾਪਸ ਲੈਣਾ ਚਾਹੀਦਾ ਹੈ।



## ਟ੍ਰੈਫਿਕ ਜਾਮ ਦੀ ਸਮੱਸਿਆ ਦੇ ਹੱਲ ਲਈ ਇਕੱਤਰ ਹੋਈਆਂ ਸਮਾਜ ਸੇਵੀ ਸੰਸਥਾਵਾਂ ਤੇ ਜਥੇਬੰਦੀਆਂ

**ਕੋਟਕਪੂਰਾ (ਰਛਪਾਲ ਭੁੱਲਰ)** ਗੁੱਡ ਮੌਰਨਿੰਗ ਵੈਲਫੇਅਰ ਕਲੱਬ ਅਤੇ ਚੈਂਬਰ ਆਫ ਕਾਮਰਸ ਕੋਟਕਪੂਰਾ ਵਲੋਂ ਪਲ ਪਲ ਲੱਗਦੇ ਟ੍ਰੈਫਿਕ ਜਾਮ ਦੀ ਸਮੱਸਿਆ ਦੇ ਹੱਲ ਲਈ ਸਥਾਨਕ ਬੱਤੀਆਂ ਵਾਲਾ ਚੌਕ ਵਿੱਚ ਕੀਤੀ ਇਕੱਤਰਤਾ ਦੌਰਾਨ ਗੁੱਡ ਮੌਰਨਿੰਗ ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਅਤੇ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਓਮਕਾਰ ਗੋਇਲ ਨੇ ਵੱਖ-ਵੱਖ ਨੁਕਤਿਆਂ ਬਾਰੇ ਬਰੀਕੀ ਵਿੱਚ ਚਾਨਣਾ ਪਾਉਂਦਿਆਂ ਦੱਸਿਆ ਕਿ ਇਸ ਵਿੱਚ ਆਵਾਜਾਈ ਵਿੱਚ ਅੜਿੱਕਾ ਪਾਉਣ ਵਾਲੇ ਦੁਕਾਨਦਾਰ, ਵਾਹਨ ਚਾਲਕ, ਨਗਰ ਕੌਂਸਲ ਤੇ ਪੁਲਸ ਦੇ ਅਧਿਕਾਰੀ ਵੀ ਬਰਾਬਰ ਜ਼ਿੰਮੇਵਾਰ ਹਨ।ਇਕ ਅਹਿਮ ਪਹਿਲੂ ਬਾਰੇ ਵਿਸਥਾਰ ਵਿੱਚ ਦੱਸਦਿਆਂ ਉਨ੍ਹਾਂ ਆਖਿਆ ਕਿ ਜੇਕਰ ਦੁਕਾਨਦਾਰ ਨਜਾਇਜ਼ ਕਬਜ਼ੇ ਕਰਕੇ ਅਰਥਾਤ ਲੋੜ ਤੋਂ ਜ਼ਿਆਦਾ ਸਮਾਨ ਬਾਹਰ ਰੱਖ ਕੇ ਇਸ ਗਲਤਫਹਿਮੀ ਵਿੱਚ ਹਨ ਕਿ ਸ਼ਾਇਦ ਇਸ ਨਾਲ ਗਾਹਕ ਜ਼ਿਆਦਾ ਆਵੇਗਾ ਜਾਂ ਵਿੱਕਰੀ ਜ਼ਿਆਦਾ ਹੋਵੇਗੀ ਤਾਂ ਉਹਨਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਗਾਹਕ ਟ੍ਰੈਫਿਕ ਜਾਮ ਵਿੱਚ ਫਸਣ ਦੀ ਬਜਾਇ ਬਾਹਰਵਾਰ ਖਰੀਦਦਾਰੀ ਕਰਨ ਨੂੰ ਤਰਜੀਹ ਦੇ ਰਿਹਾ ਹੈ। ਇਸੇ ਤਰ੍ਹਾਂ ਗਲਤ ਪਾਰਕਿੰਗ ਕਰਨ ਵਾਲੇ ਵਾਹਨ ਚਾਲਕਾਂ ਨੂੰ ਪਾਰਕਿੰਗ ਦਾ 20 ਹਜ਼ਾਰ ਬਚਾਅ ਕੇ ਹਜ਼ਾਰ ਰੁਪਿਆ ਆਨਲਾਈਨ ਚਲਾਨ ਦਾ ਜੁਰਮਾਨਾ ਭਰਨ ਦੀਆਂ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।ਕਲੱਬ ਦੇ ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਅਤੇ ਵੱਖ ਵੱਖ ਸੰਸਥਾਵਾਂ-ਜਥੇਬੰਦੀਆਂ ਦੀ ਅਗਵਾਈ ਕਰ ਰਹੇ ਹਰਪ੍ਰੀਤ ਸਿੰਘ ਖਾਲਸਾ ਨੇ ਆਖਿਆ ਕਿ ਜੇਕਰ ਨਗਰ ਕੌਂਸਲ ਦੇ ਅਧਿਕਾਰੀ ਅਤੇ ਟ੍ਰੈਫਿਕ ਪੁਲਿਸ ਵੱਲੋਂ ਸਖਤੀ ਕਰਕੇ ਦੁਕਾਨਦਾਰਾਂ ਦੇ ਨਜਾਇਜ ਕਬਜੇ ਨਹੀਂ ਹਟਾਏ ਜਾਂਦੇ ਤਾਂ ਇਸ ਲਈ ਨਗਰ ਕੌਂਸਲ ਅਤੇ ਟ੍ਰੈਫਿਕ ਪੁਲਿਸ ਵੀ ਬਰਾਬਰ ਦੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਲਿਖਤੀ ਅਤੇ ਜ਼ੁਬਾਨੀ ਤੌਰ 'ਤੇ ਅਨੇਕਾਂ ਵਾਰ ਸੰਪਰਕ ਕਰ ਚੁੱਕੇ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ।ਉਪਰੋਕਤ ਅਧਿਕਾਰੀਆਂ ਦੀ ਅਣਗਹਿਲੀ, ਲਾਪ੍ਰਵਾਹੀ, ਮਿਲੀਭੁਗਤ ਅਤੇ ਨਲਾਇਕੀ ਦਾ ਖਮਿਆਜਾ ਸਕੂਲ ਵੈਨਾ ਸਮੇਤ ਫਾਇਰਬ੍ਰਿਗੇਡ ਅਤੇ ਐਂਬੂਲੈਂਸ ਗੱਡੀਆਂ ਦੇ ਚਾਲਕਾਂ ਨੂੰ ਭੁਗਤਣਾ ਪੈ ਰਿਹਾ ਹੈ।



## ਟੈਂਕੀ ਦਾ ਸਰਪੰਚ ਭੁਪਿੰਦਰ ਰਾਠੌਰ ਨੇ ਕੀਤਾ ਉਦਘਾਟਨ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)-** ਮਾਛੀਵਾੜਾ ਬਲਾਕ ਦੇ ਪਿੰਡ ਮੰਡ ਉਧੋਵਾਲ ਵਿਖੇ ਸ਼ੁੱਧ ਪਾਣੀ ਦੀ ਸਪਲਾਈ ਵਾਲੀ ਟੈਂਕੀ ਦਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਰਪੰਚ ਭੁਪਿੰਦਰ ਸਿੰਘ ਰਾਠੌਰ ਵਲੋਂ ਉਦਘਾਟਨ ਕੀਤਾ ਗਿਆ। ਇਸ ਮੌਕੇ ਭੁਪਿੰਦਰ ਸਿੰਘ ਰਾਠੌਰ ਨੇ ਪਾਣੀ ਦੀ ਸਪਲਾਈ ਦਾ ਬਟਨ ਦੱਬਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਉੱਪਰ 28 ਲੱਖ ਰੁਪਏ ਦਾ ਖਰਚਾ ਆਇਆ ਹੈ। ਉਨ੍ਹਾਂ ਕਿਹਾ ਕਿ ਬੇਟ ਇਲਾਕੇ ਦੇ ਪਿੰਡਾਂ ਦੇ ਲੋਕਾਂ ਦੀ ਪੁਰਾਣੀ ਮੰਗ ਸੀ ਕਿ ਉਨ੍ਹਾਂ ਨੂੰ ਸ਼ੁੱਧ ਪਾਣੀ ਦੀ ਸਪਲਾਈ ਮਿਲੇ ਅਤੇ ਅੱਜ 'ਜਲ ਜੀਵਨ ਮਿਸ਼ਨ-ਜਲ ਅਰਪਣ' ਮਿਸ਼ਨ ਤਹਿਤ ਇਹ ਪਾਣੀ ਵਾਲੀ ਟੈਂਕੀ ਦਾ ਉਦਘਾਟਨ ਹੋਇਆ ਹੈ। ਰਾਠੌਰ ਨੇ ਕਿਹਾ ਕਿ ਇਸ ਟੈਂਕੀ ਨਾਲ 2 ਪਿੰਡਾਂ ਦੇ ਸੈਂਕੜੇ ਲੋਕਾਂ ਨੂੰ ਸ਼ੁੱਧ ਪਾਣੀ ਦੀ ਸਪਲਾਈ ਮਿਲੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਲੋਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਯਤਨਾਂ ਸਦਕਾ ਇਹ ਪਾਣੀ ਵਾਲੀ ਟੈਂਕੀ ਦਾ ਨਿਰਮਾਣ ਹੋਇਆ ਹੈ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਕੌਂਸਲਰ ਜਗਮੀਤ ਸਿੰਘ ਮੱਕੜ, ਅਮਨਦੀਪ ਸਿੰਘ ਤਨੇਜਾ ਤੇ ਪਿੰਡ ਵਾਸੀ ਹਾਜ਼ਰ ਸਨ।

## ਐੱਸ.ਡੀ.ਐੱਮ ਰਿਚਾ ਗੋਇਲ ਨੇ ਚਾਈਨਾ ਡੋਰ ਦੀ ਵਰਤੋਂ 'ਤੇ ਦਿੱਤੀ ਸਖ਼ਤ ਚੇਤਾਵਨੀ

**ਸਮਾਣਾ (ਇਕਬਾਲ ਸਿੰਘ ਬੱਲ)-** ਐੱਸ.ਡੀ.ਐੱਮ ਸਮਾਣਾ ਰਿਚਾ ਗੋਇਲ ਦੀ ਅਗਵਾਈ ਹੇਠ ਸਮਾਣਾ ਸਬ-ਡਿਵੀਜ਼ਨ ਵਿੱਚ ਚਾਈਨਾ ਡੋਰ 'ਤੇ ਲੱਗੀ ਪਾਬੰਦੀ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਲਈ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।ਇਸ ਦੌਰਾਨ ਵੱਖ-ਵੱਖ ਦੁਕਾਨਾਂ ਅਤੇ ਥਾਵਾਂ 'ਤੇ ਜਾਂਚ ਕੀਤੀ ਗਈ ਅਤੇ ਦੁਕਾਨਦਾਰਾਂ ਨੂੰ ਸਪਸ਼ਟ ਹਦਾਇਤਾਂ ਦਿੱਤੀਆਂ ਗਈਆਂ ਕਿ ਚਾਈਨਾ ਡੋਰ ਦੀ ਵਿਕਰੀ, ਖਰੀਦ ਅਤੇ ਵਰਤੋਂ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਮਨੁੱਖੀ ਜੀਵਨ, ਪੰਛੀਆਂ ਅਤੇ ਜਨਤਕ ਸੁਰੱਖਿਆ ਲਈ ਗੰਭੀਰ ਖ਼ਤਰਾ ਹੈ, ਇਸ ਲਈ ਇਸ 'ਤੇ ਸਰਕਾਰ ਵੱਲੋਂ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ।ਐਸ ਡੀ ਐਮ ਨੇ ਚੇਤਾਵਨੀ ਦਿੱਤੀ ਕਿ ਕਿਸੇ ਵੀ ਵਿਅਕਤੀ ਜਾਂ ਦੁਕਾਨਦਾਰ ਵੱਲੋਂ ਚਾਈਨਾ ਡੋਰ ਦੀ ਵਿਕਰੀ ਜਾਂ ਵਰਤੋਂ ਕਰਦੇ ਪਾਏ ਜਾਣ 'ਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।



## ਅਧਿਆਤਮਕ ਵਿਕਾਸ ਲਈ ਜੀਭ 'ਤੇ ਕਾਬੂ ਤੇ ਪਵਿੱਤਰ ਚਰਿੱਤਰ ਜ਼ਰੂਰੀ : ਅੰਕੁਰ ਨਰੂਲਾ

**ਫਰੀਦਕੋਟ (ਅਲੈਗਜ਼ੈਂਡਰ ਡਿਸੂਜਾ)** ਚਰਚ ਆਫ਼ ਸਾਇੰਸ ਐਂਡ ਵੈਂਡਰਸ ਇੱਕ ਵੱਡਾ, ਪ੍ਰਭਾਵਸ਼ਾਲੀ ਪੈਂਟੇਕੋਸਟਲ ਮੈਗਾਚਰਚ ਹੈ, ਜਿਸਦੀ ਸਥਾਪਨਾ ਰਸੂਲ ਅੰਕੁਰ ਯੂਸਫ਼ ਨਰੂਲਾ ਦੁਆਰਾ ਖਾਬਰਾ, ਜਲੰਧਰ, ਪੰਜਾਬ, ਭਾਰਤ ਵਿੱਚ ਕੀਤੀ ਗਈ ਸੀ।ਚਮਤਕਾਰਾਂ, ਇਲਾਜ ਤੇ ਖੁਸ਼ਹਾਲੀ 'ਤੇ ਧਿਆਨ ਕੇਂਦਰਤ ਕਰਨ ਲਈ ਜਾਣਿਆ ਜਾਂਦਾ ਹੈ, ਇਸ ਨੂੰ ਭਾਰਤ ਦਾ ਸਭ ਤੋਂ ਵੱਡਾ ਚਰਚ ਤੇ ਏਸ਼ੀਆ ਦਾ ਸਭ ਤੋਂ ਸੁੰਦਰ ਚਰਚ ਕਿਹਾ ਜਾਂਦਾ ਹੈ, ਜੋ ਦੁਨੀਆ ਭਰ ਵਿੱਚ ਜਨਤਾ ਤੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਜ਼ਿਕਰਯੋਗ ਹੈ ਕਿ ਇਸ ਐਤਵਾਰ ਨੂੰ ਚਰਚ ਵਿਖੇ ਇੱਕ ਵਿਸ਼ੇਸ਼ ਅਧਿਆਤਮਕ ਇਕੱਠ ਦੌਰਾਨ, ਚਰਚਾਂ ਤੇ ਪਾਦਰੀ ਲਈ ਇੱਕ ਸ਼ਕਤੀਸ਼ਾਲੀ ਮਾਰਗਦਰਸ਼ਕ ਸੰਦੇਸ਼ ਹਜ਼ਾਰਾਂ ਮੀਲ ਦੂਰ ਉਸਦੀ ਕਲੀਸਿਯਾ ਨਾਲ ਸਾਂਝਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇੱਕ ਸੱਚਮੁੱਚ ਅਧਿਆਤਮਕ ਵਿਅਕਤੀ ਉਹ ਹੈਠ ਜਿਸਦੇ ਕੰਮ ਬੋਲਦੇ ਹਨ, ਸ਼ਬਦ ਨਹੀਂ।ਪਹਾੜਾਂ ਤੇ ਗਲੇਸ਼ੀਅਰਾਂ ਦੀ ਉਦਾਹਰਣ ਦਿੰਦੇ ਹੋਏ ਉਨ੍ਹਾਂ ਵਿਸ਼ਵਾਸੀਆਂ ਨੂੰ ਦਿਖਾਵੇ ਦੀ ਦੁਨੀਆ ਤੋਂ ਬਾਹਰ ਨਿਕਲਣ ਤੇ ਅੰਦਰੂਨੀ ਪਵਿੱਤਰਤਾ ਅਤੇ ਸੱਚਾਈ ਦੇ ਰਾਹ ਤੇ ਚੱਲਣ ਦੀ ਤਾਕੀਦ ਕੀਤੀ। ਪਾਦਰੀ ਚੋਣ ਅਤੇ ਸੱਚੇ ਸੱਦੇ ਬਾਰੇ ਗੱਲ ਕਰਦੇ ਹੋਏ, ਉਨ੍ਹਾਂ ਕਿਹਾ ਕਿ ਅੱਜ ਆਪਣੇ-ਆਪ ਬਣੇ ਪਾਦਰੀ ਦਾ ਹੜ੍ਹ ਹੈ, ਜੋ ਸਿਰਫ਼ ਬਾਹਰੀ ਦਿੱਖ 'ਤੇ ਧਿਆਨ ਕੇਂਦ੍ਰਤ ਕਰਦੇ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਪਰਮਾਤਮਾ ਦੁਆਰਾ ਬੁਲਾਏ ਗਏ ਪਾਦਰੀ ਦੀ ਨੀਂਹ ਪਹਾੜ ਜਿੰਨੀ ਡੂੰਘੀ ਹੁੰਦੀ ਹੈ ਤੇ ਪਰਮਾਤਮਾ ਖੁਦ ਆਪਣਾ ਚਰਚ ਬਣਾਉਂਦਾ ਤੇ ਵਧਾਉਂਦਾ ਹੈ।ਉਨ੍ਹਾਂ ਕਿਹਾ ਕਿ ਜੋ ਲੋਕ ਰੇਤ ਦੇ ਢੇਰ ਵਾਂਗ ਉੱਚਾ ਹੋਣ ਦਾ ਦਿਖਾਵਾ ਕਰਦੇ ਹਨ, ਉਹ ਜਲਦੀ ਹੀ ਡਿੱਗ ਪੈਂਦੇ ਹਨ।

## ਪੰਜਾਬ ਕੋ-ਐਜੂਕੇਸ਼ਨ ਸਕੂਲ ਦੇ ਐਂਜਲ ਕਰਿਬ ਨੂੰ ਵਧੀਆ ਕਾਰਗੁਜ਼ਾਰੀ ਪ੍ਰਦਾਨ ਕਰਨ ਲਈ ਵਿਸ਼ੇਸ਼ ਮਾਣ ਹਾਸਲ

**ਬਾਘਾਪੁਰਾਣਾ (ਮਨੀ ਸਿੰਗਲਾ)** ਪੰਜਾਬ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸ਼੍ਰੀ ਸੰਦੀਪ ਮਹਿਤਾ ਦੀ ਅਗਵਾਈ 'ਚ ਨਵੇਂ ਅਕਾਦਮਿਕ ਸੈਸ਼ਨ 2026-27 ਦੀ ਸ਼ੁਰੂਆਤ ਬੜੇ ਹੀ ਉਤਸ਼ਾਹ ਨਾਲ ਹੋ ਚੁੱਕੀ ਹੈ। ਨੰਨ੍ਹੇ-ਮੁੰਨ੍ਹੇ ਬੱਚਿਆਂ ਲਈ ਆਧੁਨਿਕ ਸਹੂਲਤਾਂ, ਯੋਗ ਤੇ ਤਜਰਬੇਕਾਰ ਅਧਿਆਪਕ, ਖੇਡਾਂ, ਸਮਾਰਟ ਕਲਾਸ-ਰੂਮ, ਆਡੀਓ-ਵੀਡੀਓ ਸਿਸਟਮ, ਅਨੁਕੂਲ ਫਰਨੀਚਰ, ਖੇਡ-ਖੇਡ ਰਾਹੀਂ ਸਿੱਖਣਾ, ਇਨਡੋਰ-ਆਊਟਡੋਰ ਪਲੇਅ ਏਰੀਆ, ਸੁਰੱਖਿਅਤ ਝੂਲੇ, ਸਲਾਈਡਾਂ, ਸੀ.ਸੀ.ਟੀ.ਵੀ. ਨਿਗਰਾਨੀ, ਬੱਸਾਂ ਦੀ ਸਹੂਲਤ ਤੇ ਸਫਾਈ ਦਾ ਪੂਰਾ ਪ੍ਰਬੰਧ, ਗਰਮ ਖਾਣੇ ਲਈ ਓਵਨ, ਤਿਉਹਾਰਾਂ ਦੇ ਅਨੁਕੂਲ ਧਾਰਮਿਕ, ਸਮਾਜਿਕ ਗਤੀਵਿਧੀਆਂ ਲਈ ਹਮੇਸ਼ਾ ਵਚਨਬੱਧ ਹੈ, ਕਿਉਂਕਿ ਬੱਚੇ ਦੇਸ਼ ਅਤੇ ਕੌਮ ਦਾ ਕੀਮਤੀ ਸਰਮਾਇਆ ਹੁੰਦੇ ਹਨ।ਨਵੇਂ ਸ਼ੈਸ਼ਨ ਦੀ ਸ਼ੁਰੂਆਤ ਮੌਕੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਦੱਸਿਆ ਕਿ ਇੱਥੇ ਬੱਚਿਆਂ ਨੂੰ ਘਰ ਵਰਗਾ ਮਾਹੌਲ ਪ੍ਰਦਾਨ ਕੀਤਾ ਜਾਂਦਾ ਹੈ ਤਾਂ ਜੁ ਨੌਕਰੀ ਪੇਸ਼ਾ ਮਾਪੇ ਆਪਣੇ ਬੱਚਿਆਂ ਦੀ ਵਾਂਗਡੋਰ ਬੇਫ਼ਿਕਰੀ ਨਾਲ ਸਕੂਲ ਨੂੰ ਸੌਂਪ ਸਕਦੇ ਹਨ। ਸੰਸਥਾ ਦੇ ਡਾਇਰੈਕਟਰ ਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਸੀ ਹਰ ਬੱਚੇ ਦੀ ਅੰਦਰੂਨੀ ਸਮਰੱਥਾ ਨੂੰ ਉਭਾਰਨ ਲਈ ਵਚਨਬੱਧ ਹਾਂ ਤਾਂ ਕਿ ਇਸ ਸੰਸਥਾ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਤੇ ਸਮਾਜਿਕ ਗਤੀਵਿਧੀਆ ਵਿੱਚ ਭਾਗ ਲੈ ਕੇ ਚੰਗੇ ਇਨਸਾਨ ਅਤੇ ਜਿੰਮੇਵਾਰ ਨਾਗਰਿਕ ਬਣ ਸਕਣ। ਪ੍ਰਾਇਮਰੀ ਵਿੰਗ ਦੇ ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ ਨੇ ਸੈਸ਼ਨ 2026-27 ਦੀ ਸ਼ੁਰੂਆਤ ਸਮੇਂ ਬੜੇ ਮਾਣ ਨਾਲ ਦੱਸਿਆ ਕਿ ਸਕੂਲ (ਪਲੇਅ ਵੇਅ) ਦਾ ਮਾਹੌਲ ਵਿਦਿਆਰਥੀਆਂ ਦੇ ਬਚਪਨ ਦੇ ਸ਼ੁਰੂਆਤੀ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਛੋਟੇ ਬੱਚਿਆਂ ਦਾ ਸਹੀ ਪਾਲਣ ਪੋਸ਼ਣ ਤੇ ਸਰਵਪੱਖੀ ਵਿਕਾਸ ਕਰਨ ਦੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰਾਇਮਰੀ ਵਿੰਗ ਦੇ ਕੋਆਰਡੀਨੇਟਰ ਮੈਡਮ ਰਿਚਾ ਵੱਲੋਂ ਮਾਪਿਆਂ ਨੂੰ ਬੱਚਿਆਂ ਦਾ ਦਾਖਲਾ ਕਰਵਾਉਣ ਦੀ ਅਪੀਲ ਕੀਤੀ ਗਈ, ਤਾਂ ਜੁ ਆਪਣੇ ਇਲਾਕੇ ਦੇ ਬੱਚਿਆਂ ਦੇ ਬਚਪਨ ਨੂੰ ਤਰਾਸ਼ ਕੇ ਉਨ੍ਹਾਂ ਦੇ ਭਵਿੱਖ ਨੂੰ ਉਜਵਲ ਕੀਤਾ ਜਾ ਸਕੇ।



## ਮੁਥੂਟ ਮਾਈਕਰੋਫਿਨ ਲਿਮਟਿਡ ਦਾ ਪਲੇਸਮੈਂਟ ਕੈਂਪ ਅੱਜ

**ਸੰਗਰੂਰ (ਪ੍ਰਵੀਨ ਸਿੰਘ) -** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਮੁਥੂਟ ਮਾਈਕਰੋਫਿਨ ਲਿਮਿਟਡ ਕੰਪਨੀ ਨਾਲ ਤਾਲਮੇਲ ਕਰਕੇ 22 ਜਨਵਰੀ ਦਿਨ ਵੀਰਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਕੰਪਨੀ ਵੱਲੋਂ ਫੀਲਡ ਅਫਸਰ (ਲੜਕੇ ਅਤੇ ਲੜਕੀਆਂ ਦੋਵਾਂ ਲਈ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿੱਅਕ ਯੋਗਤਾ 12ਵੀਂ, ਗਰੈਜੂਏਟ ਪਾਸ, ਉਮਰ 20 ਸਾਲ ਤੋਂ 30 ਸਾਲ ਤੱਕ ਹੋਣੀ ਚਾਹੀਦੀ ਹੈ।ਪ੍ਰਾਰਥੀ ਕੋਲ ਆਪਣਾ ਦੋ ਪਹੀਆ ਵਾਹਨ ਅਤੇ ਡਰਾਈਵਿੰਗ ਲਾਇਸੈਂਸ ਹੋਣਾ ਜ਼ਰੂਰੀ ਹੈ।ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ।



## ਸਾਬਕਾ ਸਰਪੰਚ ਨਮਿਤ ਅੰਤਿਮ ਅਰਦਾਸ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-** ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਰੋਹਲੇ ਦੇ ਸਾਬਕਾ ਸਰਪੰਚ ਗੁਰਦੀਪ ਸਿੰਘ (ਧੰਨਾ) ਨਮਿੱਤ ਭੋਗ ਅਤੇ ਅੰਤਿਮ ਅਰਦਾਸ 22 ਜਨਵਰੀ ਦਿਨ ਵੀਰਵਾਰ ਨੂੰ ਬਾਅਦ ਦੁਪਹਿਰ 12 ਤੋਂ 1 ਵਜੇ ਤੱਕ ਪਿੰਡ ਰੋਹਲੇ ਵਿਖੇ ਹੋਵੇਗੀ।

## ਭੈਣੀ ਪਰਵਾਰ ਨਾਲ ਭਾਗ ਸਿੰਘ ਮੱਲ੍ਹਾ ਤੇ ਹੋਰਨਾਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਜਗਰਾਉਂ (ਅਮਿਤ ਖੰਨਾ)-** ਸਵ: ਗੁਰਦੀਪ ਸਿੰਘ ਭੈਣੀ ਸਾਬਕਾ ਵਿਧਾਇਕ, ਜਿੰਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ , ਉਨ੍ਹਾਂ ਦੇ ਸਪੁੱਤਰ ਮੇਜਰ ਸਿੰਘ ਭੈਣੀ (ਸਾਬਕਾ ਚੇਅਰਮੈਨ ਪੰਜਾਬ ਖਾਦੀ ਬੋਰਡ) ਨਾਲ ਸਾਬਕਾ ਵਿਧਾਇਕ ਭਾਗ ਸਿੰਘ ਮੱਲ੍ਹਾ, ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਮੱਲ੍ਹਾ, ਦੀਪਇੰਦਰ ਸਿੰਘ ਭੰਡਾਰੀ, ਹਰਦੇਵ ਸਿੰਘ ਬੌਬੀ, ਮਹਿੰਦਰਜੀਤ ਸਿੰਘ ਵਿੱਕੀ ਤੇ ਡਾ: ਨਰਿੰਦਰ ਸਿੰਘ ਬੀ ਕੇ ਗੈਸ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ । ਇਸ ਮੌਕੇ ਭਾਗ ਸਿੰਘ ਮੱਲ੍ਹਾ ਨੇ ਕਿਹਾ ਕਿ ਸਵ: ਗੁਰਦੀਪ ਸਿੰਘ ਭੈਣੀ ਦੀ ਸਮਾਜ ਨੂੰ ਵੱਡੀ ਦੇਣ ਸੀ, ਜਿੰਨ੍ਹਾਂ ਦੇ ਜਾਣ ਨਾਲ ਸਮਾਜ ਨੂੰ ਵੱਡਾ ਘਾਟਾ ਪਿਆ ਹੈ, ਜਿਹੜੇ ਕਦੇ ਪੂਰਾ ਨਹੀਂ ਹੋ ਸਕਦਾ ।



# 'ਅਪ੍ਰੇਸ਼ਨ ਪ੍ਰਹਾਰ' ਤਹਿਤ ਮੋਗਾ ਪੁਲਸ ਦੀ ਵੱਡੀ ਕਾਰਵਾਈ, 58 ਤੋਂ ਵੱਧ ਮੁਲਜ਼ਮ ਕਾਬੂ

**ਮੋਗਾ, (ਇਕਬਾਲ ਸਿੰਘ ਖਹਿਰਾ)** ਡੀ.ਜੀ.ਪੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਆਪ੍ਰੇਸ਼ਨ ਪ੍ਰਹਾਰ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਤਹਿਤ ਪੰਜਾਬ ਭਰ ਵਿੱਚ ਇੱਕ ਵਿਸ਼ੇਸ਼ ਡਰਾਈਵ ਚਲਾਈ ਜਾ ਰਹੀ ਹੈ, ਜਿਸ ਦੇ ਅਧੀਨ ਮੋਗਾ ਜ਼ਿਲ੍ਹੇ ਵਿੱਚ ਵੀ ਵਿਦੇਸ਼ਾਂ ਵਿੱਚ ਬੈਠੇ ਵਾਂਟਡ ਕ੍ਰਿਮਿਨਲਾਂ ਦੇ ਅਸੋਸੀਏਟਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਗਈ।




ਐਸ.ਐਸ.ਪੀ ਅਜੇ ਗਾਂਧੀ ਨੇ ਕਿਹਾ ਕਿ ਇਸ ਵਿਸ਼ੇਸ਼ ਡਰਾਈਵ ਦੌਰਾਨ ਮੋਗਾ ਜ਼ਿਲ੍ਹੇ ਵਿੱਚ ਲਗਭਗ 50 ਪੁਲਸ ਟੀਮਾਂ ਤੇ 400 ਦੇ ਕਰੀਬ ਪੁਲਸ ਜਵਾਨ ਤਾਇਨਾਤ ਕੀਤੇ ਗਏ ਹਨ। ਇਸ ਕਾਰਵਾਈ ਵਿੱਚ ਸਾਰੇ ਐਸ.ਐਚ.ਓ, ਯੂਨਿਟ ਇੰਚਾਰਜ, ਡੀ.ਐਸ.ਪੀ ਤੇ ਐਸ.ਪੀ ਪੱਧਰ ਦੇ ਅਧਿਕਾਰੀ ਸ਼ਾਮਲ ਹਨ, ਜਦਕਿ ਸੀਨੀਅਰ ਅਧਿਕਾਰੀਆਂ ਵੱਲੋਂ ਪੂਰੇ ਅਪ੍ਰੇਸ਼ਨ ਦੀ ਨਿਗਰਾਨੀ ਕੀਤੀ ਜਾ ਰਹੀ ਹੈ।ਅਪ੍ਰੇਸ਼ਨ ਦੇ ਪਹਿਲੇ ਦਿਨ ਮੋਗਾ ਪੁਲਸ ਵੱਲੋਂ ਕੁੱਲ 60 ਦੇ ਕਰੀਬ ਦੋਸ਼ੀ ਗ੍ਰਿਫ਼ਤਾਰ ਕੀਤੇ ਗਏ।ਇਨ੍ਹਾਂ ਵਿੱਚੋਂ 17 ਦੋਸ਼ੀ ਐਨ.ਡੀ.ਪੀ.ਐਸ ਐਕਟ ਦੇ ਤਹਿਤ ਤੇ 19 ਪੁਰਾਣੇ ਮਾਮਲਿਆਂ ਵਿੱਚ ਵਾਂਟਡ ਦੋਸ਼ੀ ਆਰਮਜ਼ ਐਕਟ ਅਤੇ ਬੀ.ਐਨ.ਐਸ ਦੇ ਮਾਮਲਿਆਂ ਹੇਠ ਕਈ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਦੋ ਪ੍ਰੋਕਲੇਮਡ ਅਫੈਂਡਰ (ਪੀਓ) ਵੀ ਗ੍ਰਿਫ਼ਤਾਰ ਕੀਤੇ ਗਏ ਹਨ, ਜਦਕਿ 11 ਦੋਸ਼ੀਆਂ ਖ਼ਿਲਾਫ਼ ਅਪਰਾਧ ਰੋਕੂ (ਪ੍ਰੀਵੈਂਟਿਵ) ਕਾਰਵਾਈ ਕੀਤੀ ਗਈ ਹੈ। ਕਾਰਵਾਈ ਦੌਰਾਨ ਪੁਲਸ ਵੱਲੋਂ 350 ਗ੍ਰਾਮ ਦੇ ਕਰੀਬ ਹੈਰੋਇਨ, ਤਿੰਨ ਗੈਰਕਾਨੂੰਨੀ ਹਥਿਆਰ ਅਤੇ ਲਾਈਵ ਰਾਊਂਡਸ ਵੀ ਬਰਾਮਦ ਕੀਤੇ ਗਏ ਹਨ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਸਾਰੀ ਕਾਰਵਾਈ ਏਜੀਟੀਐਫ ਤੇ ਕਾਊਂਟਰ ਇੰਟੈਲੀਜੈਂਸ ਦੀ ਇਨਪੁਟ ਅਤੇ ਲੋਕਲ ਸੋਰਸਿਜ਼ ਦੇ ਆਧਾਰ 'ਤੇ ਕੀਤੀ ਗਈ।ਪਹਿਲਾਂ ਹੀ ਕ੍ਰਿਮਿਨਲ ਤੱਤਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਹਾਈਡਆਊਟਸ 'ਤੇ ਟਾਰਗੇਟਡ ਰੇਡਸ ਕੀਤੀਆਂ ਗਈਆਂ, ਜਿਸ ਨਾਲ ਮੋਗਾ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈ।ਅਪ੍ਰੇਸ਼ਨ ਪ੍ਰਹਾਰ ਦਾ ਦੂਜਾ ਦਿਨ ਜਾਰੀ ਹੈ ਅਤੇ ਮੋਗਾ ਜ਼ਿਲ੍ਹੇ ਵਿੱਚ ਪੁਲਿਸ ਟੀਮਾਂ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਰਾਸ਼ਟਰੀ ਯੁਵਾ ਦਿਵਸ ਮੌਕੇ ਜਾਗਰੂਕਤਾ ਰੈਲੀ ਕੱਢੀ

**ਸਮਾਣਾ (ਇਕਬਾਲ ਸਿੰਘ ਬੱਲ)**- ਪਬਲਿਕ ਕਾਲਜ ਸਮਾਣਾ ਅਤੇ ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜ ਆਫ ਐਜੂਕੇਸ਼ਨ ਸਮਾਣਾ ਦੇ ਰੈਡ ਰਿਬਨ ਕਲੱਬ ਅਤੇ ਐਨ.ਐਸ.ਐਸ. ਵਿਭਾਗ ਵਲੋਂ ਪ੍ਰਿੰਸੀਪਲ ਡਾ.ਹਰਕੀਰਤ ਸਿੰਘ ਦੀ ਅਗਵਾਈ ਹੇਠ ਰਾਸ਼ਟਰੀ ਯੁਵਾ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਏਡਜ ਦੀ ਰੋਕਥਾਮ, ਖੂਨਦਾਨ, ਟੀ.ਬੀ. ਦੀ ਜਾਣਕਾਰੀ ਅਤੇ ਰੋਕਥਾਮ ਵਿਸ਼ਿਆਂ ਨਾਲ ਸਬੰਧਿਤ ਕੁਇੱਜ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਭ ਤੋਂ ਪਹਿਲਾਂ ਰੈੱਡ ਰਿਬਨ ਕਲੱਬ ਦੇ ਨੋਡਲ ਅਫਸਰ ਡਾ. ਹਰਕੀਰਤਨ ਕੌਰ ਨੇ ਰਾਸ਼ਟਰੀ ਯੁਵਾ ਦਿਵਸ ਦੀ ਮਹੱਤਤਾ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇਨਾਂ ਮੁਕਾਬਲਿਆਂ ਨੂੰ ਠੀਕ ਢੰਗ ਨਾਲ



ਨੇਪਰੇ ਚਾੜਣ ਲਈ ਡਾ.ਹਰਕੀਰਤਨ ਕੌਰ ਦੀ ਨਿਰਦੇਸ਼ਨਾ ਵਿੱਚ ਪ੍ਰੋ ਅਮਰਿੰਦਰ ਕੌਰ, ਪ੍ਰੋ ਜਸਪ੍ਰੀਤ ਕੌਰ, ਪ੍ਰੋ ਅਰਵਿੰਦਰ ਕੌਰ, ਪ੍ਰੋ ਹਰਪ੍ਰੀਤ ਕੌਰ ਅਤੇ ਪ੍ਰੋ ਹਮਿਤ ਕੁਮਾਰ ਨੇ ਆਪਣਾ ਯੋਗਦਾਨ ਪਾਇਆ। ਉਕਤ ਮੁਕਾਬਲਿਆਂ ਉਪਰੰਤ ਕਾਲਜ ਵਿੱਚ ਇੱਕ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਨਾਂ ਮੁਕਾਬਲਿਆਂ ਦੇ ਭਾਸ਼ਣ ਪ੍ਰਤੀਯੋਗਤਾ ਵਿੱਚ ਮਨਵੀਰ ਕੌਰ, ਹਰਪ੍ਰੀਤ ਕੌਰ ਤੇ ਸੰਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ ਵਿੱਚ ਬੀ ਐੱਡ. ਦੀਆਂ ਵਿਦਿਆਰਥਣ ਸੰਦੀਪ ਕੌਰ ਨੇ ਪਹਿਲਾ, ਭੂਮਿਕਾ ਤੇ ਦੀਪਕਾ ਨੇ ਦੂਜਾ ਸਥਾਨ ਹਾਸਲ ਕੀਤਾ। ਪ੍ਰੋ ਸੋਨੂੰ ਜੈਨ ਤੇ ਪ੍ਰੋ. ਸੈਟੀ ਕੁਮਾਰ ਨੇ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੰਦਿਆਂ ਇਨਾਂ ਮੁਕਾਬਲਿਆਂ ਨੂੰ ਸਾਰਥਕ ਦੱਸਿਆ।

# ਯੂ ਕੇ ਦਾ ਸਟੱਡੀ ਵੀਜ਼ਾ ਹਾਸਲ ਕੀਤਾ

**ਮੋਗਾ (ਇਕਬਾਲ ਸਿੰਘ ਖਹਿਰਾ)** ਕੋਟਕਪੂਰਾ ਦੇ ਸ਼੍ਰੀਮੁਕਤਸਰ ਸਾਹਿਬ ਰੇਲਵੇ ਅੰਡਰਬ੍ਰਿਜ ਦੇ ਕੋਲ ਸਥਿਤ ਚੰਡੀਗੜ੍ਹ ਆਈਲੈਟਸ ਐਂਡ ਇੰਮੀਗ੍ਰੇਸ਼ਨ ਸੇਂਟਰ (ਸੀ.ਆਈ.ਆਈ.ਸੀ.) ਵੱਲੋਂ ਇਕ ਹੋਰ ਯੂ.ਕੇ. ਦਾ ਸਟੱਡੀ ਵੀਜ਼ਾ ਪ੍ਰਾਪਤ ਕੀਤਾ ਹੈ।




ਚੇਅਰਮੈਨ ਵਾਸੂ ਸ਼ਰਮਾ ਨੇ ਦੱਸਿਆ ਕਿ ਰਮਨਦੀਪ ਕੌਰ ਨਿਵਾਸੀ ਜਲੰਧਰ ਨੇ ਬਿਨਾਂ ਕਿਸੇ ਆਈਲੈਸ, ਪੀ.ਟੀ.ਈ ਤੇ ਬਿਨਾਂ ਅੰਬੈਂਸੀ ਇੰਟਰਵਿਊ ਸਿਰਫ ਅਤੇ ਸਿਰਫ ਚਾਰ ਦਿਨ ਵਿਚ ਪ੍ਰਾਪਤ ਕੀਤਾ।ਉਨ੍ਹਾਂ ਕਿਹਾ ਕਿ ਜੇਕਰ ਤੁਸੀ ਵੀ ਘੱਟ ਤੋਂ ਘੱਟ ਸਮੇਂ ਵਿੱਚ ਯੂ.ਕੇ. ਜਾ ਕੇ ਪੜ੍ਹਾਈ ਕਰਨ ਦਾ ਸੁਪਨਾ ਸਾਕਾਰ ਕਰਨਾ ਚਾਹੁੰਦੇ ਹੋ ਤਾਂ ਅੱਜ ਹੀ ਸੀ.ਆਈ.ਆਈ.ਸੀ. ਕੋਟਕਪੂਰਾ ਵਿਜ਼ਿਟ ਕਰੋ।

# ਸਟਾਲਿਨ ਵੱਲੋਂ ਸਾਹਿਤਕ ਪੁਰਸਕਾਰ ਦੇਣ ਦਾ ਐਲਾਨ ਸ਼ਲਾਘਾਯੋਗ : ਮੂਲ ਚੰਦ ਸ਼ਰਮਾ

**ਧੂਰੀ (ਮਨੋਹਰ ਸਿੰਘ ਸੱਗੂ)** ਪੰਜਾਬੀ ਸਾਹਿਤ ਸਭਾ ਨੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਦੇ ਉਸ ਫ਼ੈਸਲੇ ਦੀ ਭਰਭੂਰ ਸ਼ਲਾਘਾ ਕੀਤਾ, ਜਿਸ ਵਿੱਚ ਉਨ੍ਹਾਂ ਨੇ 7 ਖ਼ੇਤਰੀ ਭਾਸ਼ਾਵਾਂ ਵਿੱਚ ਸਾਲਾਨਾ ਸਾਹਿਤਕ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ।ਉਨ੍ਹਾਂ ਇਹ ਬਿਆਨ ਚੇਨਈ ਕੌਮਾਂਤਰੀ ਪੁਸਤਕ ਮੇਲੇ ਵਿਖੇ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਪੁਰਸਕਾਰਾਂ ਨੂੰ ਐਲਾਨ ਕਰਨ ਤੋਂ ਇੱਕ ਦਿਨ ਪਹਿਲਾਂ ਰੋਕਣ ਤੇ ਕੇਂਦਰ ਦੇ ਕਥਿਤ ਸਿਆਸੀ ਦਖਲ ਦੇਣ ਦੇ ਰੁਝਾਨ ਦੀ ਅਲੋਚਨਾ ਕਰਦਿਆਂ ਦਿੱਤਾ ਹੈ । ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਕਿਹਾ ਕਿ ਭਾਵੇਂ ਉਕਤ ਭਾਸ਼ਾਵਾਂ ਵਿੱਚ ਪੰਜਾਬੀ ਭਾਸ਼ਾ ਤਾਂ ਸ਼ਾਮਲ ਨਹੀਂ ਹੈ, ਪ੍ਰੰਤੂ ਫ਼ਿਰ ਵੀ ਇਹ ਫੈਸਲਾ ਸਲਾਹੁਣਯੋਗ ਤੇ ਅਮਲ ਕਰਨ ਯੋਗ ਹੈ।ਉਨ੍ਹਾਂ ਬਾਕੀ ਮੁੱਖ ਮੰਤਰੀਆਂ ਤੋਂ ਵੀ ਮੰਗ ਕੀਤੀ ਹੈ ਕਿ ਉਹ ਵੀ ਸਾਹਿਤ ਅਕਾਦਮੀ ਦੇ ਐਲਾਨ 'ਤੇ ਰੋਕ ਲਾਉਂਣ ਦੀ ਵਿਰੋਧਤਾ ਕਰਦੇ ਹੋਏ ਆਪਣੇ ਰਾਜਾਂ ਵਿੱਚ ਵੀ ਤਾਮਿਲਨਾਡੂ ਵਾਂਗ ਵੱਖਰੇ ਸਾਲਾਨਾ ਪੁਰਸਕਾਰ ਚਾਲੂ ਕਰਨ, ਜਿਨ੍ਹਾਂ ਲਈ ਨਾਮਵਰ ਲੇਖਕਾਂ ਦੀਆਂ ਨਿਰਪੱਖ ਅਤੇ ਖ਼ੁਦ ਮੁਖਤਿਆਰ ਕਮੇਟੀਆਂ ਬਣਾ ਕੇ ਪੱਕੇ ਨਿਯਮ ਵੀ ਬਣਾਏ ਜਾਣ ਤਾਂ ਜੁ ਭਾਸ਼ਾ ਵਿਭਾਗ ਪੰਜਾਬ ਵੱਲੋਂ ਬੀਤੇ ਸਾਲਾਂ 'ਚ ਦਿੱਤੇ ਵੱਖੋ-ਵੱਖ ਪੁਰਸਕਾਰਾਂ ਵਾਂਗ ਕਚਹਿਰੀਆਂ ਦੇ ਮੁਕੱਦਮਿਆਂ ਵਿੱਚ ਉਲਝ ਕੇ ਨਾ ਰਹਿ ਜਾਣ ।

# ਬੈਂਕ ਸਟਰੀਟ ਦਾ ਨਾਂਅ ਰੱਖਿਆ ਭਗਵਾਨ ਮਹਾਂਵੀਰ ਸਵਾਮੀ ਮਾਰਗ



**ਨਾਭਾ (ਵਰਿੰਦਰ ਵਰਮਾ)**- ਲੰਬੇ ਸਮੇਂ ਤੋਂ ਮੁਹੱਲਾ ਵਾਸੀਆਂ ਦੀ ਮੰਗ 'ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਯਤਨਾਂ ਸਦਕਾ ਨਗਰ ਕੌਂਸਲ ਦੇ ਪ੍ਰਧਾਨ ਜਸਦੀਪ ਸਿੰਘ ਖੰਨਾ ਵਲੋਂ ਸਥਾਨਕ ਬੈਂਕ ਸਟਰੀਟ ਦਾ ਨਾਂ ਬਦਲ ਕੇ ਭਗਵਾਨ ਮਹਾਂਵੀਰ ਸਵਾਮੀ ਮਾਰਗ ਰੱਖਿਆ ਗਿਆ। ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਪਹੁੰਚੇ । ਇਸ ਮੌਕੇ ਮੁਹੱਲਾ ਵਾਸੀਆਂ ਵੱਲੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਸੰਦੀਪ ਬਾਂਸਲ ਚੇਅਰਮੈਨ ਜੀ ਬੀ ਇੰਟਰਨੈਸ਼ਨਲ ਸਕੂਲ, ਤੇਜਿੰਦਰ ਸਿੰਘ ਖਹਿਰਾ, ਜੈਨ ਸਮਾਜ ਤੇ ਪ੍ਰਧਾਨ ਗੌਰਵ ਜੈਨ, ਸੈਕਟਰੀ ਸੰਦੀਪ ਜੈਨ, ਉੱਪ ਪ੍ਰਧਾਨ ਨਿਤਿਨ ਜੈਨ, ਪਿੰਕ ਰਾਜ ਜੈਨ, ਮਨਹਰ ਜੈਨ, ਸਾਂਤੀ ਪ੍ਰਕਾਸ਼, ਨਵਜੋਤ ਜੈਨ, ਅਤੁੱਲ ਜੈਨ, ਸੋਨਲ ਜੈਨ, ਰਿਸਵ ਜ਼ੈਨ, ਸੁਖਦੀਪ ਸਿੰਘ ਖਹਿਰਾ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹੁੱਲਾ ਵਾਸੀ ਮੋਜੂਦ ਸਨ।

**FORM NO. 3**
**[SEE REGULATION-13(1)(A)]**

## DEBTS RECOVERY TRIBUNAL CHANDIGARH (DRT 1)
### 2ND FLOOR, SCO NO. 33-34-35, SECTOR 17-A, CHANDIGARH

**CASE NO. : OA/724/2025** **Exh No. 32136**

ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

### ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ
### ਬਨਾਮ ਕੁਲਜੀਤ ਸਿੰਘ ਰੰਧਾਵਾ

ਸੇਵਾ 'ਚ,
(1) ਬਲਦੇਵ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਮਲੱਕ ਨੰਗਲ, ਡਾਕ. ਉਧੋ ਨੰਗਲ ਤਹਿ. ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143114

### ਸੰਮਨ

ਜਦੋਂ ਕਿ ਓ ਏ/724/2025 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 26.11.2025 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁ. 21,40,893/-(ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨਾਲ ਨੱਥੀ) ਕਰਜ਼ਾ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਐਕਟ (ਓ ਏ) ਦੇ ਸੈਕਸ਼ਨ 19 (4) ਤਹਿਤ ਸੰਮਨ/ਨੋਟਿਸ ਜਾਰੀ ਕਰਨ 'ਤੇ ਪ੍ਰਸੰਨਤਾ ਹੋ ਰਹੀ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :-
(1) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਮੰਗੀ ਗਈ ਰਾਹਤ ਕਿਉਂ ਮਨਜ਼ੂਰ ਨਾ ਕੀਤੀ ਜਾਵੇ।
(2) ਬਿਨੈਕਾਰ ਵੱਲੋਂ ਅਸਲ ਅਰਜ਼ੀਆਂ ਦੇ ਨਾਲ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐੱਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ।
(3) ਅਸਲ ਅਰਜ਼ੀ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਜਾਂ ਸਕਿਉਰਡ ਐੱਸਟਸ ਜਿਨ੍ਹਾਂ ਵਿਰੁੱਧ ਸੁਣਵਾਈ ਲੰਬਿਤ ਹੈ ਅਤੇ ਜਾਇਦਾਦਾਂ ਦੀ ਅਟੈਚਮੈਂਟ ਵਾਸਤੇ ਅਰਜ਼ੀ ਦੇ ਨਿਪਟਾਰੇ ਸੰਬੰਧੀ ਸੌਦੇਬਾਜ਼ੀ ਜਾਂ ਨਿਪਟਾਰੇ ਲਈ ਤੁਹਾਡੇ 'ਤੇ ਪਾਬੰਦੀ ਹੈ।
(4) ਕਿਸੇ ਵੀ ਐੱਸਟਸ ਜਿਸ 'ਤੇ ਸੁੱਰਖਿਆ ਹਿੱਤ ਰੱਖਿਆ ਹੈ ਅਤੇ/ਜਾਂ ਅਸਲ ਅਰਜ਼ੀ ਦੀ ਲੜੀ ਨੰ. 3 ਏ ਅਧੀਨ ਦਰਸਾਈਆਂ ਵਿਸ਼ੇਸ਼ ਜਾਇਦਾਦਾਂ ਅਤੇ ਐੱਸਟਸ ਕਾਰੋਬਾਰ ਦੇ ਆਮ ਸਰੋਤ ਤੋਂ ਇਲਾਵਾ ਟ੍ਰਿਬਿਊਨਲ ਦੀ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕੋਗੇ।
(5) ਸਕਿਉਰਡ ਐੱਸਟਸ ਜਾਂ ਹੋਰ ਐੱਸਟਸ ਅਤੇ ਜਾਇਦਾਦਾਂ ਦੀ ਬਿਜ਼ਨੈੱਸ ਦੇ ਆਮ ਸਰੋਤਾਂ ਲਈ ਵਿਕਰੀ ਅਮਲ ਲਈ ਤੁਸੀਂ ਉੱਤਰਦਾਈ ਹੋਵੋਗੇ ਅਤੇ ਇਸ ਵਿਕਰੀ ਅਮਲ ਦਾ ਡਿਪਾਜ਼ਟ ਅਜਿਹੇ ਐੱਸਟਸ 'ਤੇ ਸੁਰੱਖਿਆ ਹਿੱਤ ਰੱਖਣ ਵਾਲੇ ਬੈਂਕ ਖਾਤੇ ਜਾਂ ਵਿੱਤੀ ਸੰਸਥਾਵਾਂ 'ਚ ਜਮ੍ਹਾਂ ਕਰਵਾਉਣਾ ਹੋਵੇਗਾ।
ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 26.02.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 28.11.2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

**FORM NO. 3**
**[SEE REGULATION-13(1)(A)]**

## DEBTS RECOVERY TRIBUNAL CHANDIGARH (DRT 1)
### 2ND FLOOR, SCO NO. 33-34-35, SECTOR 17-A, CHANDIGARH

**CASE NO. : OA/560/2025** **Exh No. 32437**

ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

### ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ
### ਬਨਾਮ ਹਰਮੀਕ ਸਿੰਘ

ਸੇਵਾ 'ਚ,
(1) ਹਰਮੀਕ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਪਿੰਡ ਰਾਮਪੁਰਾ, ਡਾਕ. ਗੁਮਾਨਪੁਰਾ, ਤਹਿ. ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ
(2) ਰਾਜਬੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਮਕਾਨ ਨੰ. 48 ਪਿੰਡ ਰਾਮਪੁਰਾ, ਤਹਿ. ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ
(3) ਗੁਰਪ੍ਰੀਤ ਸਿੰਘ ਪੁੱਤਰ ਸਾਹਿਬ ਦਿਆਲ ਸਿੰਘ ਵਾਸੀ ਪਿੰਡ ਰਾਮਪੁਰਾ, ਡਾਕ. ਗੁਮਾਨਪੁਰਾ, ਤਹਿ. ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ

### ਸੰਮਨ

ਜਦੋਂ ਕਿ ਓ ਏ/560/2025 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 11.12.2025 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁ. 28,69,174/- (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨਾਲ ਨੱਥੀ) ਕਰਜ਼ਾ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਐਕਟ (ਓ ਏ) ਦੇ ਸੈਕਸ਼ਨ 19 (4) ਤਹਿਤ ਸੰਮਨ/ਨੋਟਿਸ ਜਾਰੀ ਕਰਨ 'ਤੇ ਪ੍ਰਸੰਨਤਾ ਹੋ ਰਹੀ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :-
(1) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਮੰਗੀ ਗਈ ਰਾਹਤ ਕਿਉਂ ਮਨਜ਼ੂਰ ਨਾ ਕੀਤੀ ਜਾਵੇ।
(2) ਬਿਨੈਕਾਰ ਵੱਲੋਂ ਅਸਲ ਅਰਜ਼ੀਆਂ ਦੇ ਨਾਲ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐੱਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ।
(3) ਅਸਲ ਅਰਜ਼ੀ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਜਾਂ ਸਕਿਉਰਡ ਐੱਸਟਸ ਜਿਨ੍ਹਾਂ ਵਿਰੁੱਧ ਸੁਣਵਾਈ ਲੰਬਿਤ ਹੈ ਅਤੇ ਜਾਇਦਾਦਾਂ ਦੀ ਅਟੈਚਮੈਂਟ ਵਾਸਤੇ ਅਰਜ਼ੀ ਦੇ ਨਿਪਟਾਰੇ ਸੰਬੰਧੀ ਸੌਦੇਬਾਜ਼ੀ ਜਾਂ ਨਿਪਟਾਰੇ ਲਈ ਤੁਹਾਡੇ 'ਤੇ ਪਾਬੰਦੀ ਹੈ।
(4) ਕਿਸੇ ਵੀ ਐੱਸਟਸ ਜਿਸ 'ਤੇ ਸੁਰੱਖਿਆ ਹਿੱਤ ਰੱਖਿਆ ਹੈ ਅਤੇ/ਜਾਂ ਅਸਲ ਅਰਜ਼ੀ ਦੀ ਲੜੀ ਨੰ. 3 ਏ ਅਧੀਨ ਦਰਸਾਈਆਂ ਵਿਸ਼ੇਸ਼ ਜਾਇਦਾਦਾਂ ਅਤੇ ਐੱਸਟਸ ਕਾਰੋਬਾਰ ਦੇ ਆਮ ਸਰੋਤ ਤੋਂ ਇਲਾਵਾ ਟ੍ਰਿਬਿਊਨਲ ਦੀ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕੋਗੇ।
(5) ਸਕਿਉਰਡ ਐੱਸਟਸ ਜਾਂ ਹੋਰ ਐੱਸਟਸ ਅਤੇ ਜਾਇਦਾਦਾਂ ਦੀ ਬਿਜ਼ਨੈੱਸ ਦੇ ਆਮ ਸਰੋਤਾਂ ਲਈ ਵਿਕਰੀ ਅਮਲ ਲਈ ਤੁਸੀਂ ਉੱਤਰਦਾਈ ਹੋਵੋਗੇ ਅਤੇ ਇਸ ਵਿਕਰੀ ਅਮਲ ਦਾ ਡਿਪਾਜ਼ਟ ਅਜਿਹੇ ਐੱਸਟਸ 'ਤੇ ਸੁਰੱਖਿਆ ਹਿੱਤ ਰੱਖਣ ਵਾਲੇ ਬੈਂਕ ਖਾਤੇ ਜਾਂ ਵਿੱਤੀ ਸੰਸਥਾਵਾਂ 'ਚ ਜਮ੍ਹਾਂ ਕਰਵਾਉਣਾ ਹੋਵੇਗਾ।
ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 06.04.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 15.12.2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

## SBI
**BRANCH: HLC SANGRUR**
**DISTRICT : SANGRUR (PB)**
**email : sbi.64793@sbi.co.in**

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਉਨ੍ਹਾਂ ਵੱਲੋਂ ਬੈਂਕ ਕੋਲੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਨਾਕਾਮੀ ਦਿਖਾਈ ਹੈ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੀਆਂ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਅਜਿਹੇ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾਂਦੀ ਹੈ।

| ਲੜੀ ਨੰ. | ਬਰਾਂਚ/ਕਰਜ਼ਦਾਰਾਂ/ਗਰੰਟਰਾਂ/ਭਾਈਵਾਲਾਂ/ ਰਹਿਣਕਾਰਾਂ ਦਾ ਨਾਂਅ | ਜਾਇਦਾਦਾਂ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1. | ਮੋਤੀ ਬਜ਼ਾਰ, ਮਲੇਰਕੋਟਲਾ<br>(ਕਰਜ਼ਦਾਰ) (ਏ) ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਮਨਜੀਤ ਸਿੰਘ ਵਾਸੀ ਮਕਾਨ ਨੰ. ਈ-3/504, ਪ੍ਰੇਮ ਨਗਰ, ਮਲੇਰਕੋਟਲਾ (ਪੰਜਾਬ)-148023 (ਬੀ) ਸ੍ਰੀਮਤੀ ਰਮਨਦੀਪ ਕੌਰ ਪਤਨੀ ਸ੍ਰੀ ਪਰਮਜੀਤ ਸਿੰਘ ਵਾਸੀ ਮਕਾਨ ਨੰ. ਈ-3/504, ਪ੍ਰੇਮ ਨਗਰ, ਮਲੇਰਕੋਟਲਾ (ਪੰਜਾਬ)-148023 | ਬੈਨਾਮਾ ਵਸੀਕਾ ਨੰ. 1008 ਮਿਤੀ 18/09/2015 ਅਨੁਸਾਰ ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਮਨਜੀਤ ਸਿੰਘ ਦੇ ਨਾਂਅ ਰਿਹਾਇਸ਼ੀ ਮਕਾਨ ਰਕਬਾ 0 ਬੀ-2 ਬੀ-14 ਬੀ (ਜੋ ਕਿ 135 ਵਰਗ ਗਜ਼) ਕੁੱਲ ਜ਼ਮੀਨ ਰਕਬਾ 2 ਬੀ-16 ਬੀ-10 ਬੀ ਦਾ 27/565 ਹਿੱਸਾ, ਖੱਤਾ ਨੰ. 27/27, ਖਤੌਨੀ ਨੰ. 216, ਖਸਰਾ ਨੰ. 97 ਮਿੰਨ/2-16-10, ਜਮ੍ਹਾਂਬੰਦੀ ਸਾਲ 2017-18, ਕਿਲ੍ਹਾ ਰਹਿਮਤਗੜ੍ਹ, ਮਲੇਰਕੋਟਲਾ (ਪੰਜਾਬ) 148023 ਉਕਤ ਜਾਇਦਾਦ ਦੀਆਂ ਹੱਦਾਂ ਹਨ : ਪੂਰਬ : 50 ਫੁੱਟ 6 ਇੰਚ+ 8 ਫੁੱਟ ਨੀਲਮ ਭਾਟੀਆ, ਪੱਛਮ : 49 ਫੁੱਟ 9 ਇੰਚ +8 ਫੁੱਟ ਪਲਾਟ ਬਈਆ, ਉੱਤਰ : 21 ਫੁੱਟ ਸੜਕ 16 ਇੰਚ ਚੌੜੀ, ਦੱਖਣ : 20 ਫੁੱਟ 10.1/2 ਇੰਚ ਮਕਾਨ ਜੰਗੀ ਸਿੰਘ | 01-05-2024 | 17-12-2025 | 10/12/2025 ਨੂੰ ਰੁਪਏ 10,21,534/- (ਦਸ ਲੱਖ ਇੱਕੀ ਹਜ਼ਾਰ ਪੰਜ ਸੌ ਚੌਂਤੀ ਰੁਪਏ ਕੇਵਲ) ਤੁਸੀਂ ਉਕਤ ਰਕਮ 'ਤੇ ਠੇਕਾ ਦਰ 'ਤੇ ਭਵਿੱਖੀ ਵਿਆਜ ਸਮੇਤ ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਅਦਾ ਕਰਨ ਦੇ ਵੀ ਜ਼ਿੰਮੇਵਾਰ ਹੋਵੋਗੇ। |
| 2. | ਸੁਨਾਮ, ਸੰਗਰੂਰ<br>(ਕਰਜ਼ਦਾਰ) : ਸ੍ਰੀ ਸ਼ੇਰ ਸਿੰਘ ਪੁੱਤਰ ਸ੍ਰੀ ਰਛਪਾਲ ਸਿੰਘ ਵਾਸੀ ਨੇੜੇ ਬਾਬਾ ਭਾਈ ਮੂਲ ਚੰਦ ਸਮਾਧ, ਐੱਸ ਯੂ ਐੱਸ ਕਾਲਜ, ਸੁਨਾਮ ਦੇ ਪਿਛਲੇ ਪਾਸੇ, ਜ਼ਿਲ੍ਹਾ ਸੰਗਰੂਰ (ਪੰਜਾਬ)-148028 | ਬੈਨਾਮਾ ਵਸੀਕਾ ਨੰ. 1310 ਮਿਤੀ 20/10/2015 ਅਨੁਸਾਰ ਸ੍ਰੀ ਸ਼ੇਰ ਸਿੰਘ ਪੁੱਤਰ ਸ੍ਰੀ ਰਛਪਾਲ ਸਿੰਘ ਦੇ ਨਾਂਅ ਜ਼ਮੀਨ ਅਤੇ ਇਮਾਰਤ, ਖੱਤਾ/ਖਤੌਨੀ ਨੰ. 863/1060, ਖਸਰਾ ਨੰ. 399//4 ਮਿੰਨ, ਕਿੱਤਾ 1, ਖੇਤਰ ਰਕਬਾ 0 ਕਨਾਲ 05 ਮਰਲੇ, ਪਿੰਡ ਸੁਨਾਮ ਏ, ਏਕਤਾ ਕਾਲੋਨੀ ਵਜੋਂ ਜਾਣੀ ਜਾਂਦੀ ਜਗ੍ਹਾ, ਨੇੜੇ ਬਾਬਾ ਭਾਈ ਮੂਲ ਚੰਦ ਸਮਾਧ, ਸੁਨਾਮ, ਤਹਿਸੀਲ ਸੁਨਾਮ/ਊਧਮ ਸਿੰਘ ਵਾਲਾ, ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁਝ। ਉਕਤ ਜਾਇਦਾਦ ਦੀਆਂ ਹੱਦਾਂ ਹਨ : ਪੂਰਬ : ਗਲੀ 22'-6", ਪੱਛਮ : ਐੱਸ ਯੂ ਐੱਸ ਕਾਲਜ 22'-6", ਉੱਤਰ : ਮਕਾਨ ਸ੍ਰੀ ਸੁਖਦੇਵ ਸਿੰਘ 66'-0", ਦੱਖਣ : ਮਕਾਨ ਸ੍ਰੀ ਯਾਦਵਿੰਦਰ ਸਿੰਘ 60'-0" | 13-10-2016 | 06-12-2025 | 06/12/2025 ਨੂੰ ਰੁਪਏ 26,08,804/- (ਛੱਬੀ ਲੱਖ ਅੱਠ ਹਜ਼ਾਰ ਅੱਠ ਸੌ ਚਾਰ ਰੁਪਏ ਕੇਵਲ) ਤੁਸੀਂ ਉਕਤ ਰਕਮ 'ਤੇ ਠੇਕਾ ਦਰ 'ਤੇ ਭਵਿੱਖੀ ਵਿਆਜ ਸਮੇਤ ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਅਦਾ ਕਰਨ ਦੇ ਵੀ ਜ਼ਿੰਮੇਵਾਰ ਹੋਵੋਗੇ। |

ਬਦਲਵੀਂ ਨੋਟਿਸ ਸੇਵਾ ਵਾਸਤੇ ਕਦਮ ਉਠਾਏ ਜਾ ਰਹੇ ਹਨ, ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ (ਜਿੱਥੇ ਵੀ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਦਾ ਸੱਦਾ ਦਿੱਤਾ ਗਿਆ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ 60 ਦਿਨ ਗੁਜ਼ਰ ਜਾਣ ਦੇ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਤੇ ਕਾਰੋਬਾਰ ਦੀ ਆਮ ਪ੍ਰਕਿਰਿਆ ਤੋਂ ਇਲਾਵਾ ਤੁਹਾਡੇ 'ਤੇ ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ 'ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।
ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਸੰਬੰਧਤ ਬਰਾਂਚ ਤੋਂ ਨੋਟਿਸ ਪ੍ਰਾਪਤੀ ਦੀ ਕਾਪੀ ਹਾਸਲ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 21-01-2026 ਸਥਾਨ : ਸੰਗਰੂਰ ਅਧਿਕਾਰਤ ਅਫਸਰ

## LOVELY PROFESSIONAL UNIVERSITY

*Transforming Education Transforming India*

NAAC GRADE A++

# ADMISSIONS NOTICE 2026

**Fee Per Semester ₹10,000/-**
- Diploma in Library and Information Sciences (D.Lib.I.Sc.)
- M.A. (Punjabi)
- M.A. (Hindi)
- Bachelors of Library and Information Science
- Masters of Library and Information Science

**Fee Per Semester ₹30,000/-**
- Diploma (Engg.) – ECE, CSE, ME, CE, AE, EE
- Diploma Artificial Intelligence And Machine Learning (AI And ML)
- Diploma in Architectural Assistantship
- Diploma (Engg.) [Lateral Entry] – ECE, CSE, ME, CE
- B.A. B.Ed. (Secondary Stage) - Four Year Integrated Teacher Education Programme (ITEP)*
- B.A. B.Ed. (Middle Stage) - Four Year Integrated Teacher Education Programme (ITEP)*#
- B.Sc. B.Ed. (Secondary Stage) - Four Year Integrated Teacher Education Programme (ITEP)*
- B.Ed. / B.Com. B.Ed. (Secondary Stage) - Four Year Integrated Teacher Education Programme (ITEP)*#
- M.A. (Education)

**Fee Per Semester ₹50,000/-**
- Diploma in Business Administration
- Diploma in Medical Lab. Technology (DMLT)
- B.Sc. (Hons.)/(Hons with Research) Zoology
- B.Sc. (Zoology)
- B.Sc. (Hons.)/ (Hons with Research) Physics
- B.Sc. (Physics)
- B.Sc. (Hons.)/ (Hons with Research) Chemistry
- B.Sc. (Chemistry)
- B.Sc. (Hons.)/ (Hons with Research) Mathematics
- B.Sc. (Mathematics)
- B.A. (Fine Arts)
- Bachelor of Fine Arts (BFA)
- B.A. (Music Vocal)/ B.A. (Theatre)
- BPA (Music Vocal)/ BPA (Theatre)
- Bachelor of Arts (B.A.)
- B.A. (Hons.)/ (Hons. with Research)
- Bachelor of Social Work (BSW)
- Bachelor of Social Work (Hons.)/ (Hons with Research)
- B.Sc. (Health and Physical Education)
- Bachelor of Physical Education and Sports (BPES)
- M.Com.
- M.Sc. (Economics)/ M.A. (Economics)
- Master of Fine Arts (MFA)
- Master of Performing Arts (MPA)
- M.A. (English) / M.A. (History)
- M.A. (Public Administration)
- M.A. (Psychology)
- M.A. (Applied Clinical Psychology)
- M.Sc. (Forensic Psychology)
- M.A. (Sociology)
- Master of Social Work (MSW)
- M.A. (Political Science)
- M.Sc. (Geography)
- M.P.Ed./ B.P.Ed.
- M.Sc. (Hons.) (Botany/ Zoology/ Physics)
- M.Sc.(Hons.) Chemistry
- M.Sc. (Environmental Sciences)
- M.Sc. (Mathematics)
- M.A. (Mathematics)
- M.Sc. (Statistics and Data Analytics)
- Ph.D. - Engineering, Geospatial Information Science and Technology, Computer Applications, Agronomy, Entomology, Fruit Science, Genetics and Plant Breeding, Plant Pathology, Vegetable Science, Soil Science, Food Science & Technology, Environmental Sciences, Biotechnology, Bioinformatics, Microbiology, Biochemistry, Botany, Forensic Sciences, Zoology, Chemistry, Physics, Mathematics, Statistics, Management, Commerce, Economics, Hotel Management, Tourism Management, Law, Planning, Architecture, Library Sceince, Fashion, Interior and Furniture Design, Product and Industrial Design, User Experience, Animation and Visual Design, Fine Arts, Performing Arts-Theatre, Journalism and Mass Communication, Film and TV Production, English, Political Science, Sociology, History, Hindi, Punjabi, Public Administration, Education, Social Work, Physical Education, Pharmaceutics, Pharmaceutical Chemistry, Pharmacognosy, Pharmacology, Pharmacy Practice, Pharmaceutical Analysis, Ayurvedic Pharmacy, Clinical Microbiology, Clinical Biochemistry, Clinical Embryology, Physiotherapy

**Fee Per Semester ₹80,000/-**
- BCA/ B.Sc. (IT)
- B Sc (IT) [2+2 with international credit transfer option]
- B.Sc. (Hons.)/ (Hons with Research) Forensic Sciences
- B.Sc. (Forensic Science)
- B.Sc. (Hons.)/ (Hons with Research) Food Technology
- B.Sc. (Food Technology)
- B.Sc. (Nutrition and Dietetics)
- B.Sc. (Hons.)/ (Hons with Research) Biotechnology
- B.Sc. (Biotechnology)
- B.Sc. (Hons.)/ (Hons with Research) Microbiology
- B.Sc. (Microbiology)
- BBA
- BBA [ 2+2 with international credit transfer option]
- BBA (Hons.)/ (Hons. with Research)
- BBA (IT)
- BBA (Cargo, Logistics, and Supply Chain Management)
- B.Com./ B.Com [2+2 with international credit transfer option]
- B.Com. (Hons.)/ (Hons. with Research)
- B.Sc. (Economics)
- B.Sc. (Hons.)/ (Hons with Research) Economics
- Bachelor of Hotel Mgt. and Catering Technology (BHMCT)
- Bachelor of Hotel Mgt. and Catering Technology (BHMCT) [ 2+2 with international credit transfer option]
- B.Sc. (Hotel and Hospitality Management)
- B.Sc. (Airlines, Tourism and Hospitality)
- BBA (Tourism, Hospitality and Event Mgt.)
- BBA (Airlines and Airport Management)
- Integrated B.Tech - M.Tech. (Urban & Regional Planning)
- B.Sc. (Film and TV Production)
- B.Design (Film and TV Production)
- B.A. (Journalism & Mass Communication)
- Bachelor of Physiotherapy (BPT)
- Bachelor of Medical Laboratory Science
- Bachelor of Optometry
- Bachelor of Anaesthesia and Operation Theatre Technology
- BCA [Lateral Entry]
- B.Sc. (IT) [Lateral Entry]
- BBA [Lateral Entry]
- B.Com. [Lateral Entry]
- Bachelor of Hotel Mgt and Catering Technology (BHMCT) [Lateral Entry]
- B.Sc (Hotel and Hospitality Management) [Lateral Entry]
- B.Sc. (Airlines, Tourism and Hospitality) [Lateral Entry]
- BPT [Lateral Entry]
- B.Sc. (Medical Lab Tech.) [Lateral Entry]
- B.Sc. (Optometry) [Lateral Entry]
- B.Sc. (Anaesthesia and Operation Theatre Technology) [Lateral Entry]
- Master of Medical Laboratory Science (Medical Biochemistry)
- Master of Medical Laboratory Science (Medical Microbiology)
- Master of Medical Laboratory Science (Haematology and Transfusion Medicine)
- Master of Medical Laboratory Science (Histology and Cytology)
- M.Sc. (Hospitality Management)
- M.Tech. (Urban Planning)
- Master of Architecture
- M.Design (Product and Industrial)
- M.Sc. (UI/UX Design)
- M.Design (UI/UX)
- M.Sc. (Interior and Furniture Design)
- M.Design (Interior and Furniture)
- M.Sc. (Fashion Design)
- M.Sc. (Animation and VFX Design)
- M.Sc. (Film and TV Production)
- M.A. (Journalism and Mass Communication)
- LL.B./ LL.M.
- M.Tech. (VLSI Design)
- M.Tech (Robotics and Artificial Intelligence)
- M.Tech. (Food Technology)
- M.Tech. (Aerospace Engineering)
- M.Tech. (Biotechnology)
- M.Tech (Biotechnology) [1+1 with international credit transfer option]
- M.Tech. (Power Systems)
- M.Tech. (Structural Engg.)
- M.Tech. (Transportation Engineering)
- M.Tech. (Construction Management)
- M.Sc. (Information Technology)
- M.Sc. (Food Science and Technology)
- M.Sc. (Nutrition and Dietetics)
- M.Sc. (Hons.) Biotechnology
- M.Sc. (Hons.) Microbiology
- M.Sc. (Forensic Science)
- M.Pharm. (Ayurveda)
- MPT (Sports Science/ Neuroscience)
- MPT (Musculoskeletal Science)

**Fee Per Semester ₹1,00,000/-**
- BCA (Artificial Intelligence and Data Analytics)
- BCA (Virtual Reality with Artificial Intelligence)
- BCA (AI and Robotics)
- Integrated BBA-MBA
- BBA (Financial Markets)
- BBA (International Finance)
- BBA (Business Analytics)
- BBA (International Accounting)
- BBA (Corporate Finance)
- BBA (Fintech and Artificial Intelligence)
- BBA (Artificial Intelligence and Machine Learning)
- BBA (Digital Marketing and Artificial Intelligence)
- B.Com. (Management Accounting and International Finance)
- B.Com. (International Accounting)
- B.Com. (Corporate Finance)
- B.Com.(Fintech & Artificial Intelligence)
- B.Sc. (Bakery and Pastry Management)
- B.Sc. (Culinary Arts)
- Bachelor of Cardiovascular Technology
- Bachelor of Dialysis Therapy Technology)
- Bachelor of Medical Radiology and Imaging Tech.
- Bachelor of Respiratory Therapy
- B.Sc. (Medical Radiology and Imaging Technology) [Lateral Entry]
- B.Sc. (Cardiovascular Technology) [Lateral Entry]
- M.Tech. (Computer Science and Engg.)
- M.Tech. (Computer Science and Engineering) (by Research) [1+1 with international credit transfer option]
- M.Tech. (Machine Learning and Artificial Intelligence)
- M.Tech. (Data Science and Analytics)
- M.Tech. (Information Security and Cyber Forensics)
- MCA

**Fee Per Semester ₹1,20,000/-**
- BCA (Data Science)
- BCA (Artificial Intelligence & Machine Learning)
- BCA (Cyber Security)
- B.Sc. (Computer Science - Cyber Security)
- B.Sc. (Hons.) Agriculture
- BBA (Industry Integrated)
- B.Com. (Industry Integrated)
- B.Arch.
- B.Pharm.
- B.Pharm.[Lateral Entry]
- MCA (Hons.) (Data Science)
- MCA (Hons.) (Artificial Intelligence and Machine Learning)
- MCA (Hons.) (Cyber Security)
- M.Sc (Data Science)
- M.Sc. (Agri.) Agronomy
- M.Sc. (Agri.) Soil Science
- M.Sc. (Agri.) Genetics and Plant Breeding
- M.Sc. (Agri.) Entomology
- M.Sc. (Agri.) Plant Pathology
- M.Sc. (Hort.) Fruit Science
- M.Sc. (Hort.) Vegetable Science
- M.Sc. (Hort.) Floriculture and Landscaping
- M.Pharm. (Pharmaceutics)
- M.Pharm. (Pharmacology)
- M.Pharm. (Pharmaceutical Analysis)
- M.Pharm. (Pharmaceutical Chemistry)
- M.Pharm. (Pharmacy Practice)

**Fee Per Semester ₹1,40,000/-**
- B.Tech. – Mechanical Engg., Biotechnology+, ECE, ME- Mechatronics, Food Technology+, Automobile Engg., Biomedical Engg.+, EE, Aerospace Engg., Chemical Engg., EEE, Civil Engineering
- B.Tech. [ 2+2 with international credit transfer option] (Mechanical Engg., Biotech.+, ECE, ME- Mechatronics, Automobile Engg., Civil Engg.)
- B.Sc. (Interior and Furniture Design)
- B.Design (Interior and Furniture)
- B.Design (Product and Industrial)
- B.Design (UI/UX)
- B.Sc. (Fashion Design)
- B.Design (Fashion)
- B Design (Fashion) [ 2+2 with international credit transfer option]
- B.Sc. (Animation and VFX Design)
- B.Design (Animation and VFX)
- B.Sc. (Graphics Design)
- B.Design (Graphics)
- B.Sc. (Gaming Design)
- B.Design (Gaming)
- B.A. LL.B.(Hons.)
- BBA LL.B. (Hons.)
- B.Tech. (ECE, ME, ME-Mectronics, CE, EE, EEE, BT+, Food Tech.+, AE, Aerospace Engg., CHE, BE+)[Lateral Entry]
- B.Tech. (Construction Tech.) [Lateral Entry]
- B.Sc. (Interior and Furniture Design) [Lateral Entry]
- B.Design (Interior and Furniture) [Lateral Entry]
- B.Design (Product and Industrial) [Lateral Entry]
- B.Design (UI/UX) [Lateral Entry]
- B.Sc. (Fashion Design) [Lateral Entry]
- B.Design (Fashion) [Lateral Entry]
- MBA (Tourism, Aviation and Hospitality)

**Fee Per Semester ₹1,60,000/-**
- B.Tech - (CSE, IT)
- B Tech (CSE) [ 2+2 with international credit transfer option]
- B.Sc. Clinical Psychology (Hons.)
- B.Tech. (CSE/ IT) [Lateral Entry]
- M.A (Clinical Psychology)

**Fee Per Semester ₹1,80,000/-**
- B.Tech. (Robotics and Automation)
- B.Tech. (CSE- Data Science with ML)
- B.Tech. (CSE - AI-Powered DevOps Engg.)
- B.Tech. (CSE- Cloud Computing and Gen AI)
- B.Tech. (CSE - Big Data and AI Analytics)
- B.Tech. (CSE - Fintech and AI)
- B.Tech. (CSE - Cybersecurity, Compliance and Risk)
- B.Tech. (CSE - Internet of Things and AI Analytics)
- B.Tech. (CSE - AI and Data Analytics)
- B.Tech. (CSE - Computer Science and Business Systems)
- B.Tech. (ECE - Semiconductor and VLSI Design)
- B.Tech. (Artificial Intelligence & Automation)
- B.Tech. (EE - Artificial Intelligence)
- B.Tech. (CE - AI and ML)
- B.Tech. (ME - Artificial Intelligence and Machine Learning)
- B.Tech. (Robotics and Automation) [Lateral Entry]

**Fee Per Semester ₹2,00,000/-**
- B.Tech. (CSE - AI and ML)
- B.Tech. (CSE - Robotics and AI)
- B.Tech. (CSE- Generative AI) [Gen AI]
- B.Tech. (CSE - AI and Data Engineering)
- B.Tech. (CSE - Software Product Engineering)
- B.Tech. (CSE - Augmented Reality and Virtual Reality)
- B.Tech. (Hons.) (CSE - Data Science and Data Engineering)
- B.Tech. (Hons.) (CSE- Cyber Security and Block Chain)
- B.Tech. (Hons.) (CSE- Full Stack Software Development)
- B.Tech. (CSE - AI and ML) [Lateral Entry]

**Fee Per Semester ₹2,20,000/-**
- MBA/MBA [1+1 with international credit transfer option]
- MBA (International Business)
- MBA (Hospital and Healthcare Management)
- MBA (Digital & Social Media Marketing)
- M.Sc. (Clinical Embryology)

**Fee Per Semester ₹2,70,000/-**
- MBA (Data Science and Artificial Intelligence)
- MBA (Fintech and Artificial Intelligence)
- MBA (Business Analytics)
- MBA (Financial Markets)
- MBA (Supply Chain and Logistics)

**Fee Per Semester ₹5,00,000/-**
- B.Tech. (CSE - AI, Cloud Computing, System Design and Cybersecurity Immersion)

#Subject to be approval

+Medical Students can also apply

*Admission to the ITEP programme is subject to qualifying NCET (National Common Entrance Test) conducted by the National Testing Agency (NTA), as per applicable norms.

*^ Student after successful completion of 3 yrs. will have choice to exit programme with relevant B.Sc./ B.A. Degree*

Examination Fee is **₹5000** per semester
Scholarship can be availed on the basis of previous performance in academics, cultural, sports or other activities.
The term 'Programme fee' as mentioned above, includes - Tuition and Development fees; University Fee for Registration/ Enrolment, Cultural, Sports, Club activities, Co-curricular activities etc.; Fee for services/ facilities like Outreach, Placement, Medical, Counselor and any other Contingencies etc. as prescribed by the University. The fee for these components is mentioned on the university website www.lpu.in

**Note:** Programme Fees prescribed above for admission batch 2026 subject to amendment if any made by the University therein shall apply only to students taking admission in session 2026 in the University and for the normal minimum duration of concerned program. Fee and Charges for any verification, issuing certificates etc. required by any student/alumni shall be payable according to the fee and charges prescribed by the university for that specific purpose/document for the particular year/session in which the certificate, verification etc is made/issued by the university.

For information regarding registration, eligibility, admission process, important dates (Interview and other details), mode of payment, highlights, admission guidelines, student grant, scholarship etc. and all other relevant information for the purpose of admission, refer university website www.lpu.in

HOW TO APPLY? Applicants can apply online at www.lpu.in

Apply For
LPUNEST 2026
NATIONAL ENTRANCE AND SCHOLARSHIP TEST

**LOVELY PROFESSIONAL UNIVERSITY (LPU)**
Jalandhar - Delhi G.T. Road, Phagwara, Punjab (INDIA)
Email: admissions@lpu.co.in | www.lpu.in
Contact us: 01824-404408

# ਕੈਬਨਿਟ ਮੰਤਰੀ ਨੇ ਸਿਵਲ ਹਸਪਤਾਲ 'ਚ ਚੱਲ ਰਹੇ ਕੰਮਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ



ਜਲੰਧਰ, (ਸੁਰਿੰਦਰ ਕੁਮਾਰ)-ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਰੋਗੀ ਕਲਿਆਣ ਸਮਿਤੀ ਦੀ ਮੀਟਿੰਗ ਦੌਰਾਨ ਸਿਵਲ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਇਲਾਜ ਸੇਵਾਵਾਂ ਹੋਰ ਬਿਹਤਰ ਤੇ ਅਸਰਦਾਰ ਢੰਗ ਨਾਲ ਮੁਹੱਈਆ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਇਥੇ ਸਿਵਲ ਹਸਪਤਾਲ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਸਿਵਲ ਹਸਪਤਾਲ ਵਿੱਚ ਸੀਵਰੇਜ ਦੀਆਂ ਪਾਈਪਾਂ ਪਾਉਣ ਦੇ ਚੱਲ ਰਹੇ ਕੰਮ, ਸਥਾਪਤ ਕੀਤੇ ਜਾ ਰਹੇ ਫਾਇਰ ਫਾਈਟਿੰਗ ਸਿਸਟਮ ਦੀ ਪ੍ਰਗਤੀ ਸਮੇਤ ਬਾਥਰੂਮਾਂ ਤੇ ਚਾਰਦਿਵਾਰੀ ਦੀ ਮੁਰੰਮਤ ਸਮੇਤ ਹੋਰ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਸ਼੍ਰੀ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਲੋਕਾਂ ਨੂੰ ਬਿਹਤਰੀਨ ਅਤੇ ਪ੍ਰਭਾਵਸ਼ਾਲੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਦ੍ਰਿੜ ਵਚਨਬੱਧ ਹੈ। ਉਨ੍ਹਾਂ ਸਿਵਲ ਹਸਪਤਾਲ ਬੁਨਿਆਦੀ ਢਾਂਚੇ, ਉਪਰਕਣਾਂ ਅਤੇ ਹੋਰ ਲੋੜਾਂ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਭਰੋਸਾ ਦਿਵਾਇਆ ਇਨ੍ਹਾਂ ਨੂੰ ਜਲਦ ਪੂਰਾ ਕੀਤਾ ਜਾਵੇਗਾ।ਭਗਤ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਿਵਲ ਹਸਪਤਾਲ ਵਿੱਚੋਂ ਕੂੜਾ ਰੋਜ਼ਾਨਾ ਦੇ ਆਧਾਰ 'ਤੇ ਚੁੱਕਿਆ ਜਾਵੇ ਤਾਂ ਜੋ ਸਾਫ-ਸੁਥਰਾ ਮਾਹੌਲ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨਗਰ ਨਿਗਮ ਨੂੰ ਸਿਵਲ ਹਸਪਤਾਲ ਵਿੱਚ ਆਵਾਰਾ ਕੁੱਤਿਆਂ ਦੇ ਪ੍ਰਬੰਧਨ ਲਈ ਨਿਯਮਿਤ ਤੌਰ 'ਤੇ ਟੀਮਾਂ ਭੇਜਣ ਦੀ ਹਦਾਇਤ ਵੀ ਕੀਤੀ।

ਮੀਟਿੰਗ ਦੌਰਾਨ ਸਿਵਲ ਹਸਪਤਾਲ ਵਿੱਚ ਪਾਏ ਜਾ ਰਹੇ ਸੀਵਰੇਜ ਸਿਸਟਮ ਵਿੱਚ 8-10 ਇੰਚ ਦੀ ਪਾਈਪ ਪਾਉਣ, ਪਾਰਕਿੰਗ ਦੇ ਠੇਕੇ ਨੂੰ ਨਵਿਆਉਣ, ਵਾਧੂ ਡੰਪ ਬਣਾਉਣ, 130 ਬਾਥਰੂਮਾਂ ਦੀ ਮੁਰੰਮਤ ਤੇ ਨਵੀਨੀਕਰਨ, ਚਾਰਦਿਵਾਰੀ ਦੀ ਮੁਰੰਮਤ, ਆਡੀਓਮੀਟਰੀ ਰੂਮ ਦੇ ਨਵੀਨੀਕਰਨ ਅਤੇ ਉਪਕਰਨਾਂ ਦੀ ਖ਼ਰੀਦ ਸਮੇਤ ਹੋਰ ਕੰਮ ਕਰਵਾਉਣ ਲਈ ਮਤਾ ਪਾਸ ਕੀਤਾ ਗਿਆ।ਉਪਰੰਤ ਕੈਬਨਿਟ ਮੰਤਰੀ ਵੱਲੋਂ ਸਿਵਲ ਹਸਪਤਾਲ ਦੀ ਐਮਰਜੈਂਸੀ ਦਾ ਦੌਰਾ ਕੀਤਾ ਗਿਆ, ਜਿਥੇ ਉਨ੍ਹਾਂ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾ ਹਾਲ-ਚਾਲ ਜਾਣਿਆਂ ਅਤੇ ਉਨ੍ਹਾਂ ਨੂੰ ਸਿਵਲ ਹਸਪਤਾਲ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਇਲਾਜ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।

# ਦਿਨ ਵੇਲੇ ਅੱਧੀ ਤੇ ਰਾਤ ਨੂੰ ਦੁੱਗਣੀ ਚੌੜੀ ਹੋ ਜਾਂਦੀ ਹੈ ਕਾਹਨੂੰਵਾਨ ਦੀ ਸੜਕ !



ਕਾਦੀਆਂ (ਸਰਵਿੰਦਰ ਸਿੰਘ ਮਲਹੋਤਰਾ)- ਇਹ ਖਬਰ ਪੜ੍ਹਨ ਅਤੇ ਸੁਣਨ ਨੂੰ ਤੁਹਾਨੂੰ ਅਜੀਬ ਲੱਗੇਗੀ ਪਰ ਇਹ ਸੱਚਾਈ ਹੈ ਕਿ ਕਸਬਾ ਕਾਹਨੂੰਵਾਨ ਦੇ ਮੇਨ ਬਾਜ਼ਾਰ ਵਿੱਚੋਂ ਲੰਘਦੀ ਬਟਾਲਾ-ਮੁਕੇਰੀਆਂ ਸੜਕ ਦਿਨ ਵੇਲੇ ਆਕਾਰ ਦੇ ਵਿੱਚ ਅੱਧੀ ਅਤੇ ਰਾਤ ਨੂੰ ਦੁੱਗਣੀ ਹੋ ਜਾਂਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਸੜਕ ਦੇ ਉੱਪਰ ਸਥਿਤ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਦੇ ਸ਼ਟਰ ਤੋਂ ਪੰਜ ਮੀਟਰ ਦੀ ਦੂਰੀ ਤੱਕ ਆਪਣੀਆਂ ਦੁਕਾਨਾਂ ਦਾ ਸਾਮਾਨ ਡਿਸਪਲੇ ਕੀਤਾ ਜਾਂਦਾ ਹੈ ਜਿਸ ਕਾਰਨ ਇਸ ਸੜਕ ਦਾ ਦਿਨ ਦੇ ਵੇਲੇ ਆਕਾਰ ਅੱਧਾ ਰਹਿ ਜਾਂਦਾ ਹੈ। ਦੁਕਾਨਦਾਰਾਂ ਵੱਲੋਂ ਦੋਨੋਂ ਪਾਸੇ ਸੜਕ ਦੇ ਉੱਪਰ ਕਬਜ਼ੇ ਕਰਨ ਨਾਲ ਇਸ ਸੜਕ ਦੇ ਉੱਪਰ ਅਕਸਰ ਹੀ ਟਰੈਫਿਕ ਜਾਮ ਰਹਿੰਦਾ ਹੈ। ਜਾਮ ਲੱਗਣ ਕਾਰਨ ਸੜਕ ਉੱਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਹਨ ਅਤੇ ਇਹ ਆਮ ਗੱਲ ਹੈ ਕਿ ਟਰੈਫਿਕ ਜਾਮ ਦੌਰਾਨ ਕਈ ਵਾਰ ਵਾਹਨ ਵਿੱਚ ਟਕਰਾ ਜਾਂਦੇ ਹਨ ਜਿਸ ਤੋਂ ਬਾਅਦ ਅਕਸਰ ਹੀ ਵਾਹਨ ਚਾਲਕ ਲੜਦੇ ਝਗੜਦੇ ਦਿਖਾਈ ਦਿੰਦੇ ਹਨ। ਇਸ ਸੜਕ ਉੱਤੇ ਟਰੈਫਿਕ ਦੀ ਸਮੱਸਿਆ ਉਸ ਵੇਲੇ ਹੋਰ ਵੀ ਗੰਭੀਰ ਹੋ ਜਾਂਦੀ ਹੈ। ਜਦੋਂ ਇਸ ਸੜਕ ਦੇ ਉੱਪਰ ਕੋਈ ਹੈਵੀ ਵਹੀਕਲ ਲੱਗਦਾ ਹੈ ਜਾਂ ਦੁਪਹਿਰ ਦੇ ਸਮੇਂ ਬੱਚਿਆਂ ਨੂੰ ਸਕੂਲਾਂ ਵਿੱਚੋਂ ਛੁੱਟੀ ਹੁੰਦੀ ਹੈ। ਇਸ ਸਮੇਂ ਬੱਚਿਆਂ ਨੂੰ ਟਰੈਫਿਕ ਖੁੱਲ੍ਹਣ ਦਾ ਕਾਫੀ ਸਮਾਂ ਬੱਸ ਦੇ ਵਿੱਚ ਹੀ ਬੈਠ ਕੇ ਇੰਤਜ਼ਾਰ ਕਰਨਾ ਪੈਂਦਾ ਹੈ ਪਰ ਇਸ ਪਾਸੇ ਵੱਲ ਨਾ ਤਾਂ ਸੰਬੰਧਤ ਥਾਣੇ ਦੀ ਪੁਲਸ ਦਾ ਕੋਈ ਧਿਆਨ ਜਾ ਰਿਹਾ ਹੈ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਇਸ ਪਾਸੇ ਵੱਲ ਕੋਈ ਗੌਰ ਕਰ ਰਿਹਾ ਹੈ। ਜਿਸ ਕਾਰਨ ਇਸ ਦਾ ਖਮਿਆਜ਼ਾ ਟਰੈਫਿਕ ਵਿੱਚ ਫਸੇ ਭੁੱਖੇ ਪਿਆਸੇ ਬੱਚਿਆਂ ਅਤੇ ਰਾਹਗੀਰਾਂ ਨੂੰ ਭੁਗਤਣਾ ਪੈ ਰਿਹਾ। ਇਸ ਸੰਬੰਧੀ ਗੱਲਬਾਤ ਕਰਦਿਆਂ ਹੋਇਆਂ ਅਮਨ ਫਾਊਂਡੇਸ਼ਨ ਦੇ ਡਾਇਰੈਕਟਰ ਮਨਪ੍ਰੀਤ ਸਿੰਘ ਲਾਧੂਪੁਰ ਨੇ ਇਸ ਸੰਬੰਧੀ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਸਾਡੀ ਫਾਊਂਡੇਸ਼ਨ ਵੱਲੋਂ ਨਿੱਤ ਦਿਨ ਵੱਧ ਤੋਂ ਵੱਧ ਰਹੀ ਕਾਹਨੂੰਵਾਨ ਸ਼ਹਿਰ ਦੀ ਟਰੈਫਿਕ ਸਮੱਸਿਆ ਦੇ ਬਾਰੇ ਐੱਸਐੱਸਪੀ ਗੁਰਦਾਸਪੁਰ ਨੂੰ ਇੱਕ ਪੱਤਰ ਵੀ ਲਿਖਿਆ ਗਿਆ ਸੀ ਪਰ ਇਸ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਉਨ੍ਹਾਂ ਐੱਸਐੱਸਪੀ ਗੁਰਦਾਸਪੁਰ ਤੋਂ ਮੰਗ ਕੀਤੀ ਕਿ ਕਾਹਨੂੰਵਾਨ ਸ਼ਹਿਰ ਦੀ ਟਰੈਫਿਕ ਸਮੱਸਿਆ ਦੀ ਬਹਾਲੀ ਲਈ ਠੋਸ ਕਦਮ ਚੁੱਕੇ ਜਾਣ।

# ਰਾਣਾ ਕੂੰਨਰ ਨੇ ਸਾਥੀਆਂ ਸਮੇਤ ਜ਼ਿਲ੍ਹਾ ਯੋਜਨਾ ਬੋਰਡ ਲੁਧਿਆਣਾ ਦੇ ਮੈਂਬਰ ਵਜੋਂ ਸੰਭਾਲਿਆ ਅਹੁਦਾ



ਦੋਰਾਹਾ (ਹਰਮਿੰਦਰ ਸੇਠ)- ਆਮ ਆਦਮੀ ਪਾਰਟੀ (ਆਪ) ਦੇ ਸੰਗਠਨ ਇੰਚਾਰਜ ਗੁਰਵਿੰਦਰ ਸਿੰਘ ਰਾਣਾ ਕੂੰਨਰ ਨੇ ਆਪਣੇ ਸਾਥੀਆਂ ਸਮੇਤ ਜ਼ਿਲ੍ਹਾ ਯੋਜਨਾ ਬੋਰਡ ਲੁਧਿਆਣਾ ਦੇ ਮੈਂਬਰ ਵਜੋਂ ਸਰਕਾਰੀ ਤੌਰ 'ਤੇ ਅਹੁਦਾ ਸੰਭਾਲ ਲਿਆ। ਇਸ ਸਬੰਧੀ ਅਹੁਦਾ ਸੰਭਾਲਣ ਦੀ ਰਸਮੀ ਕਾਰਵਾਈ ਲੁਧਿਆਣਾ ਸਥਿਤ ਜ਼ਿਲ੍ਹਾ ਯੋਜਨਾ ਬੋਰਡ ਦੇ ਦਫ਼ਤਰ ਵਿੱਚ ਪੂਰੀ ਕੀਤੀ ਗਈ।ਅਹੁਦਾ ਸੰਭਾਲਣ ਮੌਕੇ ਰਾਣਾ ਕੂੰਨਰ ਨੇ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜ਼ਿੰਮੇਵਾਰੀ ਉਨ੍ਹਾਂ ਲਈ ਮਾਣ ਦੀ ਗੱਲ ਹੈ ਅਤੇ ਉਹ ਇਸ ਨੂੰ ਪੂਰੀ ਇਮਾਨਦਾਰੀ, ਨਿਸ਼ਠਾ ਅਤੇ ਜ਼ਿੰਮੇਵਾਰੀ ਨਾਲ ਨਿਭਾਉਣਗੇ।ਉਨ੍ਹਾਂ ਦੋਰਾਹਾ ਸ਼ਹਿਰ ਸਮੇਤ ਪੂਰੇ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ, ਸੜਕਾਂ, ਸਿਹਤ, ਸਿੱਖਿਆ ਅਤੇ ਹੋਰ ਲੋਕ-ਭਲਾਈ ਯੋਜਨਾਵਾਂ ਨੂੰ ਤਰਜੀਹ ਦੇਣ ਦੀ ਗੱਲ ਕਹੀ।ਇਸ ਮੌਕੇ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਜਤਿੰਦਰ ਸਿੰਘ ਖੰਗੂੜਾ ਵੱਲੋਂ ਸਮਾਰੋਹ ਦੌਰਾਨ ਹਾਜ਼ਰ ਸਾਰਿਆਂ ਨੂੰ ਸਿਰੋਪਾਉ ਪਾ ਕੇ ਸਨਮਾਨਤ ਕੀਤਾ ਗਿਆ। ਸਮਾਰੋਹ ਵਿੱਚ ਸੀਨੀਅਰ ਆਮ ਆਦਮੀ ਪਾਰਟੀ ਆਗੂ ਗੁਰਦਰਸ਼ਨ ਸਿੰਘ (ਜ਼ਿਲ੍ਹਾ ਪ੍ਰਧਾਨ ਦੇਹਾਤੀ-2), ਜਤਿੰਦਰ ਪਾਲ ਸਿੰਘ ਗਿੱਲ (ਚੇਅਰਮੈਨ/ਜ਼ਿਲ੍ਹਾ ਪ੍ਰਧਾਨ ਦੇਹਾਤੀ), ਤੇਜਿੰਦਰ ਮਿੰਠੋ, ਗੁਰਵਿੰਦਰ ਸਿੰਘ ਰਾਣਾ ਕੂਨਰ (ਸੰਗਠਨ ਇੰਚਾਰਜ ਅਤੇ ਮੈਂਬਰ, ਜ਼ਿਲ੍ਹਾ ਯੋਜਨਾ ਬੋਰਡ), ਤੇਜਿੰਦਰ ਪਾਲ ਸਿੰਘ ਗਰੇਵਾਲ, ਦਲਜੀਤ ਸਿੰਘ, ਮਾਸਟਰ ਅਵਤਾਰ ਸਿੰਘ, ਜਸਵਿੰਦਰ ਨਵੀ, ਮਾਸਟਰ ਹਰੀ ਸਿੰਘ (ਸੀਨੀਅਰ ਆਗੂ), ਬਲਵਿੰਦਰ ਸਿੰਘ (ਬਲਾਕ ਪ੍ਰਧਾਨ), ਕੁਮੈਤੀ ਜੇ ਸਿੰਘ ਅਤੇ ਹਰਵਿੰਦਰ ਸਿੰਘ ਆਦਿ ਹਾਜ਼ਰ ਸਨ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਗੁਰਵਿੰਦਰ ਸਿੰਘ ਰਾਣਾ ਕੂੰਨਰ ਨੂੰ ਵਧਾਈ ਦਿੰਦਿਆਂ ਆਸ ਜਤਾਈ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਦੋਰਾਹਾ ਅਤੇ ਲੁਧਿਆਣਾ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੇਗੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਉੱਚ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾਵੇਗਾ।

## ਪੰਜਾਬ 'ਚ ਮੌਤ ਦੀਆਂ ਦੁਕਾਨਾਂ ਚੱਲ ਰਹੀਆਂ ਹਨ : ਮਿੰਕੂ ਚੌਧਰੀ

ਫਿਰੋਜ਼ਪੁਰ (ਅਸ਼ਿਕ ਭਸ਼ਰਮਾ)- ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਪਾਰਟੀ ਦੇ ਪੰਜਾਬ ਉਪ ਪ੍ਰਧਾਨ ਮਿੰਕੂ ਚੌਧਰੀ ਨੇ ਪੰਜਾਬ ਵਿਚ ਫੈਲ ਰਹੇ ਮੈਡੀਕਲ ਨਸ਼ੇ ਨੂੰ ਲੈ ਕੇ ਕਿਹਾ ਕਿ ਅੱਜ ਫਿਰੋਜ਼ਪੁਰ ਵਿਚ ਮੈਡੀਕਲ ਸਟੋਰ ਦਵਾਈ ਦੇ ਨਾਮ 'ਤੇ ਮੌਤ ਵੰਡ ਰਹੇ ਹਨ ਅਤੇ ਮੌਤ ਦੇ ਅੱਡੇ ਬਣ ਚੁੱਕੇ ਹਨ, ਜਿੱਥੇ ਸ਼ਰੇਆਮ ਨਸ਼ੀਲੀਆਂ ਗੋਲੀਆਂ ਵੇਚੀਆਂ ਜਾ ਰਹੀਆਂ ਹਨ ਅਤੇ ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੈ। ਮਿੰਕੂ ਚੌਧਰੀ ਨੇ ਕਿਹਾ ਕਿ ਫਿਰੋਜ਼ਪੁਰ ਹੀ ਨਹੀਂ, ਸਗੋਂ ਪੂਰੇ ਪੰਜਾਬ ਵਿੱਚ ਸ਼ਰੇਆਮ ਮੈਡੀਕਲ ਨਸ਼ਾ ਵੇਚਿਆ ਜਾ ਰਿਹਾ ਹੈ। ਮਿਹਨਤ-ਮਜ਼ਦੂਰੀ ਕਰਨ ਵਾਲਾ ਕਿਰਤੀ ਵਰਗ ਇਨ੍ਹਾਂ ਗੋਲੀਆਂ ਨੂੰ ਦਵਾਈ ਸਮਝ ਕੇ ਖਾ ਰਿਹਾ ਹੈ ਅਤੇ ਕੰਮ 'ਤੇ ਜਾ ਰਿਹਾ ਹੈ, ਪਰ ਹਕੀਕਤ ਵਿਚ ਉਹ ਹੌਲੀ-ਹੌਲੀ ਆਪਣੇ ਸਰੀਰ, ਦਿਮਾਗ ਅਤੇ ਪਰਿਵਾਰ ਤਿੰਨਾਂ ਨੂੰ ਤਬਾਹ ਕਰ ਰਿਹਾ ਹੈ। ਇਹ ਨਸ਼ਾ ਸਿਰਫ਼ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਸਮਾਜ ਨੂੰ ਖੋਖਲਾ ਕਰ ਰਿਹਾ ਹੈ।

## ਸਕੋਡਾ ਆਟੋ ਇੰਡੀਆ ਵੱਲੋਂ ਵਧੀਆ ਫੀਚਰਾਂ ਨਾਲ ਲੈਸ ਨਵੀਂ ਕੁਸ਼ਾਕ ਪੇਸ਼

ਅੰਮ੍ਰਿਤਸਰ-ਸਕੋਡਾ ਆਟੋ ਇੰਡੀਆ ਨੇ ਭਾਰਤੀ ਬਾਜ਼ਾਰ ਵਿੱਚ ਆਪਣੀ ਲੋਕਪ੍ਰਿਯ ਐੱਸਯੂਵੀ ਨਵੀਂ ਕੁਸ਼ਾਕ ਪੇਸ਼ ਕੀਤੀ ਹੈ।ਇਹ ਮਾਡਲ ਕੰਪਨੀ ਦੀ ਇੰਡੀਆ 2.0 ਰਣਨੀਤੀ ਤਹਿਤ ਤਿਆਰ ਕੀਤਾ ਗਿਆ ਹੈ, ਜਿਸਦਾ ਮਕਸਦ ਭਾਰਤੀ ਸੜਕਾਂ ਲਈ ਯੂਰਪੀ ਤਕਨਾਲੋਜੀ ਨੂੰ ਹੋਰ ਸੌਖਾ ਬਣਾਉਣਾ ਹੈ।ਨਵੀਂ ਕੁਸ਼ਾਕ ਵਿੱਚ ਆਧੁਨਿਕ ਸਾਲਿਡ ਡਿਜ਼ਾਈਨ, ਬਿਹਤਰ ਡ੍ਰਾਈਵਿੰਗ ਅਨੁਭਵ ਅਤੇ ਉੱਨਤ ਸੁਰੱਖਿਆ ਸੁਵਿਧਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਨਵੀਂ ਕੁਸ਼ਾਕ ਵਿੱਚ ਸੈਗਮੈਂਟ-ਫਰਸਟ ਅੱਠ-ਸਪੀਡ ਟਾਰਕ ਕੰਵਰਟਰ ਆਟੋਮੈਟਿਕ ਟ੍ਰਾਂਸਮਿਸ਼ਨ ਦਿੱਤਾ ਗਿਆ ਹੈ, ਜਿਸਨੂੰ 1.0 ਟੀਐੱਸਆਈ ਇੰਜਣ ਨਾਲ ਜੋੜਿਆ ਗਿਆ ਹੈ।ਇਸ ਤੋਂ ਇਲਾਵਾ 1.5 ਟੀਐੱਸਆਈ ਇੰਜਣ ਨਾਲ ਸੱਤ-ਸਪੀਡ ਡੀਐੱਸਜੀ ਆਟੋਮੈਟਿਕ ਦਾ ਵਿਕਲਪ ਵੀ ਮੌਜੂਦ ਹੈ।ਐੱਸਯੂਵੀ ਵਿੱਚ ਪਹਿਲੀ ਵਾਰ ਰੀਅਰ ਸੀਟ ਮਸਾਜ ਫੰਕਸ਼ਨ ਅਤੇ ਪੈਨੋਰਾਮਿਕ ਸਨਰੂਫ ਦਿੱਤਾ ਗਿਆ ਹੈ।ਸੁਰੱਖਿਆ ਦੇ ਮਾਮਲੇ ਵਿੱਚ ਨਵੀਂ ਕੁਸ਼ਾਕ ਨੂੰ ਗਲੋਬਲ ਐਨਕੈਪ ਦੀ 5-ਸਟਾਰ ਰੇਟਿੰਗ ਮਿਲੀ ਹੈ।ਸਾਰੇ ਵੈਰੀਐਂਟਸ ਵਿੱਚ ਛੇ ਏਅਰਬੈਗ ਸਮੇਤ 25 ਤੋਂ ਵੱਧ ਸੇਫਟੀ ਫੀਚਰ ਸਟੈਂਡਰਡ ਦਿੱਤੇ ਗਏ ਹਨ।ਕੰਪਨੀ ਨੇ ਚਾਰ ਸਾਲ ਦੀ ਵਾਰੰਟੀ ਅਤੇ ਰੋਡਸਾਈਡ ਅਸਿਸਟੈਂਸ ਦੇ ਨਾਲ 'ਸਕੋਡਾ ਸੁਪਰ ਕੇਅਰ' ਪੈਕੇਜ ਵੀ ਪੇਸ਼ ਕੀਤਾ ਹੈ।ਨਵੀਂ ਕੁਸ਼ਾਕ ਦੀ ਪ੍ਰੀ-ਬੁਕਿੰਗ ਸ਼ੁਰੂ ਹੋ ਚੁੱਕੀ ਹੈ ਅਤੇ ਇਸ ਦੀ ਡਲਿਵਰੀ ਮਾਰਚ 2026 ਦੇ ਅੰਤ ਤੱਕ ਸ਼ੁਰੂ ਹੋਣ ਦੀ ਉਮੀਦ ਹੈ।

## ਜ਼ਿਲਾ ਪੱਧਰੀ ਕੁਇਜ਼ ਮੁਕਾਬਲੇ 'ਚ ਦਲਜੀਤ ਕੌਰ ਵੱਲੋਂ ਦੂਜਾ ਸਥਾਨ ਹਾਸਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਸਰਕਾਰ ਨੇ ਵਿਦਿਆਰਥੀਆਂ 'ਚ ਹੁਨਰਮੰਦ ਸਿੱਖਿਆ ਦੀ ਰੁਚੀ ਪੈਦਾ ਕਰਨ ਲਈ ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਕੁਇਜ਼ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਮੁੱਚੇ ਪੰਜਾਬ ਭਰ 'ਚ ਇਹ ਮੁਕਾਬਲੇ ਕਰਵਾਏ ਗਏ ।ਕਪੂਰਥਲਾ ਜ਼ਿਲੇ 'ਚ ਇਹ ਮੁਕਾਬਲਾ ਸਕੂਲ ਆਫ ਐਮੀਨੈਂਸ 'ਚ ਕਰਵਾਇਆ ਗਿਆ। ਸਮੁੱਚੇ ਕਪੂਰਥਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ 'ਚੋਂ ਵਿਦਿਆਰਥੀਆਂ ਨੇ ਮੁਕਾਬਲੇ 'ਚ ਭਾਗ ਲਿਆ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਲੁਬਾਣਾ ਦੀ ਵਿਦਿਆਰਥਣ ਦਲਜੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਨੂਰਪੁਰ ਲੁਬਾਣਾ ਦੇ ਐੱਨਐੱਸਕਿਊਐੱਫ ਵੋਕੇਸ਼ਨਲ ਅਧਿਆਪਕ ਗੁਰਪ੍ਰੀਤ ਸਿੰਘ ਤੇ ਸਿਮਰਨਦੀਪ ਕੌਰ ਨੇ ਕਿਹਾ ਕਿ ਇਹ ਪ੍ਰਾਪਤੀ ਸਾਡੇ ਨੂਰਪੁਰ ਲੁਬਾਣਾ ਸਕੂਲ ਦੇ ਪ੍ਰਿੰਸੀਪਲ ਸਟੇਟ ਐਵਾਰਡੀ ਪੁਨੀਤ ਪੁਰੀ ਦੀ ਬਦੌਲਤ ਹੈ । ਸਕੂਲ ਦੀ ਹੋਣਹਾਰ ਵਿਦਿਆਰਥਣ ਦਲਜੀਤ ਕੌਰ ਨੇ ਸਕੂਲ ਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਟੇਟ ਐਵਾਰਡੀ ਪ੍ਰਿੰਸੀਪਲ ਪੁਨੀਤ ਪੁਰੀ ਨੇ ਦੱਸਿਆ ਕਿ ਸਰਕਾਰ ਦੇ ਇਸ ਉਪਰਾਲੇ ਕਾਰਨ ਨੌਜਵਾਨ ਵਿਦਿਆਰਥੀਆਂ 'ਚ ਵੋਕੇਸ਼ਨਲ ਵਿਸ਼ੇ ਪ੍ਰਤੀ ਜਾਗਰੂਕਤਾ ਵਧੇਗੀ ਤੇ ਨੌਜਵਾਨ ਹੁਨਰਮੰਦ ਸਿੱਖਿਆ ਪ੍ਰਾਪਤ ਕਰਕੇ ਬੇਰੁਜ਼ਗਾਰੀ ਦਾ ਖ਼ਾਤਮਾ ਕਰ ਸਕਦੇ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਇਸ ਅਗਾਂਹਵਧੂ ਉਪਰਾਲੇ ਦੀ ਸ਼ਲਾਘਾ ਕੀਤੀ।

## 20 ਫਰਵਰੀ ਤੱਕ ਫਿਰ ਖੁੱਲ੍ਹੇਗਾ ਐੱਚ ਕੇ ਆਰ ਐੱਨ ਐੱਲ ਪੋਰਟਲ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਸਰਕਾਰ ਨੇ ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵੱਲੋਂ ਪ੍ਰਾਪਤ ਲਗਾਤਾਰ ਅਪੀਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਲਿਮੀਟੇਡ (ਐੱਚ ਕੇ ਆਰ ਐੱਨ ਐੱਲ) ਦੇ ਪੋਰਟਲ ਨੂੰ ਮੁੜ ਖੋਲਣ ਦਾ ਫੈਸਲਾ ਕੀਤਾ ਹੈ, ਤਾਂ ਜੋ ਯੋਗ ਠੇਕਾ ਕਰਮਚਾਰੀਆਂ ਦਾ ਡੇਟਾ ਮੁੜ ਪੋਰਟ ਕੀਤਾ ਜਾ ਸਕੇ। ਮੁੱਖ ਸਕੱਤਰ ਦਫਤਰ ਵੱਲੋਂ ਜਾਰੀ ਆਦੇਸ਼ ਅਨੁਸਾਰ, 20 ਫਰਵਰੀ, 2026 ਤੱਕ ਇੱਕ ਵੱਖ ਵਿੰਡੋ ਖੋਲੀ ਜਾਵੇਗੀ। ਸਬੰਧਿਤ ਵਿਭਾਗ ਵੱਲੋਂ ਵਿੱਤ ਵਿਭਾਗ ਤੋਂ ਪ੍ਰਾਪਤ ਮੰਜੂਰੀ ਦੀ ਫੋਟੋਕਾਪੀ ਐੱਚ ਕੇ ਆਰ ਐੱਨ ਐੱਲ ਪੋਰਟਲ 'ਤੇ ਅਪਲੋਡ ਕੀਤੇ ਜਾਣ ਦੇ ਬਾਅਦ ਹੀ ਉਸ ਵਿਭਾਗ ਲਈ ਪੋਰਟਲ ਖੋਲਿਆ ਜਾਵੇਗਾ। ਐੱਚ ਕੇ ਆਰ ਐੱਨ ਐੱਲ ਪੋਰਟਲ ਉਨ੍ਹਾਂ ਠੇਕਾ ਕਰਮਚਾਰੀਆਂ ਦਾ ਵੇਰਵਾ ਅਪਲੋਡ ਕਰਨ ਲਈ ਮੁੜ ਖੋਲਿਆ ਜਾਵੇਗਾ, ਜਿਨ੍ਹਾਂ ਨੂੰ 31 ਮਾਰਚ, 2022 ਜਾਂ ਉਸ ਤੋਂ ਪਹਿਲਾਂ ਨਿਯੁਕਤ ਕੀਤਾ ਗਿਆ ਸੀ ਤੇ ਜੋ ਮੌਜੂਦਾ ਵਿੱਚ ਕੰਮ ਕਰ ਰਹੇ ਹਨ। ਇਹ ਕਦਮ ਅਜਿਹੇ ਕਰਮਚਾਰੀਆਂ ਨੂੰ ਹਰਿਆਣਾ ਠੇਕਾ ਕਰਮਚਾਰੀ ਸੇਵਾ ਸੁਰੱਖਿਆ ਐਕਟ, 2024 ਤਹਿਤ ਪ੍ਰਦਾਨ ਕੀਤੇ ਜਾਣ ਵਾਲੇ ਲਾਭ ਯਕੀਨੀ ਕਰਨ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ।ਗੌਰਤਲਬ ਹੈ ਕਿ ਇਸ ਤੋਂ ਪਹਿਲਾਂ 13 ਅਗਸਤ, 2024 ਨੂੰ ਜਾਰੀ ਨਿਰਦੇਸ਼ਾਂ ਤਹਿਤ ਐੱਚ ਕੇ ਆਰ ਐੱਨ ਐੱਲ ਪੋਰਟਲ ਨੂੰ 30 ਸਤੰਬਰ, 2024 ਤੱਕ ਖੋਲਿਆ ਗਿਆ ਸੀ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Ankit S/o Dev Chander Jha Residing at House No. 323, Ekta Nagar, Chugitti, Jalandhar have changed my name from Ankit to Ankit Jha. Please note. (12962)

I,Sahil S/O Ashok Kumar R/O H. No. 1225/1, Gali Rajpura, Amritsar, Punjab have changed my name from Sahil to Sahil Kumar. Concerned note.

I, Surinder Singh S/o Karam Singh, R/o Plot No. 5, Street No. 3, Partap Colony, 33 Futa Road, Mundian Kalan, Ludhiana, Punjab-141015, i have Changed my name from Surinder Kumar to Surinder Singh. All Concerned Note.

I Rajesh Aggarwal S/o Ram Murti R/o H No EG-964 Mohalla GOB-INDGARH, Jalandhar -144001 Punjab, India have changed my name from Rajesh Aggarwal to Rajesh Kumar. Please note.

I Neena Aggarwal W/o Rajesh Kumar R/o H No. EG-964 Mohalla GOBINDGARH, Jalandhar -144001 Punjab, India have changed my name from Neena Aggarwal to Neena Rani. Please note.

I, Amritpal Singh S/o Jaswant Singh R/o VPO. Rasulpur Kalan, Teh. Nakodar Distt. Jalandhar, Punjab have changed my name from Amritpal Singh to Given name as Amritpal & Singh as Surname. All please note.

I, Nikshita D/O Raman Arora R/O Plot No. 2, Gali No. 8, New Jawahar Nagar, Batala Road, Amritsar, Punjab have changed my name from Nikshita to Nikshita Arora. Concerned note.

I, Daniel S/o Rajinder Singh R/o VPO Tanuli Tehsil and Distt. Hoshiarpur Punjab have changed my name from Dainel to Daniel Heer. Concerned note.

I, Gurbrinder Kaur Gill Wife of Lovepreet Singh Sandhu R/o 404-B, Basant Avenue, Amritsar have changed my name from Gurbrinder Kaur Gill to Gurbrinder Kaur Concerned may please be noted.

I, Harendra Singh S/o Harpal Singh R/o 1/S, Fairland Colony, F.G.C Road, Amit Amroaly Factory Amritsar have changed my name from Harendra Singh to Harinder Singh.

I, Manjeet Kaur W/o Dilbag Singh R/o Village Sohal Thathi PO Sohal Tehsil and District Tarn Taran have declare that Manjeet is my Give name and Kaur is my Surname.

I, Mehtab Singh S/o Kuldeep Singh R/o Village Lelian PO Preet Nagar Amritsar have declare that Mehtab is my Given name and Singh is my Surname.

I, Ranjeet Singh S/o Sukhdev Singh R/o Vill Nangal Jhour PO Bharath Teh Batala, Gurdaspur have declare that Ranjeet is my Given name and Singh is my Surname.

I, Veena Rani W/o Parkash Singh R/o H.No.6, Gali No.5, Hargobind Avenue, Palah Sahib Road, Amritsar have changed my name from Veena Rani to Veena Kumari.

I, Harpal Singh S/o Balwinder Singh R/o Village Jhande, Distt. Amritsar, Punjab-143502 have changed my name from Harpal Singh to Singh is my surname and Harpal is my given name.

I, Varinder Kumar s/o Om Parkash and Jaswinder Kaur, r/o. Vill. Jagpalpur, PO. Ranipur, Tehsil Phagwara, PIN: 144403, Kapurthala, Punjab, India., have changed my name Varinder Kumar to Name: Varinder and Surname: Kumar. All please note

I, Gopal S/o Karamjit R/o VPO. Sidhwan Dona, Distt. Kapurthala, Punjab declare that I have changed my minor son name from Manjot to Manjot Singh. All Please Note.

I, Jatinderjit Singh s/o Gurbachan Singh r/o H.No. 1223, Urban Estate, Kapurthala, Punjab have changed my name to Jatinder Jit Singh Arora. All Please Note.

I, Fathima Wasim w/o Shalabh Saxena r/o B-604, Lifestyle Blu Salaiya, Bhopal, Po. Bawadia Kalan, Distt. Madhya Pradesh-462026 have changed my name from Fathima Wasim to Yashika Shalabh Saxena. All Please Note.

I, Shikha w/o Ravinder Kumar r/o 49, Parkash Nagar, Po. Model Town, Jalandhar have changed my name from Shikha to Shikha Puri. All Please Note.

## Change of Name

I, Pankit Thukral s/o Kulbhushan Thukral r/o H. No. 32/A, Green Avenue, Behinds MS Farms, Basti Bawa Khel, Jalandhar have changed my name to Given name as Pankit & Surname as Thukral. All Please Note.

I, Satinder Kaur w/o Jasvir Singh r/o VPO. Khudda, Teh. Dasuya, Distt. Hoshiarpur-144305, Punjab have changed my name to Kaur Satinder. All Please Note.

I, Gaurav s/o Avinash Chander r/o H.No.413, Urban Estate, Phase-1, Po. Jalandhar Cantt, Jalandhar have changed my name to Gaurav Verma (Verma as Surname). All Please Note.

I, hitherto known as Parvinder D/o Gurdev Chand Leel W/o Krishan Gopal R/o H.No.6, Dhilwan Road, New Dashmesh Nagar, Phase-III, Near Sandhu Dairy, Po.Ladhewali, Distt Jalandhar, Punjab-144007, have changed my name and shall hereafter be known as Pooja.

I, Charanjit Singh S/o Jaspal Singh R/o Chuharwal Villa Kothi, Po. Lakhan Kalan, Distt. Kapurthala, Punjab have changed my name from Charanjit Singh to Singh Charanjit (Surname as Singh) All Please Note.

I, Surbhi Sharma D/o Sudhir Sardana R/o 688, New Model House, Jalandhar, Punjab have changed my name from Surbhi Sharma to Surbhi Sardana. All Please Note.

I, Amar Singh S/o Charan Singh R/o H.No.896, Urban Estate, Phase-1, Jalandhar, Punjab have changed name from Amar Singh to Amar Singh Kailey (Surname as Kailey). All Please Note.

I, Ekta Rani W/o Rajiv Kumar Sharma R/o Dala Patti, VPO. Jandu Singha, Distt. Jalandhar, Punjab have changed my name from Ekta Rani to Ekta Sharma. All Please Note.

I, Sarbjit Kaur W/o Kulwant Singh R/o Village Mullianwal, PO. Batala, Tehsil Batala, Distt. Gurdaspur, Punjab have changed my name from Sarabjit Kaur to Sarbjit Kaur. Concerned Note.

I, Preeti Kaur D/o Parshotam Lal R/o Village Sotran, PO. Banga, District Shaheed Bhagat Singh Nagar, Punjab-144505 have changed my name from Preeti Kaur to Given Name as Preeti & Surname as Kaur. All concerned please note.

I, Rajni Mehmi D/o Paramjit R/o House No. 343, Manoj Colony, Ludhiana, Punjab-141001 have changed my name from Rajni Mehmi to Given Name as Rajni & Surname as Mehmi. All concerned please note.

I, Jeet S/o Gunga resident of VPO Tehang, Teh. Phillaur, Jalandhar-144410, Punjab have changed my name from Jeet to Jeet Ram. All concerned please note.

I, Kuldeep kaur D/o Sawinder Singh R/o Vpo Sangatpur Distt Tarn Taran have changed my name from Kuldeep Kaur to Kuldeep as her Given Name and Kaur as her Surname.

I, Jasleen D/o Balvir Singh R/o Village Bhagian, PO. Hussainpur Lalowal, Tehsil/District Hoshiarpur, Punjab-144210, have changed my name and shall hereafter be known as Jasleen Kaur. Please Note.

## PUBLIC NOTICE

I, Gurwinder Singh S/o Tarsem Singh R/o VPO. Dalelpur, Tehsil/Distt. Gurdaspur, Pin-143512, Punjab, India declare that my given name as Gurwinder and my Surname as Singh.

## ਨਾਂਅ ਦੀ ਬਦਲੀ

ਮੈਂ, ਨੰਦਨ ਪੁੱਤਰ ਮੋਹਨ ਲਾਲ ਬਾਲੀ, ਵਾਸੀ ਪਿੰਡ ਤੇ ਡਾਕ. ਲਾਂਬੜਾ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਨੰਦਨ ਤੋਂ ਬਦਲ ਕੇ ਨੰਦਨ ਬਾਲੀ ਰੱਖ ਲਿਆ ਹੈ।

ਮੈਂ, ਰੇਖਾ ਪਤਨੀ ਮੋਹਨ ਲਾਲ ਬਾਲੀ, ਵਾਸੀ ਪਿੰਡ ਤੇ ਡਾਕ. ਲਾਂਬੜਾ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਰੇਖਾ ਤੋਂ ਬਦਲ ਕੇ ਰੇਖਾ ਬਾਲੀ ਰੱਖ ਲਿਆ ਹੈ।

ਮੈਂ, ਮੋਹਨ ਲਾਲ ਪੁੱਤਰ ਸ੍ਰੀ ਪ੍ਰੇਮ ਸਿੰਘ, ਵਾਸੀ ਪਿੰਡ ਤੇ ਡਾਕ. ਲਾਂਬੜਾ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਮੋਹਨ ਲਾਲ ਤੋਂ ਬਦਲ ਕੇ ਮੋਹਨ ਲਾਲ ਬਾਲੀ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਦਲਜੀਤ ਸਿੰਘ ਪੁੱਤਰ ਕਰਮ ਸਿੰਘ ਵਾਸੀ ਹਾਊਸ ਨੰਬਰ ਬੀ ਐਲ 2/74 ਸਤਨਾਮਪੁਰਾ ਫਗਵਾੜਾ ਜਿਲਾਂ ਕਪੂਰਥਲਾ ਦਾ ਹਲਫੀਆ ਬਿਆਨ ਕਰਦਾ ਹਾਂ ਮੇਰਾ ਲੜਕਾ ਮਨਦੀਪ ਸਿੰਘ ( ਸ਼ਾਦੀ ਸ਼ੁਦਾ / ਤਲਾਕਸ਼ੁਦਾ ) ਨਸ਼ਾਂ ਕਰਕੇ ਸਾਡੇ ਨਾਲ ਕੁੱਟਮਾਰ ਕਰਦਾ ਹੈ।ਮੇਰੇ ਕਹਿਣੇ ਵਿੱਚ ਨਹੀਂ ਹੈ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰਕ ਦੇ ਬਾਕੀ ਮੈਂਬਰਾਂ ਦੀ ਕੋਈ ਜਿੰਮੇਵਾਰੀ ਨਹੀਂ।

ਮੈਂ, ਪਰਮਜੀਤ ਕੁਮਾਰ ਪੁੱਤਰ ਨੰਦ ਲਾਲ ਵਾਸੀ ਜੰਡਿਆਲਾ ਗੁਰੂ (ਅੰਮ੍ਰਿਤਸਰ) ਬਿਆਨ ਕਰਦਾ ਹਾਂ ਕਿ ਮੇਰਾ ਸ਼ਾਦੀਸ਼ੁਦਾ ਲੜਕਾ ਵਿਕਾਸ ਕੁਮਾਰ (ਵਿੱਕੀ) ਤੇ ਨੂੰਹ ਨਿਸ਼ਾ ਨੂੰ ਕਹਿਣੇ ਕੰਟਰੋਲ ਤੋਂ ਬਾਹਰ ਹੋਣ ਕਰਕੇ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇੰਨਾ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜੁੰਮੇਵਾਰ ਹੋਵੇਗਾ।

ਮੈਂ, ਭੋਲੀ ਪਤਨੀ ਲੇਟ ਮੱਖਣ ਲਾਲ ਵਾਸੀ ਦਰਵੇਸ਼ ਪਿੰਡ ਤਹਿਸੀਲ ਫਗਵਾੜਾ ਜਿਲਾਂ ਕਪੂਰਥਲਾ ਦੀ ਹਲਫੀਆ ਬਿਆਨ ਕਰਦੀ ਹਾਂ ਮੇਰਾ ਲੜਕਾ ਵੰਸ਼ ਟੂਰਾ ਬੁਰੀ ਸੰਗਤ ਵਿੱਚ ਪੈ ਗਿਆ ਹੈ। ਮੇਰੇ ਕਹਿਣੇ ਵਿੱਚ ਨਹੀਂ ਹੈ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰਕ ਦੇ ਬਾਕੀ ਮੈਂਬਰਾਂ ਦੀ ਕੋਈ ਜਿੰਮੇਵਾਰੀ ਨਹੀਂ।

ਮੈਂ, ਜਗਰਾਜ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਬੁੱਕਣ ਵਾਲਾ ਰੋਡ, ਘੱਲ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਜਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ, ਕਰਮ ਸਿੰਘ ਪੁੱਤਰ ਦਲੀਪ ਸਿੰਘ, ਵਾਸੀ ਚੋਹਲਾ ਸਾਹਿਬ, ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਗਰੇਜ਼ ਸਿੰਘ ਅਤੇ ਇਸ ਦੀ ਪਤਨੀ ਸੋਨੀਆ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਚੰਗਾ ਵਿਵਹਾਰ ਨਹੀਂ ਕਰਦੇ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮੋਹਿੰਦਰ ਕੁਮਾਰ ਵਰਮਾ ਪੁੱਤਰ ਲੇਟ ਦਰਬਾਰੀ ਲਾਲ ਵਰਮਾ, ਵਾਸੀ ਮਕਾਨ ਨੰਬਰ 28 ਬੀ, ਗਲੀ ਨੰ: 1, ਕ੍ਰਿਸ਼ਨਾ ਨਗਰ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਜੇਸ਼ ਕੁਮਾਰ ਵਰਮਾ, ਉਸ ਦੀ ਪਤਨੀ ਮਰਿਸ਼ਾ ਵਰਮਾ ਅਤੇ ਉਨ੍ਹਾਂ ਦਾ ਲੜਕਾ ਗਾਰਵੀਕ ਕੁਮਾਰ ਵਰਮਾ ਮੇਰੇ ਕਹਿਣੇ ਤੋਂ ਬਾਹਰ ਹਨ, ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ ਧੀਰਾ ਪੁੱਤਰ ਜੋਗਿੰਦਰਪਾਲ ਵਾਸੀ ਪਿੰਡ ਬਿੰਦ, ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ । ਮੇਰੀ ਸ਼ਾਦੀ ਸੁਦਾ ਲੜਕੀ ਸੁਨੀਤਾ ਜੋ ਕੀ ਮੇਰੇ ਕਹਿਣੇ ਤੋ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ । ਇਸ ਨਾਲ ਲੈਣ ਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ ।

ਮੈਂ, ਰਾਣੋ ਪਤਨੀ ਕ੍ਰਿਸ਼ਨ ਲਾਲ ਵਾਸੀ ਪਿੰਡ ਤੇ ਡਾਕਖਾਨਾ ਕੋਟ ਫਤੂਹੀ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ 'ਗੋਬਿੰਦ ਕੁਮਾਰ' ਜੋ ਕਿ ਮੇਰੇ ਕਹਿਣ ਤੋ ਬਾਹਰ ਹੋਣ ਕਰਕੇ ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦੀ ਹਾਂ ।ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਰਿਹਾ ਹੈ ।ਜੇਕਰ ਕੋਈ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਸਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ ।ਸਾਰੇ ਸੰਬਧਤ ਨੋਟ ਕਰਨ ।

ਮੈਂ ਪੋਬਿੰਦਰ ਸਿੰਘ ਪੁੱਤਰ ਲੇਟ ਜੈ ਸਿੰਘ ਵਾਸੀ 1405, ਗਲੀ ਪੰਜਾਬ ਸਿੰਘ,ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਿੰਦਰਜੀਤ ਸਿੰਘ ਅਤੇ ਇਸਦੀ ਪਤਨੀ ਨੇਹਾ ਜੋ ਕਿ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹਨ, ਲੜਾਈ ਝਗੜਾ ਕਰਦੇ ਰਹਿੰਦੇ ਹਨ । ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਅਤੇ ਘਰੋਂ ਵੀ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ, ਸੁਰਜੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਪਿੰਡ ਮੁੰਨਣ, ਡਾਕਖਾਨਾ ਮੁੱਲਾਂਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਥਾਣਾ ਭੈਣੀ ਮੀਆਂ ਖਾਂ। ਮੇਰਾ ਪੁੱਤਰ ਪਰਮਜੀਤ ਸਿੰਘ ਅਤੇ ਉਸ ਦੀ ਪਤਨੀ ਕੁਲਵਿੰਦਰ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਵਿੰਦਰ ਕੌਰ ਪਤਨੀ ਲੇਟ ਸ੍ਰੀ ਸਵਰਨ ਸਿੰਘ, ਵਾਸੀ ਗੁਦਾਈਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਜਿੰਦਰ ਕੁਮਾਰ ਪੁੱਤਰ ਕੈਲਾਸ਼ ਚੰਦਰ ਵਾਸੀ ਮਕਾਨ ਨੰ. 3, ਨੇੜੇ ਮੁਖਰਜੀ ਹਸਪਤਾਲ, ਗੋਪਾਲ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਸ਼ ਮਲਹੋਤਰਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਬਲਵਿੰਦਰ ਸਿੰਘ ਪੁੱਤਰ ਸੋਹਣ ਸਿੰਘ, ਵਾਸੀ ਪੱਤੀ ਮੰਸੂਰ ਦੀ, ਸੁਲਤਾਨਵਿੰਡ ਪਿੰਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ, ਮੇਰੀ ਨੂੰਹ ਪ੍ਰਭਜੋਤ ਕੌਰ ਪਤਨੀ ਜਸਪ੍ਰੀਤ ਸਿੰਘ, ਮੇਰਾ ਪੋਤਰਾ ਹਰਨੂਰ ਸਿੰਘ, ਮੇਰੀ ਪੋਤਰੀ ਹਰਸੀਰਤ ਕੌਰ ਵਾਸੀ ਪਿੰਡ ਬਹੋੜੂ, ਝਬਾਲ ਰੋਡ, ਅੰਮ੍ਰਿਤਸਰ, ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹਰਮੇਸ਼ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਪਿੰਡ ਮੁਸ਼ਕਵੇਦ, ਡਾ: ਲਖਨ ਕਲਾਂ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪੂਨਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਪਿਆਰੋ ਪਤਨੀ ਦਰਸ਼ਨ ਲਾਲ ਵਾਸੀ ਮਕਾਨ ਨੰ: 45, ਨੇੜੇ ਮਿਲਕ ਪਲਾਂਟ, ਗੁਰਬਚਨ ਨਗਰ, ਮਕਸੂਦਾਂ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਹਿੰਦਰ ਪਾਲ, ਉਸਦੀ ਪਤਨੀ ਲਖਵਿੰਦਰ ਕੌਰ ਵਾ ਉਸਦੀਆਂ ਤਿੰਨੋ ਲੜਕੀਆਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੀਮਾ ਭਾਸਕਰ ਪਤਨੀ ਸਵ. ਸੰਜੀਵ ਕੁਮਾਰ ਭਾਸਕਰ ਵਾਸੀ ਮਕਾਨ ਨੰਬਰ 178, ਜੈਮਲ ਨਗਰ ਨਜਦੀਕ ਗੁਰਦੁਆਰਾ ਗੁਰੂ ਤੇਗ ਬਹਾਦਰ ਕਿਸ਼ਨਪੁਰਾ ਚੌਕ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਵੇਕ ਭਾਸਕਰ ਅਤੇ ਮੇਰੀ ਨੂੰਹ ਮਨੀਸ਼ਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ , ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ, ਪਿਆਰਾ ਲਾਲ ਪੁੱਤਰ ਬਚਨ ਲਾਲ ਅਤੇ ਪਰਮਜੀਤ ਪਤਨੀ ਪਿਆਰਾ ਲਾਲ ਵਾਸੀਆਨ ਮਕਾਨ ਨੰ. 240, ਬੂਟਾਂ ਪਿੰਡ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਜੈਸਮੀਨ ਉਮਰ 21 ਸਾਲ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਕਾਰਜ ਸਿੰਘ ਪੁੱਤਰ ਅਮਰ ਸਿੰਘ ਵਾਸੀ 1/18 ਏ. ਗੁਰੂ ਅਰਜਨ ਦੇਵ ਨਗਰ, ਤਰਨਤਾਰਨ ਰੋਡ ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਬੇਟੇ ਸੁਰਜੀਤ ਸਿੰਘ ਉਰਫ ਮਿੰਟੂ, ਨੂੰਹ ਅਮਨਦੀਪ ਕੋਰ ਅਤੇ ਦੋ ਪੋਤਰੇ ਗੁਰਸਾਹਿਬ ਸਿੰਘ ਅਤੇ ਗੁਰਸ਼ੀਸ਼ ਸਿੰਘ ਜੋ ਕਿ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਨ-ਮਰਜੀ ਕਰਦੇ ਹਨ, ਮੈ ਇਨ੍ਹਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹ ਆਪਣੇ ਮਾੜੇ ਕੰਮਾਂ ਦੇ ਖੁਦ ਜਿੰਮੇਵਾਰ ਹੋਣਗੇ, ਅਤੇ ਕਿਸੇ ਕਿਸਮ ਦੇ ਲੈਣ ਦੇਣ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀਂ ਹੋਵੇਗਾ। ਆਪਣੇ ਨੁਕਸਾਨ ਦੇ ਜਿੰਮੇਵਾਰ ਇਹ ਖੁਦ ਆਪ ਹੋਣਗੇ। ਸੰਬੰਧਤ ਨੋਟ ਕਰਨ।

ਮੈ ਗੋਰਵ ਭਾਟੀਆ ਪੁੱਤਰ ਅਸ਼ੋਕ ਕੁਮਾਰ ਵਾਸੀ ਮਕਾਨ ਨੰਬਰ.7/ਡੀ./6848 ਗਲੀ ਰਾਮ ਨਗਰ ਕਾਲੋਨੀ ਕੋਟ ਖਾਲਸਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾ ਕਿ ਮੇਰੀ ਭਰਜਾਈ ਪੂਨਮ ਭਾਟੀਆ ਉਰਫ ਆਰਤੀ ਪਤਨੀ ਵਿਨੋਦ ਭਾਟੀਆ ਤੇ ਇਸ ਦੀ ਲੜਕੀ ਰਾਧਿਕਾ ਭਾਟੀਆ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ, ਤੇ ਆਪਣੀ ਮਨ ਮਰਜੀ ਕਰਦੇ ਹਨ ਇਸ ਲਈ ਮੈ ਇਹਨਾ ਨੂੰ ਆਪਣੇ ਹਰ ਰਿਸ਼ਤੇ ਬੇਦਖਲ ਕਰਦਾ ਹਾਂ। ਇਹਨਾ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਇਹਨਾ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

## ਆਮ ਸੂਚਨਾ

ਮੈਂ, ਦਿਆਲ ਸਿੰਘ ਪੁੱਤਰ ਲੇਟ ਪੂਰਨ ਸਿੰਘ, ਵਾਸੀ ਪਿੰਡ ਅਲਾਦੀਨਪੁਰ, ਡਾਕਖਾਨਾ ਕੁੱਕੜ ਪਿੰਡ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਨਾਂਅ ਜ਼ਮੀਨੀ ਰਿਕਾਰਡ ਜੋ ਕਿ ਖੁਸਰੋਪੁਰ ਵਿਚ ਹੈ, ਜੋ ਦੀਦਾਰ ਸਿੰਘ ਪੁੱਤਰ ਪੂਰਨ ਸਿੰਘ ਦਰਜ ਹੈ, ਜਦ ਕਿ ਮੇਰਾ ਸਹੀ ਤੇ ਦਰੁਸਤ ਨਾਂਅ ਦਿਆਲ ਸਿੰਘ ਪੁੱਤਰ ਪੂਰਨ ਸਿੰਘ ਹੈ। ਦਿਆਲ ਸਿੰਘ ਪੁੱਤਰ ਪੂਰਨ ਸਿੰਘ ਅਤੇ ਦੀਦਾਰ ਸਿੰਘ ਪੁੱਤਰ ਪੂਰਨ ਸਿੰਘ ਦੋਵੇਂ ਨਾਂਅ ਮੇਰੇ ਹੀ ਹਨ। ਸੰਬੰਧਤ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਭਜਨ ਸਿੰਘ ਪੁੱਤਰ ਜਗਤ ਸਿੰਘ, ਵਾਸੀ ਬਰਿੰਦਪੁਰ, ਜਿਲ੍ਹਾ ਕਪੂਰਥਲਾ, ਬਿਆਨ ਕਰਦਾ ਹਾਂ ਕਿ ਮੇਰਾ ਨਾਮ ਬਲਦੇਵ ਸਿੰਘ ਪੁੱਤਰ ਭਜਨ ਸਿੰਘ ਪੁੱਤਰ ਜਗਤ ਸਿੰਘ ਅਤੇ ਦੇਵ ਸਿੰਘ ਪੁੱਤਰ ਭਜਨ ਸਿੰਘ ਪੁੱਤਰ ਜਗਤ ਸਿੰਘ ਹੈ। ਮਾਲ ਰਿਕਾਰਡ ਵਿੱਚ ਮੇਰੇ ਦੋਵੇਂ ਨਾਮ ਚਲਦੇ ਹਨ। ਮੈਨੂੰ ਬਲਦੇਵ ਸਿੰਘ ਅਤੇ ਦੇਵ ਸਿੰਘ, ਦੋਵੇਂ ਨਾਮਾ ਨਾਲ ਜਾਣਿਆ ਜਾਂਦਾ ਹੈ।

ਮੈਂ, ਗੁਰਮੇਲ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਮਕਾਨ ਨੰਬਰ 32/60, ਗਗਨ ਵਿਹਾਰ, ਬਸਤੀ ਮਿੱਠੂ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਬੈਨਾਮਾ ਨੰਬਰ 4175 ਮਿਤੀ 08-12-2014 ਮੇਰੇ ਕੋਲੋਂ 14-01-2026 ਨੂੰ ਕਿੱਧਰੇ ਗੁੰਮ ਹੋ ਗਏ ਹਨ। ਜੇਕਰ ਇਹ ਦਸਤਾਵੇਜ ਕਿਸੇ ਨੂੰ ਮਿਲਣ ਤਾਂ ਉਪਰੋਕਤ ਪਤੇ ਜਾਂ ਮੋਬਾਇਲ ਨੰ: 98159-61658 ਤੇ ਸੰਪਰਕ ਕਰੇ। ਸੰਬੰਧਿਤ ਨੋਟ ਕਰਨ।

ਚੈਨ ਸਿੰਘ ਪੁੱਤਰ ਪਾਲਾ ਸਿੰਘ ਦੇ ਨਾਮ ਡੱਡਵਾਂ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ AP21/0784X ਗੁਰਬਾਜ ਸਿੰਘ ਪੁੱਤਰ ਬਲਕਾਰ ਸਿੰਘ ਆਪਣੇ ਨਾਮ ਕਰਵਾ ਰਿਹਾ ਹੈ । ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ ।

ਸਰਦਾਰ ਸਿੰਘ ਪੁੱਤਰ ਸੁਰੈਣ ਸਿੰਘ ਦੇ ਨਾਮ ਡੱਡਵਾਂ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ ਗੁਰਭਜਨ ਸਿੰਘ ਪੁੱਤਰ ਸਰਦਾਰ ਸਿੰਘ ਆਪਣੇ ਨਾਮ ਕਰਵਾ ਰਿਹਾ ਹੈ। ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਗੁੰਮਸ਼ੁਦਾ

ਮੈਂ, ਊਸ਼ਾ ਰਾਣੀ ਪਤਨੀ ਚੰਦਰ ਭਾਰਦਵਾਜ ਦੁਕਾਨ ਰਕਬਾ 150 ਵਰਗ ਫੁੱਟ, ਪਿੰਡ ਤੇ ਡਾਕ. ਹਰਿਆਣਾ, ਤਹਿਸੀਲ ਹੁਸ਼ਿਆਰਪੁਰ ਦੀ ਮਾਲਕ ਹਾਂ। ਮੇਰਾ ਅਸਲ ਬੈਨਾਮਾ ਨੰ: 1242 ਮਿਤੀ 18.10.2006 ਐੱਸ ਆਰ ਭੂੰਗਾ ਗੁਆਚ ਗਿਆ ਹੈ। ਹੁਣ ਮੈਂ ਉਕਤ ਜਾਇਦਾਦ ਨੂੰ ਐੱਲ ਆਈ ਸੀ ਹਾਊਸਿੰਗ ਫਾਇਨੈਂਸ ਲਿਮਿਟਡ ਜਲੰਧਰ ਕੋਲ ਗਿਰਵੀ ਰੱਖ ਰਹੀ ਹਾਂ। ਜੇਕਰ ਕਿਸੇ ਨੂੰ ਉਕਤ ਬੈਨਾਮਾ ਮਿਲਦਾ ਹੈ ਜਾਂ ਉਕਤ ਬੈਨਾਮੇ 'ਤੇ ਕੋਈ ਇਤਰਾਜ਼ ਹੈ ਤਾਂ ਕਿਰਪਾ ਕਰਕੇ ਐੱਲ ਆਈ ਸੀ ਹਾਊਸਿੰਗ ਫਾਇਨੈਂਸ ਲਿਮਿਟਡ ਜਲੰਧਰ, ਫੋਨ ਨੰ: 01815002940-47 ਜਾਂ ਐਡਵੋਕੇਟ ਸ੍ਰੀ ਹਰਜੀਤ ਸਿੰਘ ਕੋਹਲੀ ਮੋਬਾ. ਨੰ: 98882-75744 'ਤੇ ਇਸ ਇਸ਼ਤਿਹਾਰ ਦੇ ਛਪਣ ਦੇ 15 ਦਿਨਾਂ ਦੇ ਅੰਦਰ ਸੰਪਰਕ ਕਰੇ।

## CIVIL COURTS, LUDHIANA

In the Court of Ms. Dazy Bangarh
Civil Judge (Senior Division) Ludhiana
CNR NO. PBLD02-012857-2025
Peshi: 09.3.2026
Nawab Ali-minor Through his Father Baba Ravi Gautam
V/S General Public
Petition U/S 8 of The Hindu Minority & Guardianship Act
Publication Issued to: General Public

Whereas the above named petitioner NAWAB ALI Minor Through his Father Baba Ravi Gautam has filed petition with a prayer to allow the petitioner to alienate his property/plot on the basis of oral and documentary evidence. This notice is hereby issued to the general public regarding the institution of this petition. If any person has any objection to the grant of permission to the petitioner for appointment as the legal guardian of the said child, then he/she should appear in the court on 09.3.2026 at 10.00 a.m, either in person or through an authorized agent or lawyer for filing objections failing which the petition shall be decided in accordance with law.

Given under my hand and the seal of the Court, this 12.1.2026

For details logon to https://highcourtchd.gov.in/?trs-district_notice&district-ludhiana

Civil Judge (Senior Division) Ludhiana

## COURT NOTICE

(U/o 5 Rule 20 CPC)
In the Court of Ms. Arpna
Civil Judge (Junior Division)-15, Jalandhar
CNR No. PBJL02-005205-2025
Next Date :- 09-02-2026
State Bank of India Vs Amarbir Singh Ahuja
Execution Application to execute the ordered dated 30.01.2024 passed by the court of MS Renuka Kalra CJJJD
Publication Issued To :
1. Amarbir Singh Ahuja S/o Sh. Niranjan Singh Ahuja, 2. Manmeet Kaur W/o Amarbir Singh Ahuja. Both R/o 20-C Silver Height Nakodar Road, Jalandhar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 09-02-2026 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-15, Jalandhar
Dated, this day of 20-01-2026

## COURT NOTICE

(U/o 5 Rule 20 CPC)
In The Court of
Dr. Seema Agnihotri
Civil Judge (Junior Division), Rupnagar
CNR No. PBRO02-001204-2025
Next Date:- 10-02-2026
Kuldeep Singh Vs. Malkit Singh
Publication Issued To:
Def. No. 2. Surinder Kaur D/o Gurmail Singh, Now Wife of Major Singh R/o Village Khalas Pur, Tehsil Bassi Pathana, District Fatehgarh Sahib.
Def. No. 3. Jaswant Kaur D/o Gurmail Singh Now Wife of Avtar Singh R/o Village Damheri, Tehsil Bassi Pathana, District Fatehgarh Sahib.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 10-02-2026 at 10:00 a.m.

For details logon to https://highcourtchd.gov.in/?mod=district_notice&district=Rupnagar

Civil Judge (Junior Division), Rupnagar
Dated, this day of 21-01-2026

---

Before the District Consumer Disputes Redressal Commission, SCO No.100, Adjoining Hotel P.R.Residency, Block B, Ranjit Avenue, Amritsar.
CC No.552 of 2025
Anjanbir Singh Grover aged 18 years s/o Amarpal Singh R/o 158-A, Shivala Colony, Amritsar. ..........Complainant
Versus
1. Apple India Pvt. Ltd., 19th floor, Concorde Tower-C, UB City No.24. Vittal Mallaya Road, Bangluru-560001 through its Authorized Signatory.
2. Sane Retails Pvt. Ltd., Village Kot Panaiche, Mandiala Kalan, Tehsil Khanna, Distt. Ludhiana 141416 through its Authorized Signatory.
3. Flipkart India Pvt. Ltd., Village Kot Panaiche, Mandiala Kalan, Tehsil Khanna, Distt. Ludhiana -141416 through its Authorized Signatory
4. Tresors System Pvt. Ltd., Amritsar 41-A, The Mall Road, Opp.Govt.Girls School, Mall Road, Amritsar through Authorized Signatory.
.......Opposite parties

Whereas it has been proved to the satisfaction of this Commission that opposite parties No.2 & 3 named above cannot be served by ordinary process and was, therefore, ordered to be served through substituted service. Notice is being issued to the above named opposite parties No.2 &3 to appear before this Commission either personally or through duly authorized agent/counsel on 16.2.2026 failing which ex-parte proceedings shall be heard against the above named opposite parties No.2 & 3.

(Jagdishwar Kumar Chopra)
President
Distt. Consumer Disputes Redressal Commission, Amritsar.

## COURT NOTICE

(U/o 5 Rule 20 CPC)
IN The Court of
Chahat Chhabra
Civil Judge (Junior Division), Kharar
CNR No. PBSAA0-001537-2024
Next Date:- 09-02-2026
Amar Singh
Vs.
Jasvir Singh
Publication Issued To:
Defendant No. 6 Rajinder Kaur
Father: Ajit Singh
Son of Kehar Singh R/o Village Mianpur Changer, Ps Kurali, Tehsil Kharar, District SAS Nagar,
Second Address - H.No. 462, Phase-1, SAS Nagar

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 09-02-2026 at 10:00 a.m.

For details logon to https://highcourtchd.gov.in/?mod=district_notice&district=moga-court

Civil Judge (Junior Division) Kharar
Dated, this day of 07-01-2026

## COURT NOTICE

(U/o 5 Rule 20 CPC)
In The Court of
Ms. Khyati Goyal
Civil Judge Jr. Divn-2, Amloh (P)
CNR No. PBFGA0-000007-2025
Next Date:- 10-02-2026
R.k Plate and Re Rolling Mills Vs. Krish Steel Industries
Publication Issued To:
1. Krish Steel Industries Shop No. 155, Motia Khan Mandi Gobindgarh, Tehsil Amloh Distt. Fatehgarh Sahib Through Its Prop. Vinod Kumar
2. Aar Gee Steel Fabricators, Backside Old Dada Motors, Mandi Gobindgarh, Tehsil Amloh Distt. Fatehgarh Sahib Through Its Prop. M.L. Goyal

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 10-02-2026 at 10:00 a.m.

For details logon to https://highcourtchd.gov.in/?mod=district_notice&district=moga-court

Civil Judge Jr. Divn-2 Amloh (P)
Dated, this day of 15-01-2026

## COURT NOTICE

(U/o 5 Rule 20 CPC)
IN The Court of Sh. Dasvinder Singh
Civil Judge (Junior Division), Ludhiana
CNR No. PBLD02-012550-2024
Next Date:- 03-02-2026
Manjit Singh
Vs.
M/S Sigma Cartons Pvt. Ltd.
Suit For Recovery Of Rs 55686/-along With Interest 18% Till The Realization of Decreed Amount
Publication Issued To:
1. M/S Sigma Cartons Pvt. Ltd. Head office 38/40, Sigma Cartons Pvt. Ltd., Near Bhore Sahib, Gurudwara, Garunspur, Gaunspur Hambran, 2nd Address- Unit 3, Village Ikolaha, Khanna, District Ludhiana Punjab Through its Director/MD/Chairman
2. The Director/Md/Chairman of M/S Sigma Cartons Pvt. Ltd., Head office 38/40, Sigma Cartons Pvt. Ltd., Near Bhore Sahib Gurudwara, Gaunspur Hambran, Ludhiana, 2nd Add-Unit-3, Village Ikolaha, Khanna, District Ludhiana Punjab

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 03-02-2026 at 10:00 am

For details logon to https://highcourtchd.gov.in/?mod=district_notice&district=mogacourt

Civil Judge (Junior Division) Ludhiana
Dated, this day of 12-01-2026

## COURT NOTICE

(U/o 5 Rule 20 CPC)
IN The Court of
Dr. Seema Agnihotri
Civil Judge (Junior Division), Rupnagar
CNR No. PBRO02-001027-2025
Next Date:- 23-02-2026
Khushjiv Singh Sethi
Vs.
Jeet Singh
Publication Issued To:
Def. No. 1. Jeet Singh
Father: Natha Singh
Village Doomchheri , Tehsil Morinda, District Rupnagar

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 23-02-2026 at 10:00 a.m.

For details logon to https://highcourtchd.gov.in/?mod=district_notice&district=Rupnagar

Civil Judge (Junior Division), Rupnagar
Dated, this day of 21-01-2026

## COURT NOTICE

In The Court of Ms. Khyati Goyal
Judicial Magistrate - Ist Class-2
Amloh (P)
CNR No.:- PBFGA1-001911-2023
Next Date:-19-02-2026
Amandeep Singh
Vs.
M/S BP Singh And Sons
Detail of offence:- 138 NI Act
Notice To:
Harpreet Singh
:- Prop. of M/S BP Singh and Sons, Grid Chowk Road, Near Cremation Ground, Nabha, Distt. Patiala S/o Mohinder Singh R/o Vill. Kansuha Kalan, Teh. Nabha, Distt. Patiala and 2nd Address- Alohran Kalan, Nabha Road, Adarsh Colony, Opp. Hira Palace near Gurudwara Sahib, Nabha, Distt. Patiala

In above titled case, the accused could not be served. It is ordered that accused should appear in person or through counsel on 19-02-2026 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate - Ist Class-2 Amloh (P)
Dated, this day of 16-01-2026


## ਉੱਤਰ ਰੇਲਵੇ

### ਟੈਂਡਰ ਸੂਚਨਾ

ਉਪ ਮੁੱਖ ਇੰਜੀਨੀਅਰ/ਨਿਰਮਾਣ, ਜਲੰਧਰ ਸ਼ਹਿਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਦੋ ਪੈਕੇਟ ਸਿਸਟਮ ਦੇ ਅੰਤਰਗਤ ਈ-ਟੈਂਡਰ ਪ੍ਰਣਾਲੀ ਦੁਵਾਰਾ ਟੈਂਡਰਾ ਮੰਗ ਕੀਤੀ ਜਾਂਦੀ ਹੈ:-

| | |
|---|---|
| 1. | ਕੰਮ ਦਾ ਨਾਮ ਅਤੇ ਜਗ੍ਹਾਂ : ਉੱਤਰ ਰੇਲਵੇ ਦੇ ਲੁਧਿਆਣ-ਫ਼ਿਰੋਜ਼ਪੁਰ ਖੰਡ ਉਤੇ ਕਿਲੋਮੀਟਰ 11/567.25 ਉਤੇ ਬੱਦੋਵਾਲ ਰੇਲਵੇ ਸਟੇਸ਼ਨ ਯਾਰਡ ਦੇ ਕੋਲ, ਐਲ-ਕਰੋਸਿੰਗ ਨੰਬਰ ਏ-10 ਦੀ ਜਗ੍ਹਾਂ ਉਤੇ ਦੋ ਲੇਨ ਵਾਲੇ ਰੋਡ ਓਵਰ ਬ੍ਰਿਜ ਦਾ ਨਿਰਮਾਣ, ਜਿਸ ਵਿਚ ਬੋਸਿਟ੍ਰੰਗ ਗਰਡਰ ਸਪੈਨ 1x58.00 ਮੀਟਰ (ਸੀ/ਸੀ ਪਿਯਰ) ਆਰਡੀਐਸਓ ਮਾਨਕ (ਰੇਲਵੇ ਭਾਗ), 7x32.202 ਮੀਟਰ (ਐਨਐਚ-5 ਦੀ ਤਰਫ) ਅਤੇ 3x32.202 ਮੀਟਰ, 3x18 ਮੀਟਰ (ਬੱਦੋਵਾਲ ਦੀ ਤਰਫ) ਗੈਰ-ਮਾਨਕ, ਡਿਜਾਇਨ ਪੀਏਸੀ ਗਰਡਰ ਦੇ ਅਨੁਸਾਰ, ਦੋਨੋ ਤਰਫ ਦੀ ਆਰ ਈ ਦੀਵਾਰ ਸਹਿਤ ਸਰਵਿਸ ਰੋਡ ਦੇ ਨਾਲ ਕੀਤਾ ਜਾਵੇਗਾ । |
| 2. | ਕੰਮ ਪੂਰਾ ਕਰਨ ਦਾ ਸਮਾਂ : 18 (ਅਠਾਰਾਂ) ਮਹੀਨੇ |
| 3. | ਕੰਮ ਦੀ ਅਨੁਮਾਨਿਤ ਲਾਗਤ : ਰੁਪਏ 48,67,47,315.72 |
| 4. | ਬਿਆਨਾ ਰਾਸ਼ੀ (ਆਨਲਾਈਨ ਜਮਾਂ ਕਰਵਾਨੀ) ਹੋਵੇਗੀ : ਰੁ: 25,83,700 |
| 5. | ਆਫਰ ਦੀ ਵੈਧਤਾ : 90 ਦਿਨ |
| 6. | ਟੈਂਡਰ ਜਮਾਂ ਕਰਨਾ ਅਤੇ ਖੁਲਣ ਦੀ ਮਿਤੀ ਅਤੇ ਸਮਾਂ : ਬੋਲੀ ਦਾਤਾ ਅਪਣੀ ਓਰਿਜਨਲ/ ਰਿਵਾਇਜਡ ਬੋਲੀ ਕਲੋਜਿੰਗ ਡੇਟ ਯਾਨੀ 18.02.2026 ਨੂੰ 1500 ਵਜੇ ਤਕ IREPS ਵੈੱਬਸਾਈਟ www.ireps.gov.in ਉਤੇ ਸਬਮਿਟ ਕਰ ਸਕਣਗੇ । ਇਸ ਟੈਂਡਰ ਦੇ ਲਈ ਬੋਲੀ ਪ੍ਰਸਤਾਵ ਮੈਨੂੰਅਲ ਰੂਪ ਤੋਂ ਪੇਸ਼ ਕਰਨ ਦੀ ਅਨੁਮਤੀ ਨਹੀਂ ਹੈ, ਅਤੇ ਪ੍ਰਾਪਤ ਕਿਸੀ ਵੀ ਐਸੇ ਮੈਨੂੰਅਲ ਪ੍ਰਸਤਾਵ ਨੂੰ ਨਜ਼ਰਅੰਦਾਜ ਕਰ ਦਿਤਾ ਜਾਵੇਗਾ । |
| 7. | ਪਤਾ ਜਿੱਥੋ ਤੋਂ ਟੈਂਡਰ ਖਰੀਦੀ ਜਾਂ ਸਕਦੀ ਹੈ : ਟੈਂਡਰ ਦਸਤਾਵੇਜ www.ireps.gov.in ਉਤੇ ਉਪਲਬੱਧ ਹੈ । ਉਪਰੋਕਤ ਟੈਂਡਰ ਦਸਤਾਵੇਜ IREPS ਵੇੱਬਸਾਈਟ ਯਾਨੀ www.ireps.gov.in ਉਤੇ 04.02.2026 ਤੋਂ 18.02.2026 ਨੂੰ 1500 ਵਜੇ ਤਕ ਪ੍ਰਸਤਾਵ ਜਮਾਂ ਕਰਨ ਦੇ ਲਈ ਉਪਲਬੱਧ ਹੋਵੇਗਾ । ਉਪਰੋਕਤ ਟੈਂਡਰ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਦਸਤਾਵੇਜ ਵਿਚ ਦਿਤੀ ਗਈ ਹੈ । |

ਨੰ: 1-W/2025-26/3/Dy.CE/C/JUC ਮਿਤੀ: 20.01.2026 211/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਡੀ ਸੀ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਤੇ ਧਰਨਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਹੁਸ਼ਿਆਰਪੁਰ ਵਿਖੇ ਡੀ ਸੀ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਤੇ ਧਰਨਾ ਦਿੱਤਾ ਗਿਆ। ਇਹ ਧਰਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਸਾਰੇ ਭਾਰਤ ਵਿੱਚ ਦਿੱਤੇ ਗਏ, ਉਸ ਦੀ ਅਗਵਾਈ ਵਿੱਚ ਕਿਸਾਨ ਜਥੇਬੰਦੀਆਂ,ਮਜ਼ਦੂਰ ਜਥੇਬੰਦੀਆਂ, ਮੁਲਾਜ਼ਮ ਜਥੇਬੰਦੀਆਂ ਅਤੇ ਪੈਨਸ਼ਨਰ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ।ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਬਿਜਲੀ ਸੋਧ ਬਿਲ, ਬੀਜ ਬਿੱਲ, ਨਰੇਗਾ ਸਕੀਮ ਨੂੰ ਬੰਦ ਕਰਨ ,ਤਿੰਨ ਮਜ਼ਦੂਰਾਂ ਦੇ ਵਿਰੋਧੀ ਕੋਡ ਅਤੇ ਪੱਤਰਕਾਰਾਂ ਨੂੰ ਸਵਾਲ ਪੁੱਛੇ ਜਾਣ ਕਰਕੇ ਜੇਲ੍ਹਾਂ ਖਿਲਾਫ਼ ਧਰਨੇ ਤੇ ਪ੍ਰਦਰਸ਼ਨ ਕੀਤਾ ਗਿਆ ਹੈ।ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਮੂਲੀਅਤ ਕੀਤੀ ਹੈ। ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ, ਮੁਲਾਜ਼ਮ, ਮਜ਼ਦੂਰ ਅਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ । ਇਸ ਧਰਨੇ ਨੂੰ ਹਰਬੰਸ ਸਿੰਘ ਸੰਘਾ ਮੈਂਬਰ ਐਸ ਕੇ ਐਮ ਪੰਜਾਬ, ਭੁਪਿੰਦਰ ਸਿੰਘ ਕਿਰਤੀ ਕਿਸਾਨ ਯੂਨੀਅਨ, ਰਵਜੀਤ ਸਿੰਘ ਰੰਧਾਵਾ ਬੀਕੇਯੂ ਰਾਜੇਵਾਲ, ਦਰਸ਼ਨ ਸਿੰਘ ਮੱਟੂ ਕੁੱਲ ਹਿੰਦ ਕਿਸਾਨ ਸਭਾ, ਸਤਪਾਲ ਸਿੰਘ ਬੀਕੇਯੂ ਕਾਦੀਆਂ, ਸ਼ੇਰ ਜੰਗ ਬਰਾਦਰ ਪੰਜਾਬ ਕਿਸਾਨ ਯੂਨੀਅਨ, ਸੁਖਦੇਵ ਸਿੰਘ ਢਿੱਲੋਂ ਜਮਹੂਰੀ ਕਿਸਾਨ ਸਭਾ ਰਜਿੰਦਰ ਸਿੰਘ ਬੀਕੇਯੂ ਉਗਰਾਹਾਂ, ਓਮ ਸਿੰਘ, ਧਰਮਿੰਦਰ ਸਿੰਘ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਮੁਹਿੰਦਰ ਕੁਮਾਰ ਬਢੋਆਣ ਸੀਟੂ ,ਗੰਗਾ ਪ੍ਰਸ਼ਾਦ ਨਿਰਮਾਣ ਵਰਕਰ ਯੂਨੀਅਨ,ਗੁਰਮੇਸ਼ ਸਿੰਘ ਕੁੱਲ ਹਿੰਦ ਮਜ਼ਦੂਰ ਯੂਨੀਅਨ, ਬਲਵੀਰ ਖਾਨਪੁਰੀ ਪੈਨਸ਼ਨਰ ਯੂਨੀਅਨ ਤੇ ਬਲਵੀਰ ਸਿੰਘ ਪੱਤਰਕਾਰ ਯੂਨੀਅਨ ਨੇ ਸੰਬੋਧਨ ਕੀਤਾ।ਸਾਰੇ ਬੁਲਾਰਿਆਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦਾ ਡਟਵਾਂ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀਆਂ ਨੀਤੀਆਂ ਉਹਨਾਂ ਦੀਆਂ ਅਰਥੀਆਂ ਵਿੱਚ ਕਿੱਲਾਂ ਦਾ ਕੰਮ ਕਰਨਗੀਆਂ। ਅੰਤ ਵਿੱਚ ਸ਼ਿੰਗਾਰਾ ਸਿੰਘ ਨੇ ਸਾਰੇ ਆਏ ਵਰਕਰਾਂ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਮੰਗ-ਪੱਤਰ ਦਿੱਤਾ ਗਿਆ।

# ਨਸ਼ਾ ਤਸਕਰਾਂ ਦੀਆਂ ਅਣ-ਅਧਿਕਾਰਤ ਉਸਾਰੀਆਂ 'ਤੇ ਚੱਲਿਆ ਪੀਲਾ ਪੰਜਾ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**



ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦੇ ਖਾਤਮੇ ਅਤੇ ਨਸ਼ਾ ਤਸਕਰਾਂ ਵਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਹੁਸ਼ਿਆਰਪੁਰ ਪੁਲਿਸ ਨੇ ਸ਼ਹਿਰ ਦੇ ਮੁਹੱਲਾ ਵਾਲਮੀਕਿ, ਨੇੜੇ ਘੰਟਾ ਘਰ ਵਿਖੇ ਅਣ-ਅਧਿਕਾਰਤ ਉਸਾਰੀਆਂ ਨੂੰ ਢਾਹ ਦਿੱਤਾ। ਇਸ ਸਬੰਧ ਵਿਚ ਵਧੇਰੇ ਜਾਣਕਾਰੀ ਦਿੰਦੇ ਹੋਏ ਐਸ ਪੀ (ਪੀ.ਬੀ.ਆਈ) ਮੇਜਰ ਸਿੰਘ ਨੇ ਦੱਸਿਆ ਕਿ ਐਸ ਐਸ ਪੀ ਸੰਦੀਪ ਕੁਮਾਰ ਮਲਿਕ ਦੇ ਨਿਰਦੇਸ਼ਾਂ ਹੇਠ ਸਿਵਲ ਪ੍ਰਸ਼ਾਸਨ ਦੀ ਮੌਜੂਦਗੀ ਵਿਚ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਕਤ ਮੁਹੱਲੇ ਦੇ ਕੇਸ਼ਵ ਗਾਂਧੀ ਉਰਫ ਕ੍ਰਿਸ਼ਨਾ, ਆਸ਼ੀਸ਼ ਫਰਵਾਹਾ ਉਰਫ ਲੁੰਡੀ ਤੇ ਰੁਬਲ 'ਤੇ ਐਨ ਡੀ ਪੀ ਐਸ ਐਕਟ ਤਹਿਤ ਵੱਖ-ਵੱਖ ਕੁੱਲ 9 ਮਾਮਲੇ ਦਰਜ ਹਨ।ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਹੁਸ਼ਿਆਰਪੁਰ ਪੁਲਿਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਗੈਰ-ਕਾਨੂੰਨੀ ਕਬਜ਼ੇ ਵਿਰੁੱਧ ਆਪਣੀ ਕਾਰਵਾਈ ਜਾਰੀ ਰੱਖੇਗੀ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੀ ਰਿਪੋਰਟ ਪੁਲਸ ਨੂੰ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਜਲਦੀ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਖਾਲਸਾ ਸਕੂਲ 'ਚ ਐਨ ਸੀ ਸੀ ਦੇ ਸਰਟੀਫਿਕੇਟ ਦੀ ਪ੍ਰੀਖਿਆ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਸਥਾਨਕ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ 23 ਪੰਜਾਬ ਬਟਾਲੀਅਨ ਐਨ ਸੀ ਸੀ ਰੂਪਨਗਰ ਦੇ ਕਮਾਂਡਿੰਗ ਅਫਸਰ ਕਰਨਲ ਰਜੇਸ਼ਵਰ ਸਿੰਘ ਤੇ ਐਡਮ ਅਫ਼ਸਰ ਕਰਨਲ ਆਰ ਕੇ ਚੌਧਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਨ ਸੀ ਸੀ ਦੇ ਏ ਸਰਟੀਫਿਕੇਟ ਦੀ ਲਿਖਤੀ ਪ੍ਰੀਖਿਆ ਤੇ ਪ੍ਰੈਕਟੀਕਲ ਪ੍ਰੀਖਿਆ ਹੋਈ। ਸਕੂਲ ਵਿੱਚ ਚੀਫ ਅਫ਼ਸਰ ਰਣਜੀਤ ਸਿੰਘ ਧਾਰਨੀ ਨੇ ਦੱਸਿਆ ਕਿ ਇਹ ਪ੍ਰੀਖਿਆ ਦੇਣ ਲਈ ਵੱਖ-ਵੱਖ ਛੇ ਸਕੂਲਾਂ ਦੇ ਐਨ ਸੀ ਸੀ ਕੈਡਿਟਾਂ ਨੇ ਇਹ ਪ੍ਰੀਖਿਆ ਦਿੱਤੀ ਜਿਨ੍ਹਾਂ ਦੀ ਕੁੱਲ ਗਿਣਤੀ 178 ਸੀ, ਜਿਨਾਂ ਵਿੱਚ 104 ਲੜਕੇ ਅਤੇ 74 ਲੜਕੀਆਂ ਸ਼ਾਮਿਲ ਸਨ। ਇਨ੍ਹਾਂ ਸਕੂਲਾਂ ਵਿੱਚ ਖਾਲਸਾ ਸੀਨੀਅਰ ਸੈਕਡਰੀ ਸਕੂਲ ਸਕੂਲ ਦੇ 22 ਕੈਡਿਟ, ਜੇ .ਐਨ.ਵੀ ਸੰਧੂਆਂ ਦੇ 48 ਕੈਡਿਟ, ਬੂਰ ਮਾਜਰਾ ਦੇ 17, ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਬੇਲਾ ਦੇ 21 , ਜੇਸਿਸ ਸੇਵੀਅਰ ਮੜੌਲੀ ਕਲਾਂ ਦੇ 38 ਅਤੇ ਇੰਡਸ ਪਬਲਿਕ ਸਕੂਲ ਖਰੜ ਦੇ 32 ਕੈਡਿਟ ਸ਼ਾਮਿਲ ਹੋਏ।ਇਨ੍ਹਾਂ ਕੈਡਿਟਾਂ ਨੇ ਪਹਿਲਾਂ ਲਿਖਤੀ ਪ੍ਰੀਖਿਆ ਦਿੱਤੀ, ਉਸ ਉਪਰੰਤ ਹਥਿਆਰਾਂ ਨੂੰ ਖੋਲਣਾ ਜੋੜਨਾ, ਕੰਪਾਸ ਦੀ ਜਾਣਕਾਰੀ, ਮੈਪ ਰੀਡਿੰਗ ਅਤੇ ਡਰਿਲ ਦੀ ਪ੍ਰਯੋਗੀ ਪ੍ਰੀਖਿਆ ਦਿੱਤੀ । ਇਸ ਪ੍ਰੀਖਿਆ ਦਾ ਨਿਰੀਖਣ ਕਰਨ ਲਈ 23 ਪੰਜਾਬ ਬਟਾਲੀਅਨ ਐਨ.ਸੀ.ਸੀ ਰੂਪਨਗਰ ਦੇ ਕਮਾਂਡਰ ਅਫ਼ਸਰ ਕਰਨਲ ਰਾਜੇਸ਼ਵਰ ਸਿੰਘ ਖੁਦ ਪਹੁੰਚੇ ਜਿਨ੍ਹਾਂ ਪ੍ਰੀਖਿਆ ਦੇ ਪ੍ਰਬੰਧਾਂ ਤੇ ਤਸੱਲੀ ਪ੍ਰਗਟ ਕੀਤੀ ।ਸਕੂਲ ਦੀ ਪ੍ਰਿੰਸੀਪਲ ਕਿਰਨਜੋਤ ਕੌਰ ਮਾਂਗਟ ਨੇ ਸਕੂਲ ਕਮੇਟੀ ਦੇ



ਜਨਰਲ ਮੈਨੇਜਰ ਹਰਬੰਸ ਸਿੰਘ ਕੰਧੋਲਾ ਦੀ ਤਰਫੋਂ ਸਾਰੇ ਅਫ਼ਸਰਾਂ ਤੇ ਕੈਡਿਟਾਂ ਦਾ ਧੰਨਵਾਦ ਕੀਤਾ । ਇਸ ਪ੍ਰੀਖਿਆ ਨੂੰ ਲੈਣ ਲਈ ਲੈਫਟੀਨੈਂਟ ਸਰਬਜੀਤ ਕੌਰ, ਲੈਫਟੀਨੈਂਟ ਸ਼ਾਲਨੀ ਨੇਗੀ ,ਫਸਟ ਅਫ਼ਸਰ ਹਰਦੀਪ ਸਿੰਘ ਫਸਟ ਅਫ਼ਸਰ ਅਸ਼ੋਕ ਕੁਮਾਰ, ਫਸਟ ਅਫ਼ਸਰ ਨਵੀਨ ਕੁਮਾਰ, ਥਰਡ ਅਫ਼ਸਰ ਜਗਦੀਪ ਸਿੰਘ ਤੋਂ ਇਲਾਵਾ ਬਟਾਲੀਅਨ ਵੱਲੋਂ ਸੂਬੇਦਾਰ ਅਕਰਿਤ ਕੁਮਾਰ ,ਸੂਬੇਦਾਰ ਜਸਵਿੰਦਰ ਸਿੰਘ ਤੇ ਹੌਲਦਾਰ ਭੁਪਿੰਦਰ ਵਿਸ਼ੇਸ਼ ਰੂਪ ਵਿੱਚ ਪਹੁੰਚੇ ।

# ਨੰਬਰਦਾਰ ਯੂਨੀਅਨ ਦੇ ਵਿਹੜੇ ਰਾਣਾ ਗੁਰਜੀਤ ਸਿੰਘ ਲਹਿਰਾਉਣਗੇ ਕੌਮੀ ਝੰਡਾ



ਰਾਣਾ ਗੁਰਜੀਤ ਸਿੰਘ ਡਾ. ਨਵਜੋਤ ਸਿੰਘ ਦਾਹੀਆ ਲਾਇਨ ਰਛਪਾਲ ਸਿੰਘ ਲਾਇਨ ਜੀ. ਐਸ. ਭਾਟੀਆ ਨੰਬਰਦਾਰ ਅਸ਼ੋਕ ਸੰਧੂ ਲਾਇਨ ਦਿਨਕਰ ਸੰਧੂ

**ਨੂਰਮਿਹਲ, (ਬਾਲ ਕ੍ਰਿਸ਼ਨ ਬਾਲੀ)**

ਨੰਬਰਦਾਰ ਯੂਨੀਅਨ ਜ਼ਿਲਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਪ੍ਰੈੱਸ ਨੋਟ ਰਾਹੀਂ ਗੌਰਵਮਈ ਸਲੀਕੇ ਨਾਲ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 26-1-26 ਦੀ ਇਤਿਹਾਸਕ ਤਰੀਕ 'ਤੇ ਨੰਬਰਦਾਰ ਯੂਨੀਅਨ ਦੇ ਵਿਹੜੇ ਪੰਜਾਬ ਦੀ ਸ਼ਾਨ ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਤੇ ਸਾਬਕਾ ਮੈਂਬਰ ਪਾਰਲੀਮੈਂਟ ਜਲੰਧਰ ਆਪਣੇ ਕਰ ਕਮਲਾਂ ਨਾਲ ਦੇਸ਼ ਦਾ ਕੌਮੀ ਝੰਡਾ ਲਹਿਰਾਉਣਗੇ। ਇਸ ਮੌਕੇ ਹਲਕਾ ਇੰਚਾਰਜ ਨਕੋਦਰ ਡਾ: ਨਵਜੋਤ ਸਿੰਘ ਦਾਹੀਆ, ਲਾਇਨਜ਼ ਕਲੱਬ ਇੰਟਰਨੈਸ਼ਨਲ ਮਲਟੀਪਲ ਕੌਂਸਲ ਦੇ ਵਾਇਸ ਚੇਅਰਮੈਨ ਅਤੇ ਡਿਸਟ੍ਰਿਕਟ ਗਵਰਨਰ 321-ਡੀ (2024-25) ਲਾਇਨ ਰਛਪਾਲ ਸਿੰਘ ਬੱਚਾਜੀਵੀ, ਡਿਸਟ੍ਰਿਕਟ 321-ਡੀ ਵਾਇਸ ਡਿਸਟ ਗਵਰਨਰ (1) ਲਾਇਨ ਜੀ. ਐਸ. ਭਾਟੀਆ, ਨੰਬਰਦਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਰਨੈਲ ਸਿੰਘ ਝਰਮੜੀ, ਸਰਪ੍ਰਸਤ ਪੰਜਾਬ ਬਲਜਿੰਦਰ ਸਿੰਘ ਕਿੱਲੀ, ਮੁੱਖ ਸਲਾਹਕਾਰ ਕੁਲਵੰਤ ਸਿੰਘ ਝਾਮਪੁਰ, ਕ੍ਰਾਂਤੀਕਾਰੀ ਯੂਨੀਅਨ ਦੇ ਪ੍ਰਧਾਨ ਕੁਲਵੰਤ ਸਿੰਘ, ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਦੀ ਮਹਿਲਾ ਪ੍ਰਧਾਨ ਲਾਇਨ ਬਬਿਤਾ ਸੰਧੂ, ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ ਸਮੇਤ ਧਾਰਮਿਕ ਸਮਾਜਿਕ ਰਾਜਨੀਤਿਕ ਸਖਸ਼ੀਅਤਾਂ ਉਚੇਚੇ ਤੌਰ 'ਤੇ ਰਾਸ਼ਟਰੀ ਝੰਡੇ ਨੂੰ ਸਲਾਮੀ ਦੇ ਕੇ ਹਮੇਸ਼ਾਂ ਦੀ ਤਰਾਂ ਆਪਣੇ ਦੇਸ਼ ਭਗਤ ਹੋਣ ਦਾ ਪ੍ਰਮਾਣ ਦੇਣਗੀਆਂ। ਨੰਬਰਦਾਰ ਯੂਨੀਅਨ ਜ਼ਿਲਾ ਜਲੰਧਰ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਗਟ ਸਿੰਘ ਸਰਹਾਲੀ, ਸਕੱਤਰ ਜਨਰਲ ਸੁਰਿੰਦਰ ਸਿੰਘ ਬੁਰਜ ਕੇਲਾ, ਪ੍ਰੈੱਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ ਨੇ ਦੱਸਿਆ ਨੰਬਰਦਾਰ ਯੂਨੀਅਨ ਵੱਲੋਂ ਇਸ ਵਾਰ ਜਸ਼ਨ-ਏ-ਗਣਤੰਤਰ ਦੇ ਬੈਨਰ ਹੇਠ 31ਵਾਂ ਰਾਸ਼ਟਰੀ ਤਿਉਹਾਰ ਮਨਾਇਆ ਜਾਵੇਗਾ।

# ਨਲਹੋਟੀ 'ਚ ਸ੍ਰੀ ਗੁਰੂ ਰਵਿਦਾਸ ਦੇ ਜਨਮ ਦਿਹਾੜੇ ਦੇ ਸੰਬੰਧ 'ਚ ਪ੍ਰਭਾਤ ਫੇਰੀਆਂ ਅੱਜ ਤੋਂ

**ਨੂਰਪੁਰ ਬੇਦੀ (ਜਗਤਾਰ ਜੱਗੀ)**-ਬਲਾਕ ਦੇ ਪਿੰਡ ਨਲਹੋਟੀ ਵਿਖੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਲੜੀ 22 ਜਨਵਰੀ ਤੋਂ ਸ਼ੁਰੂ ਕਰ ਦਿੱਤੀ ਗਈ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਹਰਮੇਸ਼ ਚੰਦ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਤੇ ਪ੍ਰਭਾਤ ਫੇਰੀਆਂ



ਸ਼ੁਰੂ ਕਰ ਦਿੱਤੀਆਂ ਗਈਆਂ ਹਨ ਜਿਨ੍ਹਾਂ ਦੀ ਸਮਾਪਤੀ ਜਨਮ ਦਿਹਾੜੇ ਤੋਂ ਦੋ ਦਿਨ ਪਹਿਲਾਂ ਕੀਤੀ ਜਾਵੇਗੀ। ਸਾਲਾਨਾ ਸਮਾਗਮ ਦੇ ਸਬੰਧ ਵਿੱਚ ਪਿੰਡ ਦੇ ਗੁਰੂਦਵਾਰਾ ਸਾਹਿਬ ਵਿਖੇ ਮਿਤੀ 30 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਆਰੰਭ ਕੀਤੇ ਜਾਣਗੇ ਅਤੇ 1 ਫਰਵਰੀ ਨੂੰ ਸੰਪੂਰਣ ਭੋਗ ਪਾਏ ਜਾਣਗੇ। ਉਹਨਾਂ ਇਹ ਵੀ ਦੱਸਿਆ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਇਲਾਕਾ ਨਿਵਾਸੀ ਸਮੂਹ ਸੰਗਤਾਂ ਵਿੱਚ ਕੀਤੀ ਕਾਫੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

# ਰਾਸ਼ਟਰੀ ਸੜਕ ਸੁਰੱਖਿਆ ਅਭਿਆਨ ਤਹਿਤ ਸੈਮੀਨਾਰ

**ਮੋਹਾਲੀ, ਡੇਰਾ ਬੱਸੀ (ਗੁਰਜੀਤ ਬਿੱਲਾ, ਵਿਨੈ ਕੁਮਾਰ ਜੈਨ)**

ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਐਸ ਏ ਐਸ ਨਗਰ ਹਰਮਨਦੀਪ ਸਿੰਘ ਹੰਸ ਤੇ ਕਪਤਾਨ ਪੁਲਿਸ ਟ੍ਰੈਫਿਕ ਜ਼ਿਲ੍ਹਾ ਐਸ ਏ ਐਸ ਨਗਰ, ਨਵਨੀਤ ਸਿੰਘ ਮਾਹਲ ਪੀ ਪੀ ਐੱਸ ਦੇ ਦਿਸ਼ਾ ਨਿਰਦੇਸ਼ਾ ਹੇਠ ਟ੍ਰੈਫਿਕ ਪੁਲਿਸ ਮੋਹਾਲੀ ਵੱਲੋ ਕੌਮੀ ਰਾਸ਼ਟਰੀ ਸੜਕ ਸੁਰੱਖਿਆ ਅਭਿਆਨ (2026) ਜੀਰੋ ਮੌਤ ਰਹਿਤ ਪ੍ਰਣਾਲੀ ਯੋਜਨਾ ਮਿਤੀ 01.01.2026 ਤੋ ਲੈ ਕੇ ਮਿਤੀ 31.01.2026 ਤਹਿਤ ਹਰ ਸਾਲ ਦੀ ਤਰ੍ਹਾਂ ਜ਼ਿਲ੍ਹਾ ਐਸ ਏ ਐਸ ਨਗਰ ਦੀ ਟ੍ਰੈਫਿਕ ਪੁਲਿਸ ਵੱਲੋ ਮਨਾਇਆ ਜਾ ਰਿਹਾ ਹੈ ਜਿਸ ਦੀ ਲੜੀ ਵਿੱਚ ਮਿਤੀ 21 ਜਨਵਰੀ ਨੂੰ ਕਰਨੈਲ ਸਿੰਘ, ਉਪ ਕਪਤਾਨ ਪੁਲਿਸ ਟ੍ਰੈਫਿਕ, ਜ਼ਿਲ੍ਹਾ ਐਸ ਏ ਐਸ ਨਗਰ ਵੱਲੋ ਸਤਲੁਜ ਵਰਲਡ ਸਕੂਲ ਮੁਬਾਰਿਕਪੁਰ (ਡੇਰਾਬੱਸੀ) ਵਿਖੇ ਪਹੁੰਚ ਕੇ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਸਕੂਲ ਦੇ ਹੋਰ ਸਟਾਫ ਨਾਲ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਤੇ ਸਤਲੁਜ ਵਰਲਡ ਸਕੂਲ ਮੁਬਾਰਿਕਪੁਰ ਦੇ ਪ੍ਰਿੰਸੀਪਲ ਡਾਕਟਰ ਰੂਬੀ ਸ਼ਰਮਾ ਤੇ ਸਕੂਲ ਦਾ ਹੋਰ ਸਟਾਫ ਅਤੇ ਟ੍ਰੈਫਿਕ ਇੰਚਾਰਜ ਮੁਬਾਰਿਕਪੁਰ ਏ ਐਸ ਆਈ ਹਰਕੇਸ਼ ਸਿੰਘ ਹਾਜ਼ਰ ਸਨ। ਇਸ ਸੈਮੀਨਾਰ ਦੌਰਾਨ ਸਰਦਾਰ ਕਰਨੈਲ ਸਿੰਘ, ਡੀ ਐਸ ਪੀ ਟ੍ਰੈਫਿਕ ਮੋਹਾਲੀ ਵੱਲੋ ਅਪੀਲ ਕੀਤੀ ਗਈ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਾ ਕੀਤੀ ਜਾਵ। ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ ਤੇ ਵਿਦਿਆਰਥੀਆਂ ਨੂੰ ਖੇਡਾਂ ਖੇਡਣ ਲਈ ਵੀ ਪ੍ਰੇਰਿਤ ਕੀਤਾ ਤੇ ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਮੋਟਰ ਵਹੀਕਲ ਐਕਟ ਦੀ ਧਾਰਾ 199 ਏ ਤਹਿਤ ਜੇਕਰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਵਹੀਕਲ ਚਲਾਉਂਦਾ ਹੈ ਤਾਂ ਉਸ ਦੇ ਮਾਪਿਆਂ ਨੂੰ 3 (ਤਿੰਨ) ਸਾਲ ਦੀ ਕੈਦ, 25 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਤੇ 18 ਸਾਲ ਤੋ



ਘੱਟ ਉਮਰ ਦੇ ਬੱਚੇ ਨੂੰ ਵਹੀਕਲ ਦੇਣ ਵਾਲੇ ਵਿਅਕਤੀ ਨੂੰ ਵੀ 3 ਸਾਲ ਹਜ਼ਾਰ ਦੀ ਸਜ਼ਾ ਜਾਂ ਜੁਰਮਾਨਾ ਹੋ ਸਕਦਾ ਹੈ। ਜੇਕਰ ਕੋਈ ਵਿਆਕਤੀ ਸ਼ਰਾਬ ਪੀ ਕੇ ਵਹੀਕਲ ਚਲਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਵਹੀਕਲ ਚਾਲਕ ਦੇ ਖਿਲਾਫ ਮੋਟਰ ਵਹੀਕਲ ਐਕਟ ਦੀ ਧਾਰਾ 185 ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜਿਸ ਤਹਿਤ 10,000/-ਰੁਪਏ ਜੁਰਮਾਨਾ ਅਤੇ 6 ਮਹੀਨੇ ਤੱਕ ਦੀ ਸਜਾ ਹੋ ਸਕਦੀ ਹੈ। ਜੇਕਰ ਤੁਸੀ ਆਪਣੇ ਵਹੀਕਲ ਦਾ ਸਲੈਂਸਰ ਮੋਡੀਫਾਈ ਕਰਕੇ ਉਸਦੀ ਵਰਤੋ ਕਰਦੇ ਹੋ ਤਾਂ ਮੋਟਰ ਵਹੀਕਲ ਐਕਟ ਤਹਿਤ 5,000/-ਰੁਪਏ ਜੁਰਮਾਨਾ ਹੋਵੇਗਾ।

# ਡਿਵਾਈਡਰ 'ਤੇ ਚੜ੍ਹੀ ਮਹਿੰਦਰਾ ਪਿਕਅੱਪ, ਜਾਨੀ ਨੁਕਸਾਨ ਤੋਂ ਬਚਾਅ

**ਬਲਾਚੌਰ (ਜਸਵਿੰਦਰ ਬੈਂਸ)**-ਰੋਪੜ ਮੁੱਖ ਮਾਰਗ 'ਤੇ ਪੈਂਦੇ ਪਿੰਡ ਭਰਥਲਾ ਕੋਲ ਇੱਕ ਮਹਿੰਦਰਾ ਪਿਕਅੱਪ ਗੱਡੀ ਦੇ ਬੇਕਾਬੂ ਹੋ ਕੇ ਡਿਵਾਈਡਰ 'ਤੇ ਚੜ੍ਹ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮਹਿੰਦਰਾ ਪਿਕਅੱਪ ਬਲਾਚੌਰ ਵੱਲੋਂ ਰੋਪੜ ਜਾ ਰਹੀ ਸੀ। ਪਿੰਡ ਭਰਥਲਾ ਦੇ ਨਜ਼ਦੀਕ ਡਰਾਈਵਰ ਵੱਲੋਂ ਸੰਤੁਲਨ ਖੋ ਜਾਣ ਕਾਰਨ ਗੱਡੀ ਸਿੱਧੀ ਡਿਵਾਈਡਰ ਦੇ ਉੱਪਰ ਜਾ ਚੜ੍ਹੀ। ਗੱਡੀ ਨੂੰ ਵਿੱਕੀ ਕੁਮਾਰ ਪੁੱਤਰ ਸੁਰਜੀਤ ਸਿੰਘ, ਵਾਸੀ ਪਿੰਡ ਉਗਾਨਾ ਰਾਜਪੁਰਾ ਚਲਾ ਰਿਹਾ ਸੀ। ਖੁਸ਼ਕਿਸਮਤੀ ਰਹੀ ਕਿ ਇਸ ਹਾਦਸੇ ਦੌਰਾਨ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ ਤੇ ਡਰਾਈਵਰ ਸੁਰੱਖਿਅਤ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ।ਹਾਦਸਾਗ੍ਰਸਤ ਗੱਡੀ ਸੜਕ ਦੇ ਵਿਚਕਾਰ ਹੋਣ ਕਾਰਨ ਟ੍ਰੈਫਿਕ ਵਿੱਚ ਰੁਕਾਵਟ ਆ ਰਹੀ ਸੀ, ਜਿਸ ਨੂੰ ਨੈਸ਼ਨਲ ਹਾਈਵੇ ਅਥੋਰਟੀ ਆਫ ਇੰਡੀਆ ਦੀ ਕਰੇਨ ਦੀ ਸਹਾਇਤਾ ਨਾਲ ਸਾਈਡ 'ਤੇ ਕਰਵਾਇਆ ਗਿਆ। ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਰੋਕੇ ਹੋਏ ਟ੍ਰੈਫਿਕ ਨੂੰ ਮੁੜ ਸੁਚਾਰੂ ਢੰਗ ਨਾਲ ਚਾਲੂ ਕਰਵਾ ਦਿੱਤਾ ਹੈ।

# ਨੰਬਰਦਾਰ ਯੂਨੀਅਨ ਦੀਆਂ ਮੰਗਾਂ ਮੰਨਣ ਸੰਬੰਧੀ ਅਮਨ ਅਰੋੜਾ ਨੇ ਦਿੱਤਾ ਭਰੋਸਾ



**ਨਕੋਦਰ (ਮਨਜੀਤ ਮਾਨ)**

ਪੰਜਾਬ ਨੰਬਰਦਾਰ ਯੂਨੀਅਨ ਰਜਿ ਦੇ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਦੀ ਅਗਵਾਈ ਹੇਠ ਨੰਬਰਦਾਰ ਯੂਨੀਅਨ ਦੇ ਵਫ਼ਦ ਨੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਨਾਲ ਨੰਬਰਦਾਰਾਂ ਦੀਆਂ ਪਿਛਲੇ ਸਮੇਂ ਤੋਂ ਲਟਕਦੀਆਂ ਮੰਗਾਂ ਜਿਨ੍ਹਾਂ ਵਿਚ ਖਾਸ ਕਰਕੇ ਮਾਣ ਭੱਤੇ ਵਿੱਚ ਵਾਧਾ ਅਤੇ ਨੰਬਰਦਾਰੀ ਜੱਦੀ ਪੁਸ਼ਤੀ ਕਰਨ ਸਬੰਧੀ ਮੀਟਿੰਗ ਕੀਤੀ। ਇਸ ਮੌਕੇ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਨੇ ਅਮਨ ਅਰੋੜਾ ਨੂੰ ਯਾਦ ਪੱਤਰ ਦਿੰਦੇ ਹੋਏ ਦੱਸਿਆ ਕਿ ਤਕਰੀਬਨ ਅੱਠ ਨੌਂ ਮਹੀਨੇ ਪਹਿਲਾਂ ਵੀ ਪੰਜਾਬ ਸਰਕਾਰ ਦੀ ਸਬ ਕਮੇਟੀ ਨਾਲ ਯੂਨੀਅਨ ਦੀ ਮੀਟਿੰਗ ਹੋਈ ਸੀ। ਜਿਸ ਵਿਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਤੁਸੀਂ ਸ਼ਾਮਲ ਸੀ।ਉਸ ਸਮੇਂ ਤੁਸੀਂ ਭਰੋਸਾ ਦਿੱਤਾ ਸੀ ਕਿ ਬਹੁਤ ਜਲਦੀ ਮਾਣਭੱਤਾ ਵਧਾ ਦਿੱਤਾ ਜਾਵੇਗਾ।ਪਰ ਮੰਗਾਂ ਅਜੇ ਤੱਕ ਜਿਉਂ ਦੀਆਂ ਤਿਉਂ ਹਨ। ਤਾਂ ਅਮਨ ਅਰੋੜਾ ਨੇ ਭਰੋਸਾ ਦਿੱਤਾ ਕਿ ਮੈਂ ਉਕਤ ਮੰਗਾਂ ਨੂੰ ਮੈਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਤ ਮੰਤਰੀ ਚੀਮਾ ਦੇ ਧਿਆਨ ਵਿੱਚ ਲਿਆ ਕੇ ਜਲਦੀ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰਾਂਗਾ। ਇਸ ਮੌਕੇ ਵਫ਼ਦ ਵਿਚ ਸ਼ਾਮਿਲ ਸੂਬਾ ਸਕੱਤਰ ਜਨਰਲ ਰਸ਼ਪਾਲ ਸਿੰਘ ਰਾਮਪੁਰ, ਹਰਕੰਵਲ ਸਿੰਘ ਮੁੰਧ ਸੀਨੀਅਰ ਮੀਤ ਪ੍ਰਧਾਨ ਅਤੇ ਹਰਪਾਲ ਸਿੰਘ ਪੰਨੂ ਅੰਮ੍ਰਿਤਸਰ ਸੀਨੀਅਰ ਮੀਤ ਪ੍ਰਧਾਨ ਸਮੇਤ ਸੂਬਾ ਪ੍ਰਧਾਨ ਗੁਰਪਾਲ ਸਿੰਘ ਸਮਰਾ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐਸ ਡੀ ਨਵਰਾਜ ਸਿੰਘ ਬਰਾੜ ਪੀ ਸੀ ਐੱਸ ਨਾਲ ਵੀ ਮੀਟਿੰਗ ਕੀਤੀ ਤੇ ਮੁੱਖ ਮੰਤਰੀ ਮਾਨ ਦੇ ਨਾਮ ਯਾਦ ਪੱਤਰ ਦਿੱਤਾ।

# ਪ੍ਰਿੰਸੀਪਲ ਦੀ ਯਾਦ 'ਚ ਸਕੂਲ ਨੂੰ 3 ਲੱਖ ਰੁਪਏ ਦੀ ਵਿੱਤੀ ਸਹਾਇਤਾ

**ਕਾਲਾ ਸੰਘਿਆ (ਮਨਜੀਤ ਮਾਨ)**

ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ ਇਸੇ ਸਕੂਲ ਦੇ ਹੀ ਸਾਬਕਾ ਪ੍ਰਿੰਸੀਪਲ ਸਵ. ਜੈ ਸਿੰਘ ਸੰਘਾ ਦੇ ਵਿਦੇਸ਼ਾਂ ਤੋਂ ਵਤਨ ਪਰਤੇ ਤਿੰਨੋਂ ਪੁੱਤਰਾਂ ਪ੍ਰਦੀਪ ਸੰਘਾ ਅਮਰਦੀਪ ਸਿੰਘ ਸੰਘਾ ਤੇ ਕਮਲਦੀਪ ਸਿੰਘ ਸੰਘਾ ਵੱਲੋਂ ਸਕੂਲ ਦਾ ਵਿਜ਼ਿਟ ਕੀਤਾ ਗਿਆ ਤੇ ਸਕੂਲ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਲਾਹਿਆ ਗਿਆ ਤੇ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਤਰੋ ਤਾਜਾ ਕੀਤਾ ਗਿਆ। ਵਰਣਨਯੋਗ ਹੈ ਕਿ ਸਵ. ਸੰਘਾ ਦੇ ਤਿੰਨੋ ਸਪੁੱਤਰ ਜੋ ਕਿ ਵਿਦੇਸ਼ਾਂ ਵਿੱਚ ਵੱਖ ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰ ਰਹੇ ਹਨ, ਤੇ ਉਹ ਵੀ ਉਕਤ ਸਕੂਲ ਦੇ ਪੁਰਾਣੇ ਵਿਦਿਆਰਥੀ ਰਹੇ ਹਨ। ਸਵ. ਜੈ ਸਿੰਘ ਸੰਘਾ ਦੇ ਪਰਿਵਾਰ ਵੱਲੋਂ ਆਪਣੇ ਪਿਤਾ ਦੀ ਅਭੁੱਲ ਯਾਦ ਨੂੰ ਸਮਰਪਿਤ ਸਕੂਲ ਦੇ ਖੇਡ ਮੈਦਾਨ ਦੇ ਨਵੇਂ ਮੁੱਖ ਗੇਟ ਅਤੇ ਚਾਰ ਦੀਵਾਰੀ ਦਾ ਨਿਰਮਾਣ ਕਰਵਾਉਣ ਲਈ 3 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਸ਼ਲਾਘਾਯੋਗ ਫੈਸਲਾ ਲਿਆ ਗਿਆ ਹੈ । ਇੱਥੇ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਸਵ. ਜੈ ਸਿੰਘ ਸੰਘਾ ਨੇ ਆਪਣੀ ਸਰਕਾਰੀ ਨੌਕਰੀ ਦਾ ਲੰਬਾ ਸਮਾਂ ਆਪਣੇ ਨਗਰ ਦੇ ਗਦਰੀ ਬਾਬਾ ਹਰਨਾਮ ਸਿੰਘ ਸਕੂਲ ਵਿਖੇ ਸੇਵਾਵਾਂ ਦਿੰਦਿਆਂ ਬਿਤਾਇਆ ਤੇ ਉਹਨਾਂ ਨੂੰ ਸਕੂਲ ਵਿੱਚ ਅਧਿਆਪਕ ਮੁੱਖ ਅਧਿਆਪਕ ਤੇ ਪ੍ਰਿੰਸੀਪਲ ਦੀ ਜਿੰਮੇਵਾਰੀ ਨਿਭਾਉਂਦਿਆਂ ਸਕੂਲ ਦੀ ਬਿਹਤਰੀ ਲਈ ਜਿਕਰਯੋਗ ਸਥਾਨ ਪ੍ਰਾਪਤ ਕਰਨ ਦਾ ਜਿੱਥੇ ਮਾਣ ਮਿਲਿਆ ਹੈ, ਉੱਥੇ ਹੀ ਉਹਨਾਂ ਵੱਲੋਂ ਵੱਡਾ ਉੱਦਮ ਕਰਕੇ ਸੰਨ 1986 ਵਿੱਚ ਪੇਂਡੂ ਲੜਕੀਆਂ ਦੀ ਵਿੱਦਿਆ ਦੀ ਅਹਿਮੀਅਤ ਨੂੰ ਧਿਆਨ ਵਿੱਚ ਰੱਖਦਿਆਂ ਸੰਤ ਹੀਰਾ ਦਾਸ ਕੰਨਿਆ ਮਹਾਵਿਧਾਲਿਆ ਕਾਲਾ ਸੰਘਿਆ ਦੀ ਸਥਾਪਨਾ ਕਰਨ ਵਿੱਚ ਅਹਿਮ ਭੂਮਿਕਾ ਅਦਾ ਕੀਤੀ। ਦਾਨੀ ਪਰਵਾਰ ਵੱਲੋਂ ਸਕੂਲ ਦੇ ਵਿਕਾਸ ਲਈ ਵੱਡਾ ਯੋਗਦਾਨ ਪਾਉਣ ਦੇ ਲਏ ਫੈਸਲੇ ਦਾ ਸਵਾਗਤ ਕਰਦਿਆਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਤ ਬਾਬਾ ਕਾਨ ਦਾਸ ਜੀ ਕਾਲਾ ਸੰਘਿਆ, ਸਤਨਾਮ ਸਿੰਘ ਸੰਘਾ ਬਲਾਕ ਪ੍ਰਧਾਨ 'ਆਪ' ਮਨਿੰਦਰ ਪਾਲ ਸਿੰਘ ਮੰਨਾ, ਸਰਪੰਚ ਸੰਜੀਵ ਕੁਮਾਰ ਹੈਪੀ ਸਾਬਕਾ ਸਰਪੰਚ ਆਲਮਗੀਰ, ਰਜਿੰਦਰਪਾਲ ਡੀ ਪੀ ਏ, ਮੇਜਰ ਸਿੰਘ ਸੰਘਾ ਯੂ ਐਸ ਏ, ਨਿਰਮਲ ਸਿੰਘ ਸੰਘਾ, ਸਾਬਕਾ ਪ੍ਰਿੰਸੀਪਲ ਰਮੇਸ਼ ਕੁਮਾਰ ਚੱਢਾ, ਸੁਖਦਿਆਲ ਸਿੰਘ ਝੰਡ ਜ਼ਿਲ੍ਹਾ ਪ੍ਰਧਾਨ ਅਧਿਆਪਕ ਦਲ ਪੰਜਾਬ, ਅਧਿਆਪਕ ਹਰਦੇਵ ਸਿੰਘ ਖਾਨੋਵਾਲ ਸਤਪਾਲ ਬਾਗੜੀ ਅਤੇ ਨਰਿੰਦਰ ਸਿੰਘ ਸੰਘਾ ਆਦਿ ਨੇ ਵੀ ਪ੍ਰਿੰਸੀਪਲ ਸੰਘਾ ਦੇ ਪਰਵਾਰ ਵੱਲੋਂ ਸਕੂਲ ਦੇ ਵਿਕਾਸ ਕਾਰਜਾਂ ਲਈ ਮਹੱਤਵਪੂਰਨ ਯੋਗਦਾਨ ਪਾਉਣ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਹੈ।

# ਹਲਕਾ ਇੰਚਾਰਜ ਹਰਮਿੰਦਰ ਸਿੰਘ ਸੰਧੂ ਸਨਮਾਨਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਹਲਕਾ ਚੱਬੇਵਾਲ ਦੇ ਪਿੰਡ ਠੰਡਲ ਦਫਤਰ ਵਿਖੇ ਸਾਬਕਾ ਕੈਬਨਿਟ ਮੰਤਰੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਸਰਦਾਰ ਸੋਹਣ ਸਿੰਘ ਠੰਡਲ ਦੀ ਅਗਵਾਈ ਵਿੱਚ ਹਲਕਾ ਚੱਬੇਵਾਲ ਦੇ ਨਵ ਨਿਯੁਕਤ ਹਲਕਾ ਇੰਚਾਰਜ ਸਰਦਾਰ ਹਰਮਿੰਦਰ ਸਿੰਘ ਸੰਧੂ ਨੇ ਸ਼ਿਰਕਤ ਕੀਤੀ ਤੇ ਦਾਸ ਅਤੇ ਸਮੂਹ ਅਕਾਲੀ ਲੀਡਰਸ਼ਿਪ ਨੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਤੇ ਮੂੰਹ ਮਿੱਠਾ ਕਰਵਾਇਆ ਤੇ ਸੰਧੂ ਨੂੰ ਆਪਣਾ ਪੂਰਾ ਸਮਰਥਨ ਦਿੱਤਾ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਚੜਦੀ ਕਲਾ ਵੱਲ ਲੈ ਜਾਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਰਵਿੰਦਰ ਸਿੰਘ ਠੰਡਲ ਕੋਰ ਕਮੇਟੀ ਮੈਂਬਰ ਯੂਥ ਅਕਾਲੀ ਦਲ ਸੁਰਿੰਦਰਪਾਲ ਸਿੰਘ ਸੰਧੂ ,ਪ੍ਰਿੰਸੀਪਲ ਰਸ਼ਪਾਲ ਸਿੰਘ ਜਲਵੇੜਾ, ਜਸਵਿੰਦਰ ਸਿੰਘ ਨੰਗਲ ਠੰਡਲ, ਮਾਸਟਰ ਹਰਭਜਨ ਸਿੰਘ ਅਜਨੋਹਾਂ ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋਂ, ਜਥੇਦਾਰ ਜਸਵੀਰ ਸਿੰਘ ਭੱਟੀ ਨਡਾਲੋਂ, ਬੂਟਾ ਸਿੰਘ ਮੁਗੋਪੱਟੀ, ਸਤਵਿੰਦਰ ਸਿੰਘ ਠੀਡਾ,ਜਥੇਦਾਰ ਜਰਨੈਲ ਸਿੰਘ ਖਾਲਸਾ ਨਡਾਲੋਂ,ਨੰਬਰਦਾਰ ਤਰਲੋਚਨ ਸਿੰਘ ਟੋਡਰਪੁਰ, ਨੰਬਰਦਾਰ ਗੁਰਨਾਮ ਸਿੰਘ ਟੋਡਰਪੁਰ, ਸਰਪੰਚ ਮੋਹਣ ਸਿੰਘ ਸਰਹਾਲਾਂ ਕਲਾਂ, ਬਲਵਿੰਦਰ ਸਿੰਘ ਭਾਮ, ਧਰਮਿੰਦਰ ਸਿੰਘ ਟੋਨੀ,ਰਵੀ ਮੇਹਟੀਆਣਾ, ਰਿੱਕੀ ਸਿੰਬਲੀ ਗੁਰਪ੍ਰੀਤ ਸਿੰਘ ਡਾਂਡੀਆਂ,ਦਲਜੀਤ ਸਿੰਘ



ਪਰਮਾਰ,ਰਘਵੀਰ ਸਿੰਘ ਨੰਗਲ ਰਣਜੀਤ ਸਿੰਘ ਹਾਰਟਾ ਸੰਮਤੀ ਮੈਂਬਰ, ਦੁੱਖ ਭੰਜਨ ਸਿੰਘ ਹਾਰਟਾ,ਪ੍ਰਿਥੀਪਾਲ ਸਿੰਘ ਹਾਰਟਾ,ਡਾਕਟਰ ਜਸਵੀਰ ਸਿੰਘ ਅਜਨੋਹਾਂ ,ਡਾਕਟਰ ਸੁਰਿੰਦਰਪਾਲ ਸਿੰਘ, ਰਣਜੀਤ ਸਿੰਘ, ਮਨਦੀਪ ਸਿੰਘ ਸੈਦਪੁਰ,ਗਗਨਦੀਪ ਸਿੰਘ ਜਿਆਣ, ਲਖਵਿੰਦਰ ਸਿੰਘ ਲੱਕੀ ਪੰਚ ਭੂੰਗਰਨੀ, ਪਰਮਿੰਦਰ ਸਿੰਘ ਸਾਬਕਾ ਪੰਚ ਭੂੰਗਰਨੀ ਆਦਿ ਹਾਜ਼ਰ ਸਨ।

# ਸਹਿਕਾਰੀ ਹਾਊਸਿੰਗ ਸੁਸਾਇਟੀਆਂ ਦੇ ਗੈਰ-ਮੂਲ ਅਲਾਟੀਆਂ ਲਈ ਸਮਾਂਬੱਧ ਰਿਆਇਤੀ ਸਟੈਂਪ ਡਿਊਟੀ ਦਾ ਐਲਾਨ

**ਜਲੰਧਰ, (ਸੁਰਿੰਦਰ ਕੁਮਾਰ)**-ਸਹਿਕਾਰੀ ਹਾਊਸਿੰਗ ਸੁਸਾਇਟੀਆਂ ਦੇ ਗੈਰ ਮੂਲ ਅਲਾਟੀਆਂ ਦੀ ਬਕਾਇਆ ਰਜਿਸਟ੍ਰੇਸ਼ਨ ਨੂੰ ਸਰਲ ਬਣਾਉਣ ਤੇ ਆਮ ਲੋਕਾਂ ਨੂੰ ਰਾਹਤ ਦੇਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਅਜਿਹੀਆਂ ਸੁਸਾਇਟੀਆਂ ਦੇ ਗੈਰ ਮੂਲ ਅਲਾਟੀਆਂ ਲਈ ਸਮਾਂਬੱਧ ਰਿਆਇਤੀ ਸਟੈਂਪ ਡਿਊਟੀ ਦਾ ਐਲਾਨ ਕੀਤਾ ਗਿਆ ਹੈ।ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਗੁਰਵਿੰਦਰਜੀਤ ਸਿੰਘ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਸਰਕਾਰ ਦੇ ਸਹਿਕਾਰਤਾ ਵਿਭਾਗ ਵੱਲੋਂ 12 ਜਨਵਰੀ 2026 ਤੋਂ ਸੀਮਤ ਸਮੇਂ ਲਈ ਸਹਿਕਾਰੀ ਹਾਊਸਿੰਗ ਸੁਸਾਇਟੀਆਂ ਵਿੱਚ ਗੈਰ ਮੂਲ ਅਲਾਟੀਆਂ/ਟਰਾਂਸਫਰੀਆਂ ਲਈ ਰਿਆਇਤੀ ਸਟੈਂਪ ਡਿਊਟੀ ਦਰਾਂ ਨੋਟੀਫਾਈ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਨੋਟੀਫਿਕੇਸ਼ਨ ਅਨੁਸਾਰ ਇਹ ਰਿਆਇਤ ਕੰਸੀਡਰੇਸ਼ਨ ਰਾਸ਼ੀ ਜਾਂ ਕਲੈਕਟਰ ਰੇਟ (ਜੋ ਵੀ ਵੱਧ ਹੋਵੇ) ਦੇ ਆਧਾਰ 'ਤੇ ਰਜਿਸਟ੍ਰੇਸ਼ਨ ਲਈ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ਾਂ 'ਤੇ ਲਾਗੂ ਹੋਵੇਗੀ।ਉਨ੍ਹਾਂ ਦੱਸਿਆ ਕਿ 31 ਜਨਵਰੀ 2026 ਤੱਕ ਹੋਣ ਵਾਲੀਆਂ ਰਜਿਸਟ੍ਰੇਸ਼ਨਾਂ 'ਤੇ ਸਟੈਂਪ ਡਿਊਟੀ ਦੀ ਦਰ ਸਿਰਫ਼ 1% ਹੋਵੇਗੀ। 1 ਫਰਵਰੀ ਤੋਂ 28 ਫਰਵਰੀ 2026 ਤੱਕ ਇਹ ਦਰ 2% ਅਤੇ 1 ਮਾਰਚ ਤੋਂ 31 ਮਾਰਚ 2026 ਤੱਕ 3% ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ 31 ਮਾਰਚ 2026 ਤੋਂ ਬਾਅਦ ਸਟੈਂਪ ਡਿਊਟੀ ਦੀਆਂ ਆਮ ਦਰਾਂ ਲਾਗੂ ਹੋਣਗੀਆਂ। ਉਪ ਰਜਿਸਟਰਾਰ ਨੇ ਇਹ ਵੀ ਦੱਸਿਆ ਕਿ ਰਿਆਇਤ ਦੀ ਮਿਆਦ ਦੌਰਾਨ ਰਜਿਸਟ੍ਰੇਸ਼ਨ ਫੀਸ 1% (2 ਲੱਖ ਤੱਕ) ਰਹੇਗੀ ਅਤੇ ਐਸ.ਆਈ.ਸੀ./ਪੀ.ਆਈ.ਡੀ.ਬੀ./ਐਸ.ਆਈ.ਡੀ.ਐਫ. ਚਾਰਜ ਮੁਆਫ਼ ਰਹਿਣਗੇ।

# ਆਂਗਨਵਾੜੀ ਵਰਕਰਾਂ ਦੀ ਟ੍ਰੇਨਿੰਗ ਕਰਵਾਈ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪ੍ਰਥਮ ਟੀਮ ਵੱਲੋਂ 'ਪੋਸ਼ਣ ਵੀ, ਪੜ੍ਹਾਈ ਵੀ' ਮੁਹਿੰਮ ਤਹਿਤ ਆਂਗਨਵਾੜੀ ਵਰਕਰਾਂ ਦੀ ਟ੍ਰੇਨਿੰਗ ਕਰਵਾਈ ਗਈ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੱਚਿਆਂ ਦੇ ਪੋਸ਼ਣ ਅਤੇ



ਸ਼ੁਰੂਆਤੀ ਬਚਪਨ ਦੀ ਸਿਖਿਆ ਤੇ ਧਿਆਨ ਕੇਂਦਰਤ ਕਰਨ ਦੇ ਉਦੇਸ਼ ਨਾਲ ਪ੍ਰਸਿੱਧ ਸਿੱਖਿਆ ਸੰਸਥਾ ਪ੍ਰਥਮ ਦੀ ਟੀਮ ਵੱਲੋਂ ਮਿਡਲ ਲੈਵਲ ਟ੍ਰੇਨਿੰਗ ਸੈਂਟਰ, ਰਾਮ ਕਲੋਨੀ ਕੈਂਪ, ਹੁਸ਼ਿਆਰਪੁਰ ਵਿਖੇ 930 ਆਂਗਨਵਾੜੀ ਵਰਕਰਾਂ ਲਈ ਪੋਸ਼ਣ ਵੀ, ਪੜ੍ਹਾਈ ਵੀ ਥੀਮ ਹੇਠ ਇਕ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਨੇ 3 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਲਈ ਪੋਸ਼ਣ ਅਤੇ ਸ਼ੁਰੂਆਤੀ ਸਿੱਖਿਆ ਨੂੰ ਪ੍ਰਭਾਵਸ਼ਾਲੀ ਬਣਾਉਣਾ ਬਾਰੇ ਦੱਸਿਆ ਅਤੇ ਪ੍ਰਥਮ ਟੀਮ ਵੱਲੋਂ ਆਂਗਨਵਾੜੀ ਵਰਕਰਾਂ ਨੂੰ ਬੱਚਿਆਂ ਦੀ ਪੋਸ਼ਣ ਸਥਿਤੀ, ਵਿਕਾਸ ਦੀ ਨਿਗਰਾਨੀ, ਖੇਡ-ਆਧਾਰਿਤ ਅਤੇ ਗਤੀਵਿਧੀ-ਆਧਾਰਿਤ ਸਿੱਖਣ, ਕਹਾਣੀ ਸੁਣਾਉਣ, ਗੀਤਾਂ ਅਤੇ ਸਥਾਨਕ ਸਿੱਖਣ ਸਮੱਗਰੀ ਦੀ ਵਰਤੋਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਟ੍ਰੇਨਿੰਗ ਦੌਰਾਨ ਮਾਪਿਆਂ ਦੀ ਭਾਗੀਦਾਰੀ, ਘਰੇਲੂ ਗਤੀਵਿਧੀਆਂ ਅਤੇ ਬੱਚਿਆਂ ਵਿੱਚ ਸਿੱਖਣ ਦੀ ਦਿਲਚਸਪੀ ਪੈਦਾ ਕਰਨ ਉੱਤੇ ਵੀ ਜ਼ੋਰ ਦਿੱਤਾ ਗਿਆ। ਪ੍ਰਥਮ ਟੀਮ ਦੇ ਮੈਂਬਰਾਂ ਨੇ ਆਂਗਨਵਾੜੀ ਵਰਕਰਾਂ ਨੂੰ ਪ੍ਰੈਕਟਿਕਲ ਉਦਾਹਰਨਾਂ ਅਤੇ ਡੈਮੋਨਸਟ੍ਰੇਸ਼ਨ ਰਾਹੀਂ ਸਿਖਲਾਈ ਦਿੱਤੀ। ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਨੇ ਇਸ ਮੌਕੇ ਕਿਹਾ ਕਿ ਇਹ ਟ੍ਰੇਨਿੰਗ ਲੈਣ ਨਾਲ ਆਂਗਨਵਾੜੀ ਵਰਕਰਾਂ ਦੀ ਸਮਰੱਥਾ ਵਧਾਉਣ ਦੇ ਨਾਲ- ਨਾਲ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦੋਵਾਂ ਵਿੱਚ ਵੀ ਸੁਧਾਰ ਆਵੇਗਾ। ਉਨ੍ਹਾਂ ਨੇ ਪ੍ਰਥਮ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਕਰਿਸ਼ਮਾ ਤੇ ਜਾਨਵੀ ਦੀ ਰਾਸ਼ਟਰੀ ਸਕੂਲ ਫੁੱਟਬਾਲ ਖੇਡਾਂ ਲਈ ਚੋਣ

**ਗੁਰਾਇਆ (ਬਿੰਦਰ ਸੁਮਨ)**-ਵਾਈ ਐਫ ਸੀ ਰੁੜਕਾ ਕਲਾਂ ਲੜਕਿਆਂ ਦੇ ਨਾਲ ਨਾਲ ਲੜਕੀਆਂ ਨੂੰ ਅੱਗੇ ਵਧਣ ਲਈ ਮੌਕੇ ਪ੍ਰਦਾਨ ਕਰ ਰਿਹਾ ਹੈ ।ਪਿਛਲੇ ਕਈ ਸਾਲਾਂ ਤੋਂ ਵਾਈ ਐਫ ਸੀ ਰੁੜਕਾ ਕਲਾਂ ਫੁੱਟਬਾਲ ਦੇ



ਨਾਲ ਨਾਲ ਲਿੰਗ ਸਮਾਨਤਾ 'ਤੇ ਵੀ ਪੂਰਾ ਕੰਮ ਕਰ ਰਹੀ ਹੈ, ਜਿਸ ਤਹਿਤ ਵਾਈ ਐਫ ਸੀ ਵਿੱਚ ਲੜਕੀਆਂ ਨੂੰ ਟਰੇਨਿੰਗ (ਫੁੱਟਬਾਲ, ਸਵੈ ਰੱਖਿਆ ਆਦਿ) ਦਿੱਤੀ ਹੈ।ਇਸ ਤਹਿਤ ਸਾਡੀਆਂ ਖਿਡਾਰਨਾਂ ਪਿਛਲੇ ਕਈ ਸਾਲਾਂ ਤੋਂ ਪੜ੍ਹਾਈ ਦੇ ਨਾਲ ਨਾਲ ਫੁੱਟਬਾਲ ਵਿੱਚ ਵੀ ਮੱਲਾਂ ਮਾਰ ਰਹੀਆਂ ਹਨ।ਇਸ ਤਹਿਤ ਵਾਈ ਐਫ ਸੀ ਰੁੜਕਾ ਕਲਾਂ ਦੀਆਂ ਖਿਡਾਰਨਾਂ ਕਰਿਸ਼ਮਾ ਅਤੇ ਜਾਨਵੀ ਕਈ ਸਾਲਾਂ ਤੋਂ ਯੂਥ ਫੁੱਟਬਾਲ ਕਲੱਬ (ਵਾਈ ਐਫ ਸੀ) ਤੋਂ ਟਰੇਨਿੰਗ ਲੈ ਰਹੀਆ ਹਨ ਅਤੇ ਕਲੱਬ ਲਈ ਲਗਾਤਾਰ ਵਧੀਆ ਪ੍ਰਦਰਸ਼ਨ ਕਰਦੇ ਰਹੇ ਹਨ।ਹਾਲ ਹੀ ਵਿੱਚ, ਵਾਈ ਐਫ ਸੀ ਦੀਆਂ ਇਨ੍ਹਾ ਖਿਡਾਰਨਾਂ ਨੇ ਸਟੇਟ ਚੈਂਪੀਅਨਸ਼ਿਪ ਜਿੱਤੀ ਹੈ, ਜਿਸ ਨਾਲ ਕਲੱਬ ਨੂੰ ਮਾਣ ਹੈ। ਟੂਰਨਾਮੈਂਟ ਵਿੱਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਉਹ ਹੁਣ ਉਹ 69ਵੇਂ ਸਕੂਲ ਰਾਸ਼ਟਰੀ ਖੇਡਾਂ ਲਈ ਜਾ ਰਹੀਆਂ ਹਨ, ਜੋ ਕਿ 23 ਜਨਵਰੀ ਤੋਂ 28 ਜਨਵਰੀ ਨੂੰ ਇੰਫਾਲ, ਮਨੀਪੁਰ ਵਿਖੇ ਕਰਵਾਇਆ ਜਾਵੇਗਾ।ਇਸ ਮੌਕੇ ਵਾਈ ਐਫ ਸੀ ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਨੇ ਕਰਿਸ਼ਮਾ ਅਤੇ ਜਾਨਵੀ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

# ਸਾਲਾਨਾ ਗੁਰਮਤਿ ਸਮਾਗਮ ਦੇ ਸੰਬੰਧ 'ਚ ਸ੍ਰੀ ਅਖੰਡ ਪਾਠਾਂ ਦੀ ਆਰੰਭਤਾ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**

ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਜਥੇਬੰਦੀ ਵੱਲੋਂ ਸਮੂਹ ਇਲਾਕਾ ਤੇ ਨਗਰ ਨਿਵਾਸੀ ਸੰਗਤ ਦੇ ਸਹਿਯੋਗ ਨਾਲ ਧੰਨ- ਧੰਨ ਬਾਬਾ ਅੱਘੜ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਤੇ ਸਾਲਾਨਾ ਗੁਰਮਤਿ ਸਮਾਗਮ 25 ਜਨਵਰੀ ਦਿਨ ਐਤਵਾਰ ਨੂੰ ਗੁ. ਸ਼ਹੀਦ ਬਾਬਾ ਅੱਗੜ ਸਿੰਘ ਜੀ ਪਿੰਡ ਟੂਟੋਮਜਾਰਾ ਵਿਖੇ ਮਨਾਇਆ ਜਾ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆ ਜਥੇਦਾਰ ਬਾਬਾ ਨਾਗਰ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਬਾਬਾ ਅੱਘੜ ਸਿੰਘ ਜੀ ਸ਼ਹੀਦ ਪਿੰਡ ਟੂਟੋਮਜਾਰਾ ਨੇ ਦੱਸਿਆ ਕਿ ਸਮਾਗਮ ਦੇ ਸਬੰਧ ਵਿੱਚ ਸ੍ਰੀ ਆਖੰਡ ਪਾਠਾ ਦੀ ਆਰੰਭਤਾ ਕੀਤੀ ਗਈ । 23 ਜਨਵਰੀ ਨੂੰ ਸ੍ਰੀ ਅਖੰਡ ਪਾਠਾਂ ਦੇ ਭੋਗ ਤੋਂ ਬਾਅਦ ਅੱਗੋਂ ਹੋਰ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨਾਂ ਦੇ ਭੋਗ 25 ਜਨਵਰੀ ਨੂੰ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਹਜੂਰੀ ਰਾਗੀ ਜਥਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਭਾਈ ਸਾਹਿਬ ਭਾਈ ਜਗਤਾਰ ਸਿੰਘ ਜੀ, ਭਾਈ ਹਰਭਜਨ ਸਿੰਘ ਜੀ ਸੋਤਲੇ ਵਾਲੇ, ਗਿਆਨੀ ਗੁਰਪ੍ਰੀਤ ਸਿੰਘ ਜੀ ਹਜੂਰੀ ਕਥਾਵਾਚਕ, ਭਾਈ ਸੁਖਦੇਵ ਸਿੰਘ ਜੀ ਹਜੂਰੀ ਰਾਗੀ ਜਥਾ, ਭਾਈ ਅਮਨਵੀਰ ਸਿੰਘ ਜੀ ਹਜੂਰੀ ਕਵੀਸ਼ਰੀ ਜਥਾ, ਗਿਆਨੀ ਤਰਸੇਮ ਸਿੰਘ ਜੀ ਮੋਰਾਂਵਾਲੀ ਪੰਥ ਪ੍ਰਸਿੱਧ ਸ਼੍ਰੋਮਣੀ ਢਾਡੀ ਜਥਾ ਅਤੇ ਸੰਤ ਬਾਬਾ ਸੁੱਖਾ ਸਿੰਘ ਜੀ ਗੁਰਦੁਆਰਾ ਪੀਰ ਬਾਲਾ ਸਾਹਿਬ ਫਤਿਹਪੁਰ ਕੋਠੀ ਸੰਗਤਾਂ ਨੂੰ ਕਥਾ ਕੀਰਤਨ ਤੇ ਆਪਣੇ ਧਾਰਮਿਕ ਪ੍ਰਵਚਨਾਂ ਰਾਹੀਂ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਨਗੇ। ਇਸ ਮੌਕੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੇ ਵੀ ਚਾਨਣਾ ਪਾਇਆ ਜਾਵੇਗਾ। ਇਸੇ ਦਿਨ 25 ਜਨਵਰੀ ਨੂੰ ਹੀ ਦੁਪਹਿਰ 12 ਵਜੇ ਅੰਮ੍ਰਿਤ ਸੰਚਾਰ ਵੀ ਹੋਵੇਗਾ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਜਥੇਦਾਰ ਬਾਬਾ ਨਾਗਰ ਸਿੰਘ ਜੀ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਮਾਗਮ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।



# ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਸਮਾਗਮ

**ਫਗਵਾੜਾ (ਜਸਵਿੰਦਰ ਢੱਡਾ)**

ਪੰਜਾਬੀ ਵਿਰਾਸਤ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਫੋਕ ਆਰਟ ਐਂਡ ਕਲਚਰਲ ਐਕਸਚੇਂਜ ਸੁਸਾਇਟੀ ਕੈਨੇਡਾ ਵੱਲੋਂ ਸੀ ਫੇਸ ਦੇ ਦਫ਼ਤਰ ਵਿਖੇ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਬਹੁਪੱਖੀ ਸ਼ਖ਼ਸੀਅਤ ਅਤੇ ਸਮਾਜ ਸੇਵਕ ਧਰਮ ਪਾਲ ਪੈਂਥਰ ਨੇ ਕੀਤੀ।ਪ੍ਰਧਾਨ ਕੰਠ ਮੂਗੋਲਾਲ ਨੇ ਮੁੱਖ ਮਹਿਮਾਨ ਧਰਮ ਪਾਲ ਪੈਂਥਰ ਅਤੇ ਬਾਕੀ ਮਹਿਮਾਨਾਂ ਨੂੰ ਜੀ ਆਇਆ ਕਿਹਾ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਧਰਮ ਪਾਲ ਪੈਂਥਰ ਨੇ ਕਿਹਾ ਕਿ ਸੁਸਾਇਟੀ ਵੱਲੋਂ ਸੱਤ ਸਮੁੰਦਰੋਂ ਪਾਰ ਕੈਨੇਡਾ ਦੀ ਧਰਤੀ ਉੱਤੇ ਪੰਜਾਬੀ ਭਾਈਚਾਰੇ ਨੂੰ ਆਪਣੀ ਵਿਰਾਸਤ ਅਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਸ਼ਲਾਘਾਯੋਗ ਹੈ। ਪੰਜਾਬੀ ਜਿੱਥੇ ਵੀ ਜਾਂਦੇ ਹਨ ਉੱਥੇ ਹੀ ਪੰਜਾਬ ਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰਦੇ ਹਨ। ਖੁੱਲ੍ਹੇ ਸੁਭਾਅ ਦੇ ਮਾਲਕ ਤੇ ਮੁਹੱਬਤ ਨਾਲ ਆਪਣੇ ਰੰਗ ਵਿੱਚ ਰੰਗ ਲੈਂਦੇ ਹਨ । ਵਿਦੇਸ਼ਾਂ ਵਿੱਚ ਸਖ਼ਤ ਮਿਹਨਤ ਕਰਕੇ ਆਪਣੀ ਕਮਾਈ ਵਿੱਚੋਂ ਦਸਵੰਧ ਕੱਢਕੇ ਆਪੋ ਆਪਣੇ ਪਿੰਡਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ।ਇਸ ਮੌਕੇ ਤੇ ਸੋਸਾਇਟੀ ਦੇ ਡਾਇਰੈਕਟਰ ਭੁਪਿੰਦਰ ਸਿੰਘ ਲੱਧੜ ਨੇ ਪੈਂਥਰ ਦਾ ਧੰਨਵਾਦ ਕਰਦਿਆਂ ਸਮਾਗਮ ਵਿੱਚ ਜਿਹੜੇ ਆਪਣੇ ਤਜਰਬੇ ਸਰੋਤਿਆਂ ਨਾਲ ਸਾਂਝੇ ਕੀਤੇ ਹਨ,ਕੋਸ਼ਿਸ਼ ਕਰਾਂਗੇ ਉਨ੍ਹਾਂ ਮੁੱਦਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਫੋਕ ਆਰਟ ਐਂਡ ਕਲਚਰਲ ਐਕਸਚੇਂਜ ਸੁਸਾਇਟੀ ਕੈਨੇਡਾ ਵੱਲੋਂ ਧਰਮ ਪਾਲ ਪੈਂਥਰ ਨੂੰ ਯਾਦਗਾਰੀ ਚਿੰਨ੍ਹ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਨੂੰ ਸਫਲ ਬਣਾਉਣ ਲਈ ਡਾਇਰੈਕਟਰ ਅੰਮ੍ਰਿਤ ਪਾਲ ਸਿੰਘ ਢੋਟ, ਪਲਕ ਦੀਪ ਕੌਰ, ਸੀ ਈ ਓ ਕੰਵਲਜੀਤ ਸਿੰਘ ਮਾਨਾ ਵਾਲਾ ਅਤੇ ਡਾਇਰੈਕਟਰ ਤਨਵੀਰ ਸਿੰਘ ਆਦਿ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਤੇ ਚੇਤਨਾ ਦੇ ਪ੍ਰਧਾਨ ਜੈ ਵਿਰਦੀ, ਕੈਸ਼ੀਅਰ ਸੁਰਜੀਤ ਬੈਂਸ, ਅਨੁਰਾਗ ਭਾਟੀਆ, ਮਲਿਕਾ ਭਾਟੀਆ ਅਤੇ ਪਾਲ ਕੌਰ ਆਦਿ ਸ਼ਾਮਲ ਸਨ।





# ਬਰਿੰਦਰ ਕੁਮਾਰ ਗੋਇਲ ਜਲੰਧਰ 'ਚ ਲਹਿਰਾਉਣਗੇ ਕੌਮੀ ਝੰਡਾ

**ਜਲੰਧਰ, (ਸੁਰਿੰਦਰ ਕੁਮਾਰ)**-ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਮਨਾਏ ਜਾ ਰਹੇ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਮਾਈਨਜ਼ ਤੇ ਜਿਆਲੋਜੀ, ਜਲ ਸਰੋਤ ਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਨੇ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦੀ ਚੱਲ ਰਹੀ ਰਿਹਰਸਲ ਦਾ ਜਾਇਜ਼ਾ ਲੈਂਦਿਆਂ ਭਾਗ ਲੈਣ ਵਾਲੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਮੌਕੇ 'ਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਵਦੀਪ ਕੌਰ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਮਹੱਤਵਪੂਰਣ ਦਿਹਾੜਾ ਪੂਰੀ ਸ਼ਰਧਾ, ਉਤਸ਼ਾਹ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਜਾਵੇਗਾ, ਜਿਸ ਦੇ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਰੋਹ ਦੌਰਾਨ ਮਾਰਚ ਪਾਸਟ, ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੀ.ਟੀ. ਸ਼ੋਅ ਤੋਂ ਇਲਾਵਾ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਅਤੇ ਵੱਖ-ਵੱਖ ਵਿਭਾਗਾਂ ਦੇ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦਾ ਸਨਮਾਨ ਕੀਤਾ ਜਾਵੇਗਾ।

# 'ਸਿਹਤ ਤੇ ਤੰਦਰੁਸਤੀ' ਵਿਸ਼ੇ 'ਤੇ ਸੈਮੀਨਾਰ

**ਫਿਲੌਰ, (ਨਿਰਮਲ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਵਿਖੇ ਗੋਲਡਨ ਜੁਬਲੀ ਸੈਂਟਰ ਆਫ਼ ਐਂਟਰਪ੍ਰੀਨੀਅਰਸ਼ਿਪ ਐਂਡ ਇਨੋਵੇਸ਼ਨ (ਜੀ ਜੇ ਸੀ ਈ ਆਈ) ਅੰਡਰ ਰੂਸਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸਿਹਤ ਅਤੇ ਤੰਦਰੁਸਤੀ ਵਿਸ਼ੇ ਤੇ ਇਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੇ ਇੰਚਾਰਜ ਪ੍ਰੋ: ਮਨਿੰਦਰ ਸਿੰਘ (ਸਰੀਰਕ ਸਿੱਖਿਆ ਵਿਭਾਗ) ਨੇ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਦੀ ਯੋਗ ਅਗਵਾਈ ਤਹਿਤ ਸਿਹਤ ਤੇ ਇਸ ਦੀਆਂ ਸਮੱਸਿਆਵਾਂ ਤੇ ਸਮਾਧਾਨ ਨੂੰ ਮੁੱਖ ਰੱਖਦਿਆਂ ਇੱਕ ਐਕਸਟੈਂਸ਼ਨ ਲੈਕਚਰ ਕਰਵਾਇਆ ਜਿਸ ਵਿੱਚ ਮੁੱਖ ਬੁਲਾਰੇ ਵਜੋਂ ਡਾ: ਬਲਜਿੰਦਰ ਸਿੰਘ ਏ.ਐੱਮ.ਓ, ਬੜਾਪਿੰਡ ਨੇ ਸ਼ਿਰਕਤ ਕੀਤੀ। ਕਾਲਜ ਦੇ ਵਿਦਿਆਰਥੀਆਂ ਦੇ ਸਨਮੁੱਖ ਹੁੰਦਿਆਂ ਡਾ: ਬਲਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸਿਹਤ ਸੰਬੰਧੀ ਆਉਣ ਵਾਲੀਆਂ ਬਿਮਾਰੀਆਂ ਦੇ ਕਾਰਨ, ਪ੍ਰਭਾਵ ਤੇ ਉਸ ਤੋਂ ਬਚਣ ਦੇ ਤਰੀਕਿਆਂ ਨੂੰ ਇੱਕ ਪੀ.ਪੀ.ਟੀ ਦੇ ਮਾਧਿਅਮ ਰਾਹੀਂ ਡੂੰਘਾਈ ਨਾਲ ਜਾਣੂੰ ਕਰਵਾਇਆ। ਉਹਨਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਸਾਡੇ ਆਲੇ-ਦੁਆਲੇ ਦੇ ਮਾਹੌਲ, ਖਾਣ-ਪੀਣ ਤੇ ਰਹਿਣ-ਸਹਿਣ ਦੀਆਂ ਆਦਤਾਂ ਦਾ ਸਾਡੀ ਸਿਹਤ 'ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਇਸ ਲਈ ਜੇਕਰ ਸਿਹਤਮੰਦ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਅਸੀਂ ਆਪਣੇ ਖੁਰਾਕ ਨੂੰ ਸੰਤੁਲਿਤ ਰੱਖੀਏ ਤੇ ਯੋਗਾ ਜਾਂ ਕਸਰਤ ਕਰਨਾ ਵੀ ਰੋਜ਼ ਦੀ ਆਦਤ ਬਣਾਈਏ। ਸੈਮੀਨਾਰ 'ਚ ਮੰਚ ਸੰਚਾਲਕ ਦੀ ਭੂਮਿਕਾ ਡਾ: ਪਰਮਜੀਤ ਕੌਰ (ਪੰਜਾਬੀ ਵਿਭਾਗ) ਨੇ ਨਿਭਾਈ। ਕਾਲਜ ਦੇ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਤਨੋਂ-ਮਨੋਂ ਅਰੋਗ ਰਹਿਣ ਦੀ ਅਪੀਲ ਕੀਤੀ ਅਤੇ ਆਪਣਾ ਤੇ ਆਪਣੇ ਘਰ-ਪਰਵਾਰ ਨੂੰ ਸਿਹਤਮੰਦ ਰੱਖਣ ਲਈ ਜਾਗਰੁਕ ਹੋਣ ਤੇ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਵੀ ਦਿੱਤਾ। ਸੈਮੀਨਾਰ ਨੂੰ ਅਨੁਸ਼ਾਸ਼ਨ ਪੂਰਵਕ ਚਲਾਉਣ ਵਿੱਚ ਕਾਲਜ ਦੇ ਸਮੂਹ ਟੀਚਿੰਗ ਸਟਾਫ ਮੈਂਬਰ ਪ੍ਰੋ: ਰਾਜਨ ਮਿੱਤੂ, ਪ੍ਰੋ: ਵਿਸ਼ਾਲੀ, ਪ੍ਰੋ: ਰੁਪਿੰਦਰ ਸਿੰਘ, ਪ੍ਰੋ: ਮਨੀਸ਼, ਪ੍ਰੋ: ਸੋਨੀਆ, ਪ੍ਰੋ: ਮਨਦੀਪ ਕੌਰ, ਪ੍ਰੋ: ਕਿਰਨਦੀਪ ਕੌਰ, ਪ੍ਰੋ: ਕਮਲਪ੍ਰੀਤ ਕੌਰ, ਪ੍ਰੋ: ਬਬੀਤਾ, ਪ੍ਰੋ: ਨਵਦੀਪ ਕੌਰ, ਪ੍ਰੋ: ਹਰਪ੍ਰੀਤ ਸਿੰਘ ਅਤੇ ਪ੍ਰੋ: ਅੰਮ੍ਰਿਤਾ ਨੇ ਯੋਗ ਭੂਮਿਕਾ ਨਿਭਾਈ।



# ਸੜਕਾਂ ਸੁਰੱਖਿਆ ਜਾਗਰੂਕਤਾ ਸੰਬੰਧੀ ਵਿਦਿਆਰਥੀਆਂ ਨੇ ਦਿੱਤੇ ਭਾਸ਼ਣ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਹਰ ਸਾਲ ਜਨਵਰੀ ਮਹੀਨਾ ਕੌਮੀ ਪੱਧਰ ਤੇ ਸੜਕ ਸੁਰੱਖਿਆ ਜਾਗਰੂਕਤਾ ਕਰਕੇ ਮਨਾਇਆ ਜਾਂਦਾ ਹੈ। ਇਸੇ ਲੜੀ ਵਿੱਚ ਸੜਕਾਂ ਤੇ ਸੁਰੱਖਿਆ ਨਿਯਮਾਂ ਦੀ ਜਾਣਕਾਰੀ ਤੇ ਪਾਲਣਾ ਦੀ ਲੋੜ ਤੇ ਦੂਜੇ ਪਾਸੇ ਨਿਯਮਾਂ ਦੀ ਅਗਿਆਨਤਾ ਕਾਰਨ ਖਤਰਿਆਂ ਵਾਰੇ ਸਥਾਨਕ ਬਾਬਾ ਵਜੀਰ ਸਿੰਘ ਸੀਨੀਅਰ ਸਕੈਡੰਰੀ ਸਕੂਲ ਵਿਖੇ ਭਾਸ਼ਨ ਪ੍ਰਤੀਯੋਗਤਾ ਦਾ ਆਯੋਜਿਨ ਰੋਡ ਸੇਫਟੀ ਅਵੇਰਨੈੱਸ ਸੋਸਾਇਟੀ ਵਲੋਂ ਸਕੂਲ ਦੇ ਸਹਿਯੋਗ ਨਾਲ ਕੀਤਾ ਗਿਆ। ਮੈਡਮ ਰੇਖਾ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ। ਭਾਸ਼ਨ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲ੍ਹੇ ਵਿਦਿਆਰਥੀਆਂ ਨੇ ਇੱਕ ਸੁਰ ਹੋ ਕੇ ਆਖਿਆ ਕਿ ਹਰ ਤਰ੍ਹਾਂ ਦੇ ਵਾਹਨਾਂ ਨੂੰ ਡਰਾਈਵਰਾਂ ਨੂੰ, ਰੇਹੜੀ-ਰਿਕਸ਼ਿਆਂ ਵਾਲਿਆਂ ਤੇ ਪੈਦਲ ਚੱਲਣ ਵਾਲਿਆਂ ਨੂੰ ਸਬਰ ਸੰਤੋਖ ਨਾਲ ਨਿਯਮਾਂ ਦਾ ਵਧੇਰੇ ਧਿਆਨ ਰੱਖਣਾ ਚਾਹੀਦਾ। ਇਸ ਮੌਕੇ ਹਰਪ੍ਰਭਮਹਿਲ ਸਿੰਘ, ਜੇ ਐਸ ਗਿੱਦਾ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਦਿਲਬਾਗ ਸਿੰਘ ਰਿਟਾ ਡੀ.ਈ.ਓ ਤੇ ਪ੍ਰਵੀਨ ਕੁਮਾਰ ਟ੍ਰੈਫਿਕ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਬੁਲਾਰਿਆਂ ਨੇ ਦੁੱਖ ਪ੍ਰਗਟ ਕੀਤਾ ਕਿ ਸੜਕਾਂ ਤੇ ਸੜਕੀ ਨਿਯਮਾਂ ਪ੍ਰਤੀ ਲਾਪ੍ਰਵਾਹੀ, ਅਗਿਆਨਤਾ ਤੇ ਸਬਰ ਸੰਤੋਖ ਦੀ ਕਮੀ ਕਾਰਨ ਅਣਗਿਣਤ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ। ਉਨ੍ਹਾਂ ਆਖਿਆ ਇੱਕ ਸਰਵੇ ਅਨੁਸਾਰ ਭਾਰਤ ਵਿੱਚ ਰੋਜ਼ਾਨਾ ਕਰੀਬ 485 ਜਾਨਾਂ ਸੜਕਾਂ ਤੇ ਖ਼ਤਮ ਹੋ ਰਹੀਆਂ ਹਨ। ਜ਼ਖ਼ਮੀਆਂ ਤੇ ਅਪਾਹਜਾਂ ਦੀ ਗਿਣਤੀ ਚਾਰ ਲੱਖ ਸਲਾਨਾ ਤੋਂ ਵੱਧ ਦਰਜ ਕੀਤੀ ਗਈ ਹੈ। ਇਸੇ ਰੌਸ਼ਨੀ ਵਿੱਚ ਹਰ ਸਾਲ ਜਨਵਰੀ ਮਹੀਨਾ ਸੜਕ ਸੁਰੱਖਿਆ ਜਾਗਰੂਕਤਾ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਭਾਸ਼ਨ ਪ੍ਰਤੀਯੋਗਤਾ ਦੀ ਜੱਜ ਮੰਡਲੀ ਵਿੱਚ ਦਿਲਬਾਗ ਸਿੰਘ, ਪ੍ਰਵੀਨ ਕੁਮਾਰ ਤੇ ਬਿਕਰਮਜੀਤ ਸਿੰਘ ਸ਼ਾਮਲ ਸਨ। ਨਤੀਜਾ ਦਿਲਬਾਗ ਸਿੰਘ ਵਲੋਂ ਸੁਣਾਇਆ ਗਿਆ ਜਿਸ ਅਨੁਸਾਰ ਪਲੱਸ ਵੰਨ ਦੀ ਤਨੂ ਫਸਟ, ਗੈਰੀ ਸਿੰਗਿਡ, ਪਲੱਸ ਟੂ ਦੀ ਜੈਸਮੀਨ ਤੇ ਪਲੱਸ ਵੰਨ ਦੀ ਈਸ਼ਾ ਨੇ ਚੌਥੀ ਪੁਜੀਸ਼ਨ ਹਾਸਲ ਕੀਤੀ। ਇਸ ਮੌਕੇ ਪ੍ਰਿੰਸੀਪਲ ਜਸਵੀਰ ਸਿੰਘ, ਪ੍ਰਧਾਨ ਹਰਪ੍ਰਭਮਹਿਲ ਸਿੰਘ, ਸਕੱਤਰ ਜੇ ਐਸ ਗਿੱਦਾ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਦਿਲਬਾਗ ਸਿੰਘ ਰਿਟਾ: ਡੀ ਈ ਓ,ਪ੍ਰਵੀਨ ਕੁਮਾਰ ਟ੍ਰੈਫਿਕ ਪੁਲਿਸ, ਸਟਾਫ ਮੈਂਬਰ ਸੁਖਜਿੰਦਰ ਸਿੰਘ, ਨਵਜੀਤ ਸਿੰਘ, ਸੁਰਜੀਤ ਕੌਰ, ਕਮਲ, ਰੇਖਾ,ਵੰਦਨਾ, ਅੰਜੂ ਰਾਣੀ, ਆਸ਼ੂ, ਸੁਮਿਤ ਗਿੱਲ ਹੁਸ਼ਿਆਰਪੁਰ ਤੇ ਵਿਦਿਆਰਥੀ ਹਾਜ਼ਰ ਸਨ।

# ਲੀਗਲ ਮੈਟਰੋਲੋਜੀ ਵਿੰਗ ਨੇ ਸਾਲ 2025 ਦੌਰਾਨ 1.40 ਕਰੋੜ ਦੀ ਕੀਤੀ ਕਮਾਈ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਕਾਨੂੰਨੀ ਮੈਟਰੋਲੋਜੀ ਵਿੰਗ ਦੀ ਕਾਰਗੁਜ਼ਾਰੀ ਵਿੱਚ ਸਾਲ 2024 -25 ਦੇ ਮੁਕਾਬਲੇ ਅਪ੍ਰੈਲ ਤੋਂ ਦਸੰਬਰ 2025 ਤੱਕ ਉਗਰਾਹੀ ਗਈ ਕੰਪਾਊਂਡਿੰਗ ਫੀਸ, ਨਿਰੀਖਣ ਅਤੇ ਕੀਤੀਆਂ ਗਈਆਂ ਤਸਦੀਕਾਂ ਆਦਿ ਵਰਗੇ ਕਈ ਮਾਪਦੰਡਾਂ ਦੇ ਆਧਾਰ 'ਤੇ ਵਾਧਾ ਦਰਜ ਕੀਤਾ ਗਿਆ ਹੈ। ਲੀਗਲ ਮੈਟਰੋਲੋਜੀ ਵਿੰਗ ਨੇ 2025-26 ਵਿੱਚ 1.40 ਕਰੋੜ ਰੁਪਏ ਦੀਆਂ ਕੰਪਾਊਂਡਿੰਗ ਫੀਸਾਂ ਇਕੱਤਰ ਕੀਤੀਆਂ, ਜਦੋਂ ਕਿ ਸਾਲ 2024-25 ਵਿੱਚ ਇਸੇ ਮਿਆਦ ਦੌਰਾਨ ਵਿੰਗ ਨੇ 1 ਕਰੋੜ ਰੁਪਏ ਤੋਂ ਥੋੜ੍ਹੀ ਵੱਧ ਰਾਸ਼ੀ ਇਕੱਤਰ ਕੀਤੀ ਸੀ। ਇਸ ਤਰ੍ਹਾਂ ਵਿੰਗ ਨੇ 2025-26 ਵਿੱਚ 22133 ਨਿਰੀਖਣ ਕੀਤੇ ਜਦੋਂ ਕਿ 2024-25 ਦੌਰਾਨ ਨਿਰੀਖਣਾਂ ਦਾ ਅੰਕੜਾ 18419 ਸੀ। ਇਸ ਤੋਂ ਇਲਾਵਾ 2025-26 ਵਿੱਚ ਵਿੰਗ ਨੇ 2230 ਚਲਾਨ ਕੀਤੇ ਜਦਕਿ 2024-25 ਦੌਰਾਨ ਕੱਟੇ ਗਏ ਕੁੱਲ ਚਲਾਨਾਂ ਦੀ ਗਿਣਤੀ 1397 ਸੀ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੀਤੀ ਸਖ਼ਤ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵੀ ਜੋਸ਼ ਅਤੇ ਸਮਰਪਣ ਨਾਲ ਕੰਮ ਕਰਨ ਲਈ ਕਿਹਾ। ਵਿੰਗ ਕੋਲ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿਖੇ ਵਿਭਾਗ ਦੀ ਮਾਲਕੀ ਵਾਲੀਆਂ ਮਿਆਰੀ ਲੈਬਾਰੇਟਰੀਆਂ ਹਨ, ਜਦੋਂ ਕਿ ਸਰਹਿੰਦ ਅਤੇ ਖੰਨਾ ਵਿਖੇ ਨਵੀਆਂ ਲੈਬਾਰੇਟਰੀਆਂ ਬਣਾਉਣ ਦੀ ਯੋਜਨਾ ਹੈ। ਲੀਗਲ ਮੈਟਰੋਲੋਜੀ ਵਿੰਗ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵੇਚੇ ਅਤੇ ਖ਼ਰੀਦੇ ਗਏ ਸਮਾਨ ਦੀ ਅਸਲ ਮਾਤਰਾ ਅਤੇ ਮਿਕਦਾਰ ਅਨੁਸਾਰ ਸਹੀ ਤੇ ਦਰੁਸਤ ਹੋਵੇ ਤਾਂ ਜੋ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

# ਕਾਠਗੜ੍ਹ ਟੋਲ ਪਲਾਜ਼ੇ 'ਤੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਕੀਤਾ ਜਾਗਰੂਕ

**ਬਲਾਚੌਰ (ਜਸਵਿੰਦਰ ਬੈਂਸ)**



ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੜਕ ਸੁਰੱਖਿਆ ਮਹੀਨੇ ਤਹਿਤ ਖੇਤਰੀ ਟਰਾਂਸਪੋਰਟ ਦਫ਼ਤਰ ਵੱਲੋਂ ਟ੍ਰੈਫਿਕ ਪੁਲਿਸ ਦੇ ਸਹਿਯੋਗ ਨਾਲ ਕਾਠਗੜ੍ਹ ਟੋਲ ਪਲਾਜ਼ੇ 'ਤੇ ਟ੍ਰੈਫਿਕ ਨਿਯਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰੋਗਰਾਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ ਨੇ ਕੀਤੀ। ਉਨ੍ਹਾਂ ਦੱਸਿਆ ਕਿ ਸੜਕ ਸੁਰੱਖਿਆ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ ਨੇ ਕਿਹਾ ਕਿ ਅੱਜ ਐਨ.ਸੀ.ਸੀ. ਵਿੰਗ ਦੇ ਵਿਦਿਆਰਥੀਆਂ ਵੱਲੋਂ ਹੱਥਾਂ ਵਿੱਚ ਤਖਤੀਆਂ ਫੜ ਕੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਕਾਰ ਚਾਲਕਾਂ ਨੂੰ ਸੀਟ ਬੈਲਟ, ਦੋਪਹੀਆ ਵਾਹਨਾਂ ਨੂੰ ਹੈਲਮੇਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਸਨਮੁੱਖ ਜਨਵਰੀ ਮਹੀਨਾ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਜ਼ਿਲ੍ਹੇ ਅੰਦਰ 1 ਜਨਵਰੀ ਤੋਂ 31 ਜਨਵਰੀ ਤੱਕ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਤੋਂ ਜਾਣੂੰ ਕਰਵਾਉਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆ ਜਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ।

# ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 13 ਫਰਵਰੀ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮਨਾਏ ਜਾਣਗੇ : ਸੰਤ ਸਮਾਜ

**ਹੁਸ਼ਿਆਰਪੁਰ (ਓ ਪੀ ਰਾਣਾ)**

ਗੁਰੂ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਵਿਸ਼ੇਸ਼ ਮੀਟਿੰਗ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਚੇਅਰਮੈਨ ਸੰਤ ਸਰਵਣ ਦਾਸ ਜੀ ਦੀ ਅਗਵਾਈ ਹੇਠ ਤੇ ਸੰਤ ਨਿਰਮਲ ਦਾਸ ਬਾਬੇਜੌੜੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਮੁੱਖ ਏਜੰਡਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਉਣਾ ਅਤੇ ਸ੍ਰੀ ਖੁਰਾਲਗੜ ਸਾਹਿਬ ਵਿਖੇ ਸਕੂਲ,ਕਾਲਿਜ,ਹਸਪਤਾਲ ਵਰਗੇ ਪ੍ਰੋਜੈਕਟ ਉਸਾਰੀ ਲਈ ਯਤਨ ਕਰਨੇ ਤੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਦੀ ਜਮੀਨ ਤੋਂ ਕਬਜਾ ਛਡਾਉਣ ਲਈ ਰਣਨੀਤੀ ਤਿਆਰ ਕਰਨਾ ਤੇ ਸੁਸਾਇਟੀ ਦੇ ਹੋਰ ਕਾਰਜਾਂ ਦੀ ਸਮੀਖਿਆ ਕਰਨਾ ਸੀ।ਇਸ ਮੌਕੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ ਤੇ ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੈ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ 13 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ ਸਾਹਿਬ ਵਿਖੇ ਸੁਸਾਇਟੀ ਵਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਮਨਾਇਆ ਜਾਵੇਗਾ, ਜਿਸ ਵਿੱਚ ਸ਼ਾਮਲ ਹੋਣ ਲਈ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਸਮਾਗਮਾਂ ਦੇ ਪ੍ਰਬੰਧਾਂ ਲਈ ਸੰਤਾਂ ਮਹਾਂਪੁਰਸ਼ਾਂ ਵਲੋਂ ਵੱਡੀ ਸੇਵਾ ਨਿਭਾਈ ਜਾ ਰਹੀ ਹੈ।ਇਸ ਮੌਕੇ ਸੰਤ ਪਰਮਜੀਤ ਦਾਸ ਕੈਸ਼ੀਅਰ,



ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ. ਮੀਤ ਪ੍ਰਧਾਨ, ਸੰਤ ਬਲਵੰਤ ਸਿੰਘ ਡਿੰਗਰੀਆਂ ਮੀਤ ਪ੍ਰਧਾਨ, ਸੰਤ ਰਮੇਸ਼ ਦਾਸ ਸ਼ੇਰਪੁਰ ਢਕੋਂ ਨੇ ਸਾਂਝੇ ਬਿਆਨ 'ਚ ਕਿਹਾ ਕਿ ਵੱਧ ਤੋਂ ਵੱਧ ਸੰਗਤਾਂ 13 ਫਰਵਰੀ ਨੂੰ ਸ੍ਰੀ ਖੁਰਾਲਗੜ ਸਾਹਿਬ ਪਹੁੰਚਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਨਾਂ ਮਹਾਂਪੁਰਸ਼ਾਂ ਨੇ ਕਿਹਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਵੱਡੇ ਪ੍ਰੋਜੈਕਟ ਉਸਾਰਨ ਲਈ ਯਤਨ ਸ਼ਲਾਘਾਯੋਗ ਕਦਮ ਹੈ ਜਿਸ ਨੂੰ ਪੂਰਾ ਕਰਨ ਲਈ ਸਰਕਾਰ ਰਾਹੀਂ ਹੰਭਲਾ ਮਾਰਨ ਦੀ ਲੋੜ ਹੈ।ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਸਮਾਗਮਾਂ ਲਈ ਤਨ,ਮਨ ਨਾਲ ਸਹਿਯੋਗ ਕੀਤਾ ਜਾਵੇਗਾ। ਉਨਾਂ ਕਿਹਾ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹੁੰਮ ਹੁਮਾ ਕੇ ਪਹੁੰਚਣਗੀਆਂ। ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਧਰਮਪਾਲ ਸ਼ੇਰਗੜ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ,ਸੰਤ ਮਨਜੀਤ ਦਾਸ ਵਿਛੋਹੀ, ਬਾਬਾ ਬਲਕਾਰ ਸਿੰਘ ਵਡਾਲਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਮਨੋਹਰ ਦਾਸ,ਸੰਤ ਗੁਰਮੀਤ ਦਾਸ, ਸੰਤ ਪ੍ਰੇਮ ਦਾਸ,ਸੰਤ ਚਰਨ ਦਾਸ, ਸੰਤ ਪ੍ਰਮੇਸ਼ਵਰੀ ਦਾਸ ਸੇਖੈ, ਭੈਣ ਸੰਤੋਸ਼ ਕੁਮਾਰੀ, ਡੇਰਾ ਬੋਹਣ ਦੇ ਸੇਵਾਦਾਰ ਲਵਪ੍ਰੀਤ, ਡਾਇਰੈਕਟਰ ਰਿਟਾ.ਸਲਿੰਦਰ ਸਿੰਘ, ਸਮਾਜਸੇਵੀ ਚੰਦਨ ਕੁਮਾਰ, ਐਡਵੋਕੇਟ ਰੋਹਿਤ ਜੋਸ਼ੀ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜਰ ਸਨ।

# ਪ੍ਰੀ-ਨਰਸਰੀ ਤੇ ਨਰਸਰੀ ਦੀਆਂ ਦਾਖਲਾ ਫੀਸਾਂ 'ਚ ਭਾਰੀ ਰਿਆਇਤ : ਕੁਲਵਿੰਦਰ ਸਿੰਘ ਢਾਹਾਂ

**ਬੰਗਾ (ਅਵਤਾਰ ਕਲੇਰ)**

ਪੇਂਡੂ ਇਲਾਕੇ ਵਿਚ ਸੀ.ਬੀ.ਐਸ.ਈ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਸੈਸ਼ਨ 2026-27 ਲਈ ਦਾਖਲਾ ਤੋਂ ਸ਼ੁਰੂ ਹੋ ਗਿਆ ਹੈ ਤੇ ਇਸ ਅਕਾਦਮਿਕ ਵਰ੍ਹੇ ਲਈ ਸਕੂਲ ਦੇ 40 ਸਾਲਾ ਸਥਾਪਨਾ ਦਿਵਸ ਦੀ ਖੁਸ਼ੀ ਵਿਚ ਪ੍ਰੀ ਨਰਸਰੀ ਤੇ ਨਰਸਰੀ ਕਲਾਸਾਂ ਵਿੱਚ ਦਾਖਲਾ ਫੀਸਾਂ ਵਿਚ ਭਾਰੀ ਰਿਆਇਤ ਦਿੱਤੀ ਜਾ ਰਹੀ ਹੈ। ਇਹ ਜਾਣਕਾਰੀ ਸਕੂਲ ਪ੍ਰਬੰਧਕ ਗੁਰੂ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਮੀਡੀਆ ਨੂੰ ਦਿੱਤੀ। ਉਹਨਾਂ ਦੱਸਿਆ ਕਿ ਪ੍ਰੀ-ਨਰਸਰੀ ਦੇ ਪਹਿਲੇ 40 ਬੱਚਿਆਂ ਤੇ ਨਰਸਰੀ ਜਮਾਤ ਦੇ ਪਹਿਲੇ 40 ਬੱਚਿਆਂ ਦੇ ਦਾਖਲੇ ਸਿਰਫ 100 ਰੁਪਏ ਫੀਸ ਨਾਲ ਕੀਤੇ ਜਾਣਗੇ। ਜਦਕਿ ਅਗਲੇ 40 ਬੱਚਿਆਂ ਲਈ ਪ੍ਰੀ ਨਰਸਰੀ ਅਤੇ ਨਰਸਰੀ ਜਮਾਤ ਵਿਚ ਦਾਖਲਾ ਲੈਣ ਵਾਲੇ ਬੱਚਿਆਂ ਨੂੰ ਦਾਖਲਾ ਫੀਸ ਵਿਚ 50 ਫੀਸਦੀ ਵਿਸ਼ੇਸ਼ ਛੋਟ ਪ੍ਰਦਾਨ ਕੀਤੀ ਜਾਵੇਗੀ । ਢਾਹਾਂ ਨੇ ਦੱਸਿਆ ਕਿ ਸਕੂਲ ਵਿਚ ਪ੍ਰੀ-ਨਰਸਰੀ



ਤੋਂ ਲੈ ਕੇ 10+2 ਕਲਾਸਾਂ (ਮੈਡੀਕਲ, ਨਾਨ ਮੈਡੀਕਲ, ਕਾਮਰਸ ਅਤੇ ਆਰਟਸ ਵਿਸ਼ੇ) ਤੱਕ ਦੀ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ 140 ਪਿੰਡਾਂ ਦੇ 1600 ਤੋਂ ਵਧੇਰੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ ।ਸਿੱਖਿਆ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ, ਪ੍ਰਿੰਸੀਪਲ ਸ੍ਰੀਮਤੀ ਵਨੀਤਾ ਚੋਟ ਤੇ ਸ੍ਰੀ ਰਮਨ ਕੁਮਾਰ ਵਾਈਸ ਪ੍ਰਿੰਸੀਪਲ ਵੀ ਹਾਜ਼ਰ ਸਨ। ਵਰਨਣਯੋਗ ਹੈ ਕਿ ਪ੍ਰਸਿੱਧ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਤੇ ਅਮਰੀਕਾ ਵਿਚ ਪ੍ਰਸਿੱਧ ਡਾ.ਸਵਿਤਾ ਮੱਲ (ਪੂਰੇ ਪੰਜਾਬ ਵਿਚੋਂ ਦਸਵੀ ਕਲਾਸ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ) ਤੇ ਕੈਂਸਰ ਸਪੈਸ਼ਲਿਸਟ ਡਾ. ਨਵਦੀਪ ਸਿੰਘ ਵੀ ਇਸ ਸਕੂਲ ਦੇ ਵਿਦਿਆਰਥੀ ਰਹੇ ਹਨ ।

## ਪਲੇਸਮੈਂਟ ਕੈਂਪ ਅੱਜ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ 22 ਜਨਵਰੀ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸਿਆਰਪੁਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਵਿੱਚ ਇਨੋਵ ਸੌਰਸਸ (ਕ੍ਰੈਡਿਟ ਕਾਰਡ) ਕੰਪਨੀ ਅਤੇ ਕੁਐੱਸ ਕੋਰਪ (ਸੋਨਾਲੀਕਾ ਟ੍ਰੈਕਟਰਜ਼) ਕੰਪਨੀ ਵੱਲੋਂ ਭਾਗ ਲਿਆ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਵਿੱਚ ਇਨ੍ਹਾਂ ਕੰਪਨੀਆਂ ਵੱਲੋਂ ਘੱਟੋ-ਘੱਟ ਗ੍ਰੈਜੂਏਸ਼ਨ ਪਾਸ ਪ੍ਰਾਰਥੀਆਂ ਦੀ ਸੇਲਜ਼ ਅਫ਼ਸਰ ਅਤੇ ਘੱਟੋ-ਘੱਟ ਪੰਜਵੀਂ ਪਾਸ ਪ੍ਰਾਰਥੀਆਂ ਦੀ ਕਿਚਨ ਹੈਲਪਰ ਦੀ ਅਸਾਮੀ ਲਈ ਭਰਤੀ ਕੀਤੀ ਜਾਵੇਗੀ। ਇਨ੍ਹਾਂ ਕੰਪਨੀਆਂ ਵੱਲੋਂ ਭਰਤੀ ਕੀਤੇ ਜਾਣ ਵਾਲੇ ਪ੍ਰਾਰਥੀਆਂ ਨੂੰ 13500-18000 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦਿੱਤੀ ਜਾਵੇਗੀ। ਇਸ ਦੇ ਲਈ ਉਮੀਦਵਾਰ ਦੀ ਉਮਰ ਹੱਦ 18 ਤੋਂ 35 ਹੋਣੀ ਚਾਹੀਦੀ ਹੈ। ਚਾਹਵਾਨ ਯੋਗ ਪ੍ਰਾਰਥੀ 22 ਜਨਵਰੀ ਦਿਨ ਵੀਰਵਾਰ ਨੂੰ ਸਵੇਰੇ 10:00 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸਰਕਾਰੀ ਆਈ.ਟੀ.ਆਈ. ਕੰਪਲੈਕਸ, ਐਮ.ਐਸ.ਡੀ.ਸੀ. ਬਿਲਡਿੰਗ, ਜਲੰਧਰ ਰੋਡ, ਹੁਸਿਆਰਪੁਰ ਵਿਖੇ ਆਪਣੇ ਰਿਜ਼ਿਊਮ ਦੀਆਂ 2-3 ਕਾਪੀਆਂ ਸਮੇਤ ਇਸ ਪਲੇਸਮੈਂਟ ਕੈਂਪ ਵਿਚ ਹਿੱਸਾ ਲੈ ਸਕਦੇ ਹਨ ।

## ਕ੍ਰਿਕਟ ਟੀਮ ਦੇ ਟ੍ਰਾਇਲ 27 ਨੂੰ

**ਮੋਹਾਲੀ, (ਗੁਰਜੀਤ ਬਿੱਲਾ)**-ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ (ਡੀ ਸੀ ਏ) ਮੋਹਾਲੀ ਵੱਲੋਂ ਅੰਡਰ-19 ਲੜਕਿਆਂ ਦੀ ਕ੍ਰਿਕਟ ਟੀਮ ਦੀ ਚੋਣ ਲਈ ਟ੍ਰਾਇਲ 27 ਜਨਵਰੀ ਨੂੰ ਕਰਵਾਏ ਜਾਣਗੇ। ਸਾਰੇ ਯੋਗ ਅਤੇ ਇੱਛੁਕ ਨੌਜਵਾਨ ਕ੍ਰਿਕਟ ਖਿਡਾਰੀਆਂ ਨੂੰ ਟ੍ਰਾਇਲ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।ਡੀ ਸੀ ਏ ਮੋਹਾਲੀ ਗਰਾਊਂਡ, ਪੀ ਸੀ ਏ ਸਟੇਡੀਅਮ ਦੇ ਪਿੱਛੇ, ਮੋਹਾਲੀ ਵਿਖੇ ਸਵੇਰੇ 10:00 ਵਜੇ ਟ੍ਰਾਇਲ ਕਰਵਾਏ ਜਾਣਗੇ। ਤਸਦੀਕ ਅਤੇ ਯੋਗਤਾ ਦੀ ਜਾਂਚ ਲਈ ਖਿਡਾਰੀਆਂ ਨੂੰ ਹੇਠ ਲਿਖੇ ਦਸਤਾਵੇਜ਼ ਨਾਲ ਲਿਆਉਣਾ ਲਾਜ਼ਮੀ ਹੈ:ਮੂਲ ਜਨਮ ਸਰਟੀਫਿਕੇਟ (ਡਿਜ਼ਿਟਲ ਫਾਰਮੈਟ ਵਿੱਚ) ਆਧਾਰ ਕਾਰਡ, ਹੋਰ ਕੋਈ ਸੰਬੰਧਤ ਸਹਾਇਕ ਦਸਤਾਵੇਜ਼ (ਜੇ ਉਪਲਬਧ ਹੋਣ), ਉਪਰੋਕਤ ਸਾਰੇ ਦਸਤਾਵੇਜ਼ਾਂ ਦੀ ਇੱਕ-ਇੱਕ ਫੋਟੋਕਾਪੀ। ਕੇਵਲ ਉਹੀ ਖਿਡਾਰੀ ਟ੍ਰਾਇਲ ਵਿੱਚ ਭਾਗ ਲੈ ਸਕਣਗੇ ਜੋ ਪੂਰੇ, ਵੈਧ ਅਤੇ ਤਸਦੀਕਯੋਗ ਦਸਤਾਵੇਜ਼ ਪੇਸ਼ ਕਰਨਗੇ।

## ਕੌਮੀ ਸੜਕ ਸੁਰੱਖਿਆ ਅਭਿਆਨ ਤਹਿਤ ਜਾਗਰੂਕਤਾ ਸੈਮੀਨਾਰ

**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਟ੍ਰੈਫਿਕ ਪੁਲਿਸ ਮੋਹਾਲੀ ਵੱਲੋ ਕੌਮੀ ਰਾਸ਼ਟਰੀ ਸੜਕ ਸੁਰੱਖਿਆ ਅਭਿਆਨ (2026) ਜੀਰੋ ਮੌਤ ਥੀਮ ਤਹਿਤ ਆਇਸਰ ਚੌਂਕ ਵਿਖੇ, ਉਪ ਕਪਤਾਨ ਪੁਲਿਸ ਟ੍ਰੈਫਿਕ,ਜਿਲ੍ਹਾ ਐਸ ਏ ਐਸ ਨਗਰ ਕਰਨੈਲ ਸਿੰਘ ਵਿਖੇ ਸੀ ਜੀ ਸੀ ਕਾਲਜ ਲਾਂਡਰਾਂ ਦੇ ਵਿਦਿਆਰਥੀਆ ਨੂੰ ਨਾਲ ਲੈ ਕੇ ਜਾਗਰੂਕਤਾ ਗਤੀਵਿਧੀ ਕੀਤੀ ਗਈ।ਵਿਦਿਅਰਥੀਆਂ ਵਲੋਂ ਆਉਣ ਜਾਣ ਵਾਲੇ ਵਾਹਨ ਚਾਲਕਾਂ ਤੇ ਆਮ ਲੋਕਾਂ ਨੂੰ ਕਾਲਜ ਦੇ ਵਿਦਿਆਰਥੀਆਂ ਵੱਲੋਂ ਸਲੋਗਨਜ਼, ਬੈਨਰਜ਼ ਰਾਹੀਂ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਟ੍ਰੈਫਿਕ ਨਿਯਮਾ ਦੀ ਉਲੰਘਣਾ ਕਰਨ ਵਾਲੇ ਵਿਅਕਤੀਆ ਨੂੰ ਗੁਲਬ ਦੇ ਫੁੱਲ ਅਤੇ ਚੌਂਕਲੇਟਸ ਦੇ ਕੇ ਟ੍ਰੈਫਿਕ ਨਿਯਮਾ ਦੀ ਉਲੰਘਣਾ ਨਾ ਕਰਨ ਬਾਰੇ ਜਾਣੂ ਕਰਵਾਇਆ ਗਿਆ ਅਤੇ ਕਾਲਜ ਦੇ ਵਿੱਦਿਆਰਥੀਆ ਵੱਲੋ ਇੱਕ ਰੋਡ ਮਾਰਚ ਵੀ ਕੱਢਿਆ ਗਿਆ।

## 50 ਨਵਜੰਮੀਆਂ ਧੀਆਂ ਦੀ ਲੋਹੜੀ ਮਨਾਈ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹੁਸ਼ਿਆਰਪੁਰ ਗਗਨਦੀਪ ਸਿੰਘ ਦੀ ਅਗਵਾਈ ਹੇਠ ਸੀ.ਡੀ.ਪੀ.ਓ ਰਾਜ ਰਾਣੀ ਵੱਲੋਂ ਵਿਸ਼ਕਰਮਾ ਮੰਦਿਰ ਸੈਕਟਰ 1, ਬਲਾਕ ਤਲਵਾੜਾ ਵਿਖੇ ਨਵਜੰਮੀਆਂ ਧੀਆਂ ਦੀ ਲੋਹੜੀ ਮਨਾਈ ਗਈ। ਇਸ ਦੌਰਾਨ 50 ਨਵਜੰਮੀਆਂ ਬੱਚੀਆਂ ਨੂੰ ਤੋਹਫ਼ੇ ਤੇ ਮਠਿਆਈਆਂ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਭਜੋਤ ਕੌਰ ਘੁੰਮਣ ਧਰਮ ਪਤਨੀ ਹਲਕਾ ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋ ਸ਼ਾਮਿਲ ਹੋਏ ਜਦਕਿ ਨਗਰ ਕੌਂਸਲ ਪ੍ਰਧਾਨ ਆਸ਼ੂ ਅਰੋੜਾ, ਐਮ. ਸੀ ਪਰਦੀਪ ਕੁਮਾਰ ਅਤੇ ਬਲਾਕ ਪ੍ਰਧਾਨ ਸ਼ਿਵਮ ਤਲੂਜਾ ਨਹੀਂ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰਭਜੋਤ ਕੌਰ ਨੇ ਮਾਵਾਂ ਤੇ ਪਰਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਦੇ ਪ੍ਰਗਤੀਸ਼ੀਲ ਸਮਾਜ ਵਿੱਚ ਲੜਕਿਆਂ ਤੇ ਲੜਕੀਆਂ ਵਿੱਚ ਕੋਈ ਭੇਦਭਾਵ ਨਹੀਂ ਰਹਿ ਗਿਆ ਹੈ, ਕਿਉਂਕਿ ਲੜਕੀਆਂ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮੰਨਵਾ ਰਹੀਆਂ ਹਨ।

## ਸਾਲਾਨਾ ਬਰਸੀ ਤੇ ਭੰਡਾਰਾ 24 ਨੂੰ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਧੰਨ- ਧੰਨ ਬਾਪੂ ਸ੍ਰੀ ਹਰਮੈ ਦਾਸ ਮਹਾਰਾਜ ਜੀ ( ਠੰਡੂ ਦਾਸ ਜੀ ਸਲੋਹ ਵਾਲੇ) ਦੀ ਸਾਲਾਨਾ ਬਰਸੀ ਅਤੇ ਭੰਡਾਰਾ 24 ਜਨਵਰੀ ਦਿਨ ਸ਼ਨੀਵਾਰ ਨੂੰ ਤਪ ਅਸਥਾਨ ਡੇਰਾ ਧੰਨ- ਧੰਨ ਗੁਰੂ ਬਾਪੂ ਗੰਗਾ ਦਾਸ ਜੀ ਮਹਾਰਾਜ ਮਾਹਿਲਪੁਰ ਵਿਖੇ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਦਾਸ ਮਨਦੀਪ ਸਿੰਘ ਜੀ ਨੇ ਦੱਸਿਆ ਕਿ ਬਾਪੂ ਗੰਗਾ ਦਾਸ ਜੀ ਵੈਲਫੇਅਰ ਸੋਸਾਇਟੀ ਰਜਿਸਟਰਡ ਮਾਹਿਲਪੁਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਹਵਨ ਯੱਗ ਹੋਵੇਗਾ। ਉਸ ਤੋਂ ਬਾਅਦ ਸ੍ਰੀ ਰਮਾਇਣ ਦੇ ਪਾਠ ਦੇ ਭੋਗ ਪਾਏ ਜਾਣਗੇ। 12 ਵਜੇ ਸੰਤਾਂ ਦੀ ਪੰਗਤ ਲੱਗੇਗੀ। ਇਸ ਤੋਂ ਬਾਅਦ ਗੁਰਪ੍ਰੀਤ ਮਾਹਿਲਪੁਰ, ਪਵਨ ਛੂਛੇਵਾਲੀਆ, ਸੰਦੀਪ ਉਧਨਵਾਲ, ਆਰ ਜੀ, ਸ਼ਾਮ ਰਾਜਾ, ਹਰਮਨ-ਜਰਮਨ ਆਦਿ ਕਲਾਕਾਰ ਬਾਪੂ ਜੀ ਦੀ ਮਹਿਮਾ ਦਾ ਗੁਣ ਗਾਇਨ ਕਰਨਗੇ। ਬਾਪੂ ਜੀ ਦਾ ਲੰਗਰ ਅਤੁੱਟ ਵਰਤੇਗਾ। ਉਨਾਂ ਦੱਸਿਆ ਕਿ ਦਰਬਾਰ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ।

# ਕਲਮਾਂ 'ਚ ਸ੍ਰੀ ਗੁਰੂ ਰਵਿਦਾਸ ਦੇ ਜਨਮ ਦਿਹਾੜੇ ਦੇ ਸਬੰਧ 'ਚ ਪ੍ਰਭਾਤ ਫੇਰੀਆਂ ਸ਼ੁਰੂ

**ਨੂਰਪੁਰ ਬੇਦੀ (ਜਗਤਾਰ ਜੱਗੀ)**

ਬਲਾਕ ਦੇ ਪਿੰਡ ਕਲਮਾਂ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਲੜੀ ਸ਼ੁਰੂ ਕਰ ਦਿੱਤੀ ਗਈ ਹੈ । ਇਸ ਸੰਬੰਧੀ ਜਾਣਕਾਰੀ



ਦਿੰਦਿਆਂ ਪ੍ਰਧਾਨ ਸੋਮ ਨਾਥ ਅਤੇ ਸੁਰਜੀਤ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਨਮ ਦਿਹਾੜੇ ਤੇ ਪ੍ਰਭਾਤ ਫੇਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਜਿਨ੍ਹਾਂ ਦੀ ਸਮਾਪਤੀ ਜਨਮ ਦਿਹਾੜੇ ਤੋਂ ਦੋ ਦਿਨ ਪਹਿਲਾਂ ਕੀਤੀ ਜਾਵੇਗੀ। ਉਹਨਾਂ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਇਲਾਕਾ ਨਿਵਾਸੀ ਸਮੂਹ ਸੰਗਤਾਂ ਵਿੱਚ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ॥ ਇਸ ਮੌਕੇ ਸੋਮ ਨਾਥ ਪ੍ਰਧਾਨ ਮੰਦਿਰ ਕਮੇਟੀ, ਸਰਬਜੀਤ ਸਿੰਘ, ਸੁਰਜੀਤ ਸਿੰਘ, ਮਾਸਟਰ ਹਰਮਿੰਦਰ ਸਿੰਘ ਲਵਲੀ, ਰਾਜ ਕੁਮਾਰ, ਸ਼ਸ਼ੀ ਸਿੰਘ,ਰਾਮ ਕੁਮਾਰ , ਪਰਮਜੀਤ ਸਿੰਘ, ਸੰਜੀਵ ਸਿੰਘ, ਮਨੀ ਕੁਮਾਰ, ਯੁਵਰਾਜ ਸਿੰਘ, ਸੀਤਾ ਰਾਮ, ਚਰਨਾ ਰਾਮ, ਸੁਰਿੰਦਰ ਸਿੰਘ, ਸੋਹਣ ਲਾਲ, ਅਵਤਾਰ ਸਿੰਘ, ਨਰਿੰਦਰ ਸਿੰਘ, ਦੇਵ ਰਾਜ, ਮੱਖਣ ਸਿੰਘ ਸਮੇਤ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਬਲਾਚੌਰ (ਜਸਵਿੰਦਰ ਬੈਂਸ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਬਲਾਚੌਰ ਦੀ ਮਾਸਕ ਮੀਟਿੰਗ ਸਥਾਨਕ ਸ਼ਿਵਾਲਿਕ ਹੋਟਲ ਵਿਖੇ ਬਲਾਕ ਪ੍ਰਧਾਨ ਡਾ ਤਜਿੰਦਰ ਸਿੰਘ ਜੋਤ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਇਸ ਮੀਟਿੰਗ ਦੀ ਖ਼ਾਸ ਗੱਲ ਇਹ ਰਹੀ ਕਿ ਸਮੂਹ ਮੈਂਬਰਾਂ ਵੱਲੋਂ 'ਰਹਿਬਰ-ਏ-ਕੌਮ' ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਜਨਮ ਦਿਹਾੜਾ ਲੱਡੂ ਵੰਡ ਕੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਮਨੋਹਰ ਲਾਲਟਕਾਰਲਾ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਅਨੇਕਾਂ ਸਾਖੀਆਂ ਸੁਣਾਈਆਂ। 'ਮਨ ਚੰਗਾ ਤਾਂ ਕਠੌਤੀ ਵਿੱਚ ਗੰਗਾ' ਗੁਰੂ ਜੀ ਨੇ ਬੜੀ ਨਿਮਰਤਾ ਨਾਲ ਕਿਹਾ, 'ਪੰਡਿਤ ਜੀ, ਮੈਂ ਕਿਸੇ ਨੂੰ ਅੱਜ ਜੁੱਤੀਆਂ ਬਣਾ ਕੇ ਦੇਣ ਦਾ ਬਚਨ ਦਿੱਤਾ ਹੈ। ਜੇ ਮੈਂ ਇਸ਼ਨਾਨ ਕਰਨ ਚਲਾ ਗਿਆ ਤਾਂ ਮੇਰਾ ਬਚਨ ਟੁੱਟ ਜਾਵੇਗਾ ਤੇ ਮੇਰਾ ਮਨ ਕੰਮ ਵਿੱਚ ਹੀ ਲੱਗਿਆ ਰਹੇਗਾ। ਜੇ ਮਨ ਸ਼ੁੱਧ ਨਹੀਂ, ਤਾਂ ਗੰਗਾ ਇਸ਼ਨਾਨ ਦਾ ਕੀ ਫਾਇਦਾ ? ' ਉਨ੍ਹਾਂ ਕਿਹਾ ਕਿ ਜੇਕਰ ਅਸੀਂ ਗੁਰੂ ਜੀ ਦੇ ਦੱਸੇ ਮਾਰਗ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲਈਏ, ਤਾਂ ਅਸੀਂ ਆਪਣਾ ਜੀਵਨ ਸਫਲ ਕਰਨ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਵੀ ਸਹੀ ਦਿਸ਼ਾ ਦੇ ਸਕਦੇ ਹਾਂ।ਇਸ ਮੌਕੇ ਉਪ ਸੂਬਾ ਪ੍ਰਧਾਨ ਡਾ ਦਿਲਦਾਰ ਸਿੰਘ ਚਾਹਲ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਚੱਲ ਰਹੇ 'ਟਰੈਫਿਕ ਮਹੀਨੇ' ਦੇ ਸਬੰਧ ਵਿੱਚ ਬੋਲਦਿਆਂ ਟਰੈਫਿਕ ਨਿਯਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ ਅਪੀਲ ਕੀਤੀ ਕਿ ਡਾ ਖ਼ੁਦ ਤੇ ਆਪਣੇ ਪਰਵਾਰਾਂ ਨੂੰ ਇਨ੍ਹਾਂ



ਨਿਯਮਾਂ ਪ੍ਰਤੀ ਜਾਗਰੂਕ ਕਰਨ। ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਹਰ ਮਹੀਨੇ ਮੀਟਿੰਗਾਂ ਵਿੱਚ ਸਮੇਂ ਸਿਰ ਹਾਜ਼ਰ ਹੋਣ ਤੇ ਆਪਣਾ ਡਾਕਟਰੀ ਕੰਮ ਪੂਰੀ ਇਮਾਨਦਾਰੀ ਅਤੇ ਸਾਫ਼-ਸੁਥਰੇ ਤਰੀਕੇ ਨਾਲ ਕਰਨ।ਮੀਟਿੰਗ ਵਿੱਚ ਸੂਰੀ ਹਸਪਤਾਲ ਤੋਂ ਡਾ ਭੁਪਿੰਦਰ ਸਿੰਘ ਸੂਰੀ ਅਤੇ ਅਮਨਦੀਪ ਸੂਰੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾਕਟਰ ਗਿਆਨ ਸਿੰਘ ਜਨਰਲ ਸਕੱਤਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਧੰਨਵਾਦ ਕੀਤਾ। ਡਾ. ਜਸਪਾਲ ਸ਼ਰਮਾ ਜ਼ਿਲਾ ਕਮੇਟੀ ਮੈਂਬਰ ਉਪ ਪ੍ਰਧਾਨ ਡਾ ਪਿੰਕਾ ਸੀਨੀਅਰ ਉਪ ਪ੍ਰਧਾਨ ਡਾ ਬਲਵੰਤ ਸਿੰਘ ਡਾ ਗਿਆਨ ਸਿੰਘ ਮੰਡੇਰ, ਡਾ ਹਰਜਿੰਦਰ ਸਿੰਘ, ਡਾ ਅਮਰੀਕ, ਡਾ ਅੰਗਰੇਜ਼, ਡਾ ਬਲਦੇਵ ਸਿੰਘ, ਡਾ ਬਹਾਦਰ ਸਿੰਘ, ਡਾ ਪਿੰਕਾ, ਡਾ ਹਰਭਜਨ, ਡਾ ਪ੍ਰੇਮ ਸਿੰਘ, ਡਾ ਸੁਭਾਸ਼,ਡਾ ਅੰਜੂ ਬਾਲਾ,ਡਾ ਰਜਵਿੰਦਰ ਕੌਰ, ਡਾ ਬਲਵੰਤ, ਡਾ ਚਰਨਜੀਤ,ਡਾ ਦਵਿੰਦਰ, ਡਾ ਦੀਪਕ, ਡਾ ਹਰਦੀਪ, ਡਾ ਗੁਰਪ੍ਰੀਤ, ਡਾ ਹਰਪ੍ਰੀਤ ਸਿੰਘ, ਡਾ ਸੁੱਚਾ ਸਿੰਘ, , ਡਾ ਸ਼ਮਸ਼ੇਰ ਸਿੰਘ ਡਾ ਸਾਹਿਲ, ਡਾ ਜਸਵੀਰ ਸਿੰਘ, ਡਾ ਨਰੇਸ਼, ਵੱਡੀ ਗਿਣਤੀ ਵਿੱਚ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ, ਜਿਨ੍ਹਾਂ ਨੇ ਮਾਨਵਤਾ ਦੀ ਸੇਵਾ ਦਾ ਪ੍ਰਣ ਲਿਆ।

# ਟ੍ਰੈਫਿਕ ਪੁਲਸ ਨੇ ਲੋਕਾਂ ਨੂੰ ਸੜਕ ਸੁਰੱਖਿਆ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ ਏ ਐਸ ਨਗਰ ਹਰਮਨਦੀਪ ਸਿੰਘ ਹੰਸ ਅਤੇ ਕਪਤਾਨ ਪੁਲਸ ਟ੍ਰੈਫਿਕ ਜ਼ਿਲ੍ਹਾ ਐਸ ਏ ਐਸ ਨਗਰ ਨਵਨੀਤ ਸਿੰਘ ਮਾਹਲ ਦੇ ਦਿਸਾ ਨਿਰਦੇਸ਼ਾਂ ਹੇਠ ਟ੍ਰੈਫਿਕ ਪੁਲਸ ਮੋਹਾਲੀ ਵੱਲੋਂ ਕੌਮੀ ਰਾਸ਼ਟਰੀ ਸੜਕ ਸੁਰੱਖਿਆ ਅਭਿਆਨ (2026) ਮੌਤ ਰਹਿਤ ਪ੍ਰਣਾਲੀ ਯੋਜਨਾ 01 ਜਨਵਰੀ ਤੋਂ ਲੈ ਕੇ 31 ਜਨਵਰੀ ਤਹਿਤ ਜ਼ਿਲ੍ਹਾ ਐਸ ਏ ਐਸ ਨਗਰ ਦੀ ਟ੍ਰੈਫਿਕ ਪੁਲਸ ਵੱਲੋਂ ਮਨਾਇਆ ਜਾ ਰਿਹਾ ਹੈ। ਜਿਸ ਦੀ ਲੜੀ ਵਿੱਚ 21 ਜਨਵਰੀ ਨੂੰ ਕਰਨੈਲ ਸਿੰਘ ਉਪ ਕਪਤਾਨ ਪੁਲਸ



ਟ੍ਰੈਫਿਕ, ਜ਼ਿਲ੍ਹਾ ਐਸ ਏ ਐਸ ਨਗਰ ਵੱਲੋਂ ਰੋਟਰੀ ਕਲੱਬ ਸਿਲਵਰ ਸਿਟੀ ਮੋਹਾਲੀ ਦੇ ਸਹਿਯੋਗ ਨਾਲ ਆਈ.ਆਈ.ਐਸ.ਈ ਆਰ.ਚੌਂਕ ਵਿਖੇ ਸੜਕ ਸੁਰੱਖਿਆ ਮੁਹਿੰਮ ਦੇ ਤਹਿਤ ਰੋਟਰੀ ਕਲੱਬ ਸਿਲਵਰ ਸਿਟੀ ਪ੍ਰੋਜੈਕਟ ਰੋਡ ਸੈਫਟੀ ਅਧੀਨ ਜਾਗਰੂਕਤਾ ਅਭਿਆਨ ਆਯੋਜਿਤ ਕੀਤਾ ਗਿਆ। ਜਿਸ ਦਾ ਮਕਸਦ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨਾ ਸੀ।ਇਸ ਮੌਕੇ ਡੀ ਐਸ ਪੀ ਟ੍ਰੈਫਿਕ ਮੋਹਾਲੀ ਕਰਨੈਲ ਸਿੰਘ ਅਤੇ ਰੋਟਰੀ ਕਲੱਬ ਸਿਲਵਰ ਸਿਟੀ ਦੇ ਪ੍ਰਧਾਨ ਡਾ.ਜਗਦੀਪ ਸਿੰਘ ਨੇ ਲੋਕਾਂ ਨੂੰ ਸੜਕ ਸੁਰੱਖਿਆ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਮਹਿਲਾਵਾਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਹੈਲਮਟ ਵੰਡੇ ਗਏ ਅਤੇ ਵਾਹਨਾਂ, ਟਰਾਲੀਆਂ, ਰੇਹੜੇ, ਕੈਂਟਰਾਂ ਆਦਿ 'ਤੇ ਰਿਫਲੈਕਟਰ ਟੇਪ ਲਗਾਈ ਗਈ, ਤਾਂ ਜੋ ਰਾਤ ਦੇ ਸਮੇਂ ਹੋਣ ਵਾਲੇ ਸੜਕ ਹਾਦਸਿਆਂ ਤੋਂ ਬਚਾਅ ਕੀਤਾ ਜਾ ਸਕੇ। ਮੌਕੇ 'ਤੇ ਜੋ ਵਹੀਕਲ ਚਾਲਕ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰ ਰਹੇ ਸੀ ਉਹਨਾ ਨੂੰ ਚੌਕਲੇਟ ਅਤੇ ਗੁਲਾਬ ਦੇ ਫੁੱਲ ਦੇ ਕੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਟ੍ਰੈਫਿਕ ਪੁਲਸ ਕਰਮਚਾਰੀਆਂ ਨੂੰ ਉਪਯੋਗੀ ਬੈਲਟ ਭੇਟ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਗਿਆ।ਇਸ ਜਾਗਰੂਕਤਾ ਮੁਹਿੰਮ ਵਿੱਚ ਕਲੱਬ ਦੇ ਸਕੱਤਰ ਚਿਨਮਯ ਅਭਿ, ਪ੍ਰੋਜੈਕਟ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਡਾ. ਮੋਹਿਤ ਸਿੰਗਲਾ, ਰਜਨੀਸ਼ ਸ਼ਾਸਤਰੀ, ਏ.ਪੀ. ਸਿੰਘ ਅਤੇ ਸੰਜੀਵ ਕੁਮਾਰ (ਟ੍ਰੈਫਿਕ ਇੰਚਾਰਜ), ਗੁਰਮੇਹਰ ਸਿੰਘ ਰੋਟਰੈਕਟ ਕਲੱਬ ਦੇ ਅਮਨ, ਸ਼ਿਵਾਲੀ ਵੀ ਮੌਜੂਦ ਰਹੇ। ਮੌਕੇ 'ਤੇ ਵਕਤਾਵਾਂ ਨੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਸੁਰੱਖਿਅਤ ਡਰਾਈਵਿੰਗ ਅਪਣਾਉਣ ਦੀ ਅਪੀਲ ਕੀਤੀ।ਸੈਮੀਨਾਰ ਦੇ ਅਖੀਰ ਵਿਚ ਰੋਟਰੀ ਕਲੱਬ ਦੇ ਪ੍ਰਧਾਨ, ਮੈਂਬਰਾਂ ਅਤੇ ਹੋਰ ਹਾਜ਼ਰ ਪਤਵੰਤੇ ਵਿਅਕਤੀਆਂ ਵੱਲੋਂ ਇਸ ਲਗਾਏ ਗਏ ਸੈਮੀਨਾਰ ਸਬੰਧੀ ਡੀ ਐਸ ਪੀ. ਟ੍ਰੈਫਿਕ ਕਰਨੈਲ ਸਿੰਘ ਦੀ ਸ਼ਲਾਘਾ ਕੀਤੀ ਅਤੇ ਧੰਨਵਾਦ ਕੀਤਾ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ ਸ਼ੁਰੂ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਨਾਂਅ ਦਿੱਤਾ ਮੰਗ ਪੱਤਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਵੱਖ-ਵੱਖ ਕਿਸਾਨ ਮਜ਼ਦੂਰ ਵਿਦਿਆਰਥੀ ਮੁਲਾਜ਼ਮ ਨੌਜਵਾਨ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਨੂਰਮਹਿਲ ਸ਼ਹਿਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਨੂੰ ਸ਼ੁਰੂ ਕਰਵਾਉਣ ਸੰਬੰਧੀ ਜ਼ਿਲਾ ਸਿੱਖਿਆ ਅਫਸਰ ਦੇ ਨਾਮ ਡਿਪਟੀ ਡੀ ਈ ਓ ਰਾਜੀਵ ਜੋਸ਼ੀ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਜਥੇਬੰਦੀਆਂ ਦੇ ਆਗੂਆਂ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਵੱਖ ਵੱਖ ਸਰਕਾਰਾਂ ਆਈਆਂ ਪਰ ਕਿਸੇ ਵੀ ਸਰਕਾਰ ਨੇ ਨੂਰਮਹਿਲ ਦੇ ਸਰਕਾਰੀ ਸਕੂਲ ਨੂੰ ਚਲਾਉਣ ਦਾ ਸੁਹਿਰਦ ਯਤਨ ਨਹੀਂ ਕੀਤਾ। ਇਸਦਾ ਫਾਇਦਾ ਸਿੱਧੇ ਰੂਪ ਵਿੱਚ ਪ੍ਰਾਈਵੇਟ ਵਿਦਿਅਕ ਅਦਾਰਿਆਂ ਨੂੰ ਮਿਲ ਰਿਹਾ ਹੈ। ਹੁਣ ਸਕੂਲ ਦੇ ਕੁਝ ਕਮਰੇ ਬਣ ਚੁੱਕੇ ਹਨ। ਸੋਲਾਂ ਕਰੋੜ ਦੀ ਗ੍ਰਾਂਟ ਵੀ ਆਈ ਹੋਈ ਹੈ ਪਰ ਫਿਰ ਵੀ ਅਜੇ ਤੱਕ ਉੱਥੇ ਕੰਮ ਅੱਗੇ ਸ਼ੁਰੂ ਨਹੀਂ ਕੀਤਾ ਗਿਆ। ਜਥੇਬੰਦੀਆਂ ਦੇ ਮੰਗ ਕੀਤੀ ਕਿ ਬਣੇ ਕਮਰਿਆਂ ਵਿੱਚ ਇਸ ਸਾਲ ਤੋਂ ਜਮਾਤਾਂ ਨੂੰ ਸ਼ੁਰੂ ਕੀਤਾ ਜਾਵੇ। ਇਸ ਸਮੇਂ ਡਿਪਟੀ ਡੀ ਈ ਓ ਨੇ ਭਰੋਸਾ ਦਿੱਤਾ ਕਿ ਉਹ ਇੱਥੇ ਸਕੂਲ ਦਾ ਦੌਰਾ ਕਰਕੇ ਨਿਰੀਖਣ ਕਰਨ ਉਪਰੰਤ ਅਪ੍ਰੈਲ 'ਚ ਸੈਸ਼ਨ ਸ਼ੁਰੂ ਕਰਨ ਬਾਰੇ ਵਿਚਾਰ ਕਰਨਗੇ।ਗ੍ਰਾਂਟ ਨੂੰ ਖਰਚਣ ਸੰਬੰਧੀ ਪੀ ਡਬਲਿਊ ਡੀ ਨੂੰ ਨਕਸ਼ਾ ਤਿਆਰ ਕਰਕੇ ਦਿੱਤਾ ਗਿਆ ਹੈ।ਆਗੂਆਂ ਕਿਹਾ ਕਿ ਇਹ ਸਕੂਲ ਦੇ ਚਾਲੂ ਹੋਣ ਨਾਲ ਗਰੀਬ ਬੱਚਿਆਂ ਨੂੰ ਫਾਇਦਾ ਪਹੁੰਚੇਗਾ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ,ਜੁਲੇਖਾ ,ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸੂਬਾਈ ਆਗੂ ਮਾਸਟਰ ਕੁਲਵਿੰਦਰ ਸਿੰਘ ਜੋਸਨ,ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸੰਤੋਖ ਸਿੰਘ ਸੰਧੂ, ਸਮਾਜ ਸੇਵਕ ਤੇ ਸੀਨੀਅਰ ਪੱਤਰਕਾਰ ਬਾਲਕ੍ਰਿਸ਼ਨ ਬਾਲੀ ਨੂਰਮਹਿਲ, ਸੁਰਜੀਤ ਸਿੰਘ ਸਮਰਾ, ਦੇਸ਼ ਭਗਤ ਯਾਦਗਾਰ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ, ਨਵਜੋਤ ਸਿਆਣੀਵਾਲ,ਅਜੀਤ ਸਿੰਘ, ਚੰਨਣ ਸਿੰਘ ਆਦਿ ਹਾਜ਼ਰ ਸਨ।



## ਰਿਪਨ ਕੁਮਾਰ ਬਣੇ ਸਬ-ਇੰਸਪੈਕਟਰ, ਵਿਧਾਇਕਾ ਨੇ ਲਗਾਏ ਸਟਾਰ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਅਤੇ ਪੁਲਿਸ ਵਿਭਾਗ ਵੱਲੋਂ ਮੁਲਾਜ਼ਮਾਂ ਨੂੰ ਦਿੱਤੀਆਂ ਜਾ ਰਹੀਆਂ ਤਰੱਕੀਆਂ ਦੀ ਲੜੀ ਤਹਿਤ, ਹਲਕਾ ਬਲਾਚੌਰ ਦੀ ਵਿਧਾਇਕਾ ਸੰਤੋਸ਼ ਕਟਾਰੀਆ ਦੇ ਨਾਲ ਬਤੌਰ ਪੀ ਐੱਸ ਓ ਤਾਇਨਾਤ ਏ ਐੱਸ ਆਈ ਰਿਪਨ ਕੁਮਾਰ ਨੂੰ



ਸੀਨੀਅਰਤਾ ਅਤੇ ਯੋਗਤਾ ਦੇ ਆਧਾਰ 'ਤੇ ਮਹਿਕਮਾ ਪੁਲਸ ਵਲੋ ਤਰੱਕੀ ਦੇ ਕੇ ਸਬ-ਇੰਸਪੈਕਟਰ ਬਣਾਇਆ ਗਿਆ ਹੈ।ਇਸ ਖੁਸ਼ੀ ਦੇ ਮੌਕੇ 'ਤੇ ਵਿਧਾਇਕਾ ਸੰਤੋਸ਼ ਕਟਾਰੀਆ ਤੇ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਸਾਂਝੇ ਤੌਰ 'ਤੇ ਰਿਪਨ ਕੁਮਾਰ ਦੀ ਵਰਦੀ 'ਤੇ ਤਰੱਕੀ ਦੇ ਸਟਾਰ (ਬੈਜ਼) ਲਗਾਏ।

# ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਸੰਪਰਦਾਵਾਂ ਨੂੰ ਤੋੜਨ ਦੀ ਕੋਸ਼ਿਸ਼ ਨਾ ਕੀਤੀ ਜਾਵੇ : ਮਜਾਰਾ ਪ੍ਰਬੰਧਕ ਕਮੇਟੀ

**ਬੰਗਾ (ਅਵਤਾਰ ਕਲੇਰ)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਲਈ ਸਰਬ ਉੱਚ ਹਨ ਤੇ ਉਸ ਦਾ ਅਸੀਂ ਸਤਿਕਾਰ ਕਰਦੇ ਹਾਂ।ਕਿਸੇ ਕੀਮਤ ਤੇ ਵੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਾਰੇ ਸੋਚ ਨਹੀਂ ਸਕਦੇ। ਇਹ ਪ੍ਰਗਟਾਵਾ ਮਜ਼ਾਰਾ ਨੌ ਆਬਾਦ ਦੇ ਦਰਬਾਰ ਸ੍ਰੀ ਨਾਭ ਕਮਲ ਰਾਜਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਾਮਲੇ ਨੂੰ ਹੱਲ ਹੋਣ ਉਪਰੰਤ ਬੁਲਾਈ ਗਈ ਮੀਟਿੰਗ ਦੌਰਾਨ ਰਸੋਖਾਨਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਕੀਤਾ। ਮੁੱਖ ਬੁਲਾਰੇ ਭਾਈ ਅਮਰੀਕ ਸਿੰਘ ਬੱਲੋਵਾਲ ਨੇ ਆਖਿਆ ਕਿ ਸਰਕਾਰ ਦੇ ਨੁਮਾਇੰਦਿਆਂ ਨੇ ਜੋ ਗੱਲਾਂ ਸੰਗਤਾਂ ਸਾਹਮਣੇ ਰੱਖੀਆਂ ਉਸ ਨਾਲ ਇਹ ਸਾਬਤ ਹੋ ਗਿਆ ਕਿ ਜੋ ਰਿਪੋਰਟ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਸਬੰਧੀ ਪੇਸ਼ ਕੀਤੀ ਸੀ, ਉਹ ਰਿਪੋਰਟ ਸਹੀ ਤੇ ਸਪੱਸ਼ਟ ਸੀ ਜਿਸ ਸਬੰਧੀ ਪੰਜਾਬ ਸਰਕਾਰ ਤੇ ਨੁਮਾਇੰਦਿਆਂ ਨੇ ਮੰਨਿਆ ਕਿ ਇੱਥੇ ਕਿਸੇ ਕਿਸਮ ਦੀ ਕੋਈ ਕੁਤਾਹੀ ਨਹੀਂ ਹੋ ਰਹੀ ਤੇ ਪਾਵਨ ਸਰੂਪਾਂ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ ।ਉਹਨਾਂ ਆਖਿਆ ਕਿ ਇਸ ਮਾਮਲੇ ਦੇ ਹੱਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਜਥੇਬੰਦੀਆਂ ਨੇ ਪੂਰਾ ਸਹਿਯੋਗ ਦਿੱਤਾ। ਉਹਨਾਂ ਕਿਹਾ ਕਿ ਅਸੀਂ ਸ਼੍ਰੋਮਣੀ ਕਮੇਟੀ ਸਮੂਹ ਜਥੇਬੰਦੀਆਂ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸੰਗਤਾਂ ਦਾ ਧੰਨਵਾਦ ਕਰਦੇ ਹਾਂ ਜਿਨਾਂ ਨੇ ਸਾਨੂੰ



ਇਸ ਸਮੇਂ ਪੂਰਾ ਸਾਥ ਦਿੱਤਾ। ਉਹਨਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਕੁਝ ਅਨਸਰਾਂ ਵੱਲੋਂ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਆਖਿਆ ਕਿ ਉਦਾਸੀ ਮੱਤ, ਨਿਰਮਲੇ ਮੱਤ, ਨਾਨਕਸਰ, ਹਰਖੋਵਾਲ ,ਰਾੜਾ ਸਾਹਿਬ ,ਰਤਵਾੜਾ ਸਾਹਿਬ ਤੇ ਨਿਹੰਗ ਜਥੇਬੰਦੀਆਂ ਸਿੱਖ ਕੌਮ ਦਾ ਇੱਕ ਹਿੱਸਾ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੂਰਾ ਸਤਿਕਾਰ ਵਿਸ਼ਵਾਸ ਰੱਖਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਜਥੇਬੰਦੀਆਂ ਤੇ ਸੰਪਰਦਾਵਾਂ ਨੂੰ ਤੋੜਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ।ਉਹਨਾਂ ਆਖਿਆ ਕਿ ਇਸ ਮਾਮਲੇ 'ਚ ਸਾਰਾ ਰਿਕਾਰਡ ਮੁਕੰਮਲ ਹੋਣ ਤੇ ਸਰਕਾਰ ਵੱਲੋਂ ਵੀ ਸਪੱਸ਼ਟ ਕੀਤਾ ਗਿਆ ਕਿ ਕਿਸੇ ਵੀ ਕਮੇਟੀ ਮੈਂਬਰ ਤੇ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਜਿਸ ਨਾਲ ਇਸ ਮਾਮਲੇ ਨੂੰ ਸੁਲਝਾਇਆ ਗਿਆ। ਸਾਡੇ ਇਸ ਸਮੇਂ ਤੇ ਵੱਖ-ਵੱਖ ਧਾਰਮਿਕ ਜਥੇਬੰਦੀਆਂ ਰਾਜਨੀਤਿਕ ਜਥੇਬੰਦੀਆਂ ਕਿਸਾਨ ਜਥੇਬੰਦੀਆਂ ਤੇ ਪ੍ਰਚਾਰਕਾਂ ਨੇ ਪੂਰਾ ਸਾਥ ਦਿੱਤਾ।ਅਸੀਂ ਬੇਅਦਬੀਆਂ ਬਾਰੇ ਕਦੇ ਸੋਚ ਵੀ ਨਹੀਂ ਸਕਦੇ। ਉਹਨਾਂ ਆਖਿਆ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਫਿਰ ਵੀ ਬੇਨਤੀ ਕਰਾਂਗੇ ਜੇਕਰ ਸਾਡੇ 'ਚ ਕਿਸੇ ਕਿਸਮ ਦੀ ਕੋਈ ਮਰਿਆਦਾ 'ਚ ਘਾਟ ਹੋਈ ਤਾਂ ਅਸੀਂ ਉਸ ਨੂੰ ਪੂਰਾ ਕਰਨ ਲਈ ਬਚਨਵੱਧ ਹਾਂ। ਇਸ ਮੌਕੇ ਪ੍ਰਧਾਨ ਇੰਦਰਜੀਤ ਸਿੰਘ ਸਿਆਣ, ਕੁਲਵੰਤ ਸਿੰਘ ਹੀਰ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ, ਜਸਬੀਰ ਸਿੰਘ ਨੂਰਪੁਰ, ਪਰਮਜੀਤ ਕੌਰ ਪ੍ਰਧਾਨ ਹਸਪਤਾਲ ਕਮੇਟੀ, ਗੁਰਦੀਪ ਸਿੰਘ ਬੱਬਾ, ਸੋਹਣ ਸਿੰਘ , ਕਰਨੈਲ ਸਿੰਘ, ਸ਼ਿੰਗਾਰਾ ਸਿੰਘ ਗੁਰਦਿਆਲ ਸਿੰਘ ਐਡਵੋਕੇਟ ਆਦਿ ਹਾਜ਼ਰ ਸਨ।

# ਨਵਜੰਮੀਆਂ ਧੀਆਂ ਦੀ ਮਨਾਈ ਲੋਹੜੀ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ ਓਂਕਾਰ ਸਿੰਘ)**

ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਜ਼ਿਲਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਦੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਾਲ ਵਿਕਾਸ ਪ੍ਰੋਜੈਕਟ ਦਫਤਰ ਬਲਾਕ ਟਾਂਡਾ ਵੱਲੋਂ ਬਾਲ ਵਿਕਾਸ ਪ੍ਰੋਜੈਕਟ ਅਫਸਰ ਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਸਮੂਹ ਸਟਾਫ ਮੈਂਬਰਾਂ ਤੇ ਆਂਗਣਵਾੜੀ ਵਰਕਰਾਂ ਨੇ ਪਿੰਡ ਖੱਖ ਵਿੱਚ 50 ਨਵ ਜੰਮੀਆਂ ਧੀਆਂ ਦੀ ਲੋਹੜੀ ਧੂਮ ਧਾਮ ਦੇ ਨਾਲ ਮਨਾਈ ਜਿਸ ਵਿਚ ਧੀਆਂ ਦੀ ਲੋਹੜੀ ਮਨਾ ਕੇ ਸੰਦੇਸ਼ ਦਿੱਤਾ ਗਿਆ ਕਿ ਹਰ ਘਰ ਵਿਚ ਧੀਆਂ ਦੀ ਲੋਹੜੀ ਮਨਾ ਕੇ ਉਨ੍ਹਾਂ ਦਾ ਸਤਿਕਾਰ ਕੀਤਾ ਜਾਵੇ । ਇਸ ਮੌਕੇ ਸਮਾਜ ਵਿਚ ਧੀਆਂ ਦੇ ਸਤਿਕਾਰ ਤੇ ਸਮਾਨ ਅਧਿਕਾਰਾਂ ਦਾ ਮਜ਼ਬੂਤ ਸੰਦੇਸ਼ ਦਿੱਤਾ ਗਿਆ।ਸਮਾਗਮ ਦੇ ਅੰਤ ਵਿੱਚ ਸਾਰਿਆਂ ਨੇ ਇਕਸੁਰ ਹੋ ਕੇ ਧੀਆਂ ਨੂੰ ਪਿਆਰ, ਸਤਿਕਾਰ ਅਤੇ ਸਮਾਨ ਅਵਸਰ ਦੇਣ ਦਾ ਸੰਕਲਪ ਲਿਆ ਤੇ ਧੀ ਦੇ ਜਨਮ ਨੂੰ ਤਿਉਹਾਰ ਵਾਂਗ ਮਨਾਉਣ ਦਾ ਸੁਨੇਹਾ ਸਮਾਜ ਤੱਕ ਪਹੁੰਚਾਇਆ। ਇਸ ਮੌਕੇ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ, ਹਰਮੇਲ ਸਿੰਘ, ਸੀ.ਡੀ.ਪੀ.ਓ. ਸਟਾਫ, ਸੁਪਰਵਾਈਜ਼ਰ ਰੇਣੂ ਬਾਲਾ, ਕਮਲਜੀਤ ਕੌਰ, ਸੀਨੀਅਰ ਅਸਿਸਟੈਂਟ ਜਸਪ੍ਰੀਤ ਕੌਰ, ਆਂਗਣਵਾੜੀ ਵਰਕਰ ਕੁਲਦੀਪ ਕੌਰ ਤੇ ਸਮੂਹ ਆਂਗਣਵਾੜੀ ਵਰਕਰ ਮੌਜੂਦ ਰਹੀਆਂ ਹਨ।



ਸਰਕਾਰੀ ਪ੍ਰਾਇਮਰੀ ਸਕੂਲ ਖਾਨਪੁਰ ਢੱਡਾ ਵਿਖੇ ਸਰਦਾਰ ਤਰਲੋਚਨ ਸਿੰਘ ਗਿੱਲ ਦੀ ਪ੍ਰੇਰਨਾ ਸਦਕਾ ਸਰਦਾਰ ਓਂਕਾਰ ਸਿੰਘ ਯੂ ਕੇ (ਨੰਬਰਦਾਰ) ਸਕੂਲ ਦੇ ਪੁਰਾਣੇ ਵਿਦਿਆਰਥੀ ਵਲੋਂ ਬੱਚਿਆਂ ਲਈ ਬੂਟ ਅਤੇ ਬਲੈਜ਼ਰ ਦੀ ਸੇਵਾ ਕੀਤੀ ਗਈ। ਸਮੂਹ ਸਟਾਫ ਤੇ ਸਕੂਲ ਪ੍ਰਬੰਧਕ ਕਮੇਟੀ ਉਹਨਾਂ ਦਾ ਧੰਨਵਾਦ ਕੀਤਾ ਗਿਆ। (ਫੋਟੋ ਤੇ ਵੇਰਵਾ : ਮਨਜੀਤ ਮਾਨ, ਨਕੋਦਰ)

# ਡਰੇਨ 'ਚੋਂ ਨੌਜਵਾਨ ਦੀ ਲਾਸ਼ ਮਿਲੀ



**ਨਿਹਾਲ ਸਿੰਘ ਵਾਲਾ, ਅਜੀਤਵਾਲ (ਲਵਲੀ ਮਾਛੀਕੇ)**- ਥਾਣਾ ਨਿਹਾਲ ਸਿੰਘ ਵਾਲਾ ਅਧੀਨ ਪੈਂਦੇ ਪਿੰਡ ਭਾਗੀਕੇ ਅਤੇ ਹਿੰਮਤਪੁਰਾ ਕੋਲ ਲੰਘਦੀ ਡਰੇਨ ਚੋਂ ਇੱਕ ਨੌਜਵਾਨ ਦੀ ਲਾਸ਼ ਮਿਲਣ ਦਾ ਸਮਾਚਾਰ ਹੈ। ਜਿਉਂ ਹੀ ਇਸ ਸਬੰਧੀ ਥਾਣਾ ਨਿਹਾਲ ਸਿੰਘ ਵਾਲਾ ਦੀ ਪੁਲਸ ਨੂੰ ਸੂਚਨਾ ਮਿਲੀ ਤਾਂ ਤੁਰੰਤ ਨਿਹਾਲ ਸਿੰਘ ਵਾਲਾ ਦੇ ਡੀ.ਐਸ ਪੀ. ਅਨਵਰ ਅਲੀ, ਰੀਡਰ ਸਰਬਣ ਸਿੰਘ ਗਿੱਲ ਅਤੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ, ਰੀਡਰ ਸੰਦੀਪ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਵੱਲੋਂ ਪੁੱਜ ਕੇ ਮੋਗਾ ਸਮਾਜ ਸੇਵੀ ਸੁਸਾਇਟੀ ਦੇ ਸੇਵਾਦਾਰਾਂ ਨੂੰ ਦੇ ਸਹਿਯੋਗ ਨਾਲ ਲਾਸ਼ ਨੂੰ ਡਰੇਨ ਚੋਂ ਬਾਹਰ ਕੱਢਿਆ ਅਤੇ ਆਪਣੇ ਕਬਜ਼ੇ ਵਿੱਚ ਲੈ ਲਿਆ।ਇਸ ਮੌਕੇ ਡੀ.ਐਸ .ਪੀ . ਅਨਵਰ ਅਲੀ ਨੇ ਦੱਸਿਆ ਕਿ ਇਹ ਲਾਸ਼ ਕਰੀਬ 10-15 ਦਿਨ ਦੀ ਪੁਰਾਣੀ ਲੱਗ ਰਹੀ ਹੈ। ਉਨ੍ਹਾਂ ਦੱਸਿਆ ਕਿ ਮੌਕੇ ਤੋਂ ਉਕਤ ਵਿਅਕਤੀ ਦੀ ਇੱਕ ਰੋਈ ਵੀ ਮਿਲੀ ਹੈ ਅਤੇ ਲਾਸ਼ ਮੋਗਾ ਦੇ ਸਿਵਲ ਹਸਪਤਾਲ ਮ੍ਰਿਤਕ ਰੂਮ ਵਿੱਚ 72 ਘੰਟਿਆਂ ਲਈ ਜਮ੍ਹਾਂ ਕਰਵਾ ਦਿੱਤੀ ਗਈ ਹੈ ਅਤੇ ਇਸ ਲਾਸ਼ ਦੀ ਪਹਿਚਾਣ ਲਈ ਪੰਜਾਬ ਦੇ ਸਾਰੇ ਥਾਨਿਆਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਲਾਸ਼ ਦੇ ਪੋਸਟ ਮਾਟਰਮ ਤੋਂ ਬਾਅਦ ਹੀ ਮੌਤ ਦੇ ਅਸਲੀ ਕਾਰਨਾਂ ਦਾ ਪਤਾ ਲੱਗ ਸਕਦਾ ਹੈ।

# ਐਡਵੋਕੇਟ ਗਿੱਲ ਨੇ ਲਾਹੌਰ ਫੇਰੀ ਦਾ ਲੇਖਕਾਂ ਸੰਗ ਰਚਾਇਆ ਸੰਵਾਦ

**ਸਮਰਾਲਾ (ਸੁਰਜੀਤ ਸਿੰਘ)**- ਪ੍ਰਧਾਨ ਸਿਮਰਜੀਤ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਸਾਹਿਤ ਸਭਾ (ਰਜਿ.) ਸਮਰਾਲਾ ਦੀ ਸਰਕਾਰੀ ਸਕੂਲ ਵਿੱਚ ਹੋਈ ਮੀਟਿੰਗ ਵਿੱਚ ਐਡਵੋਕੇਟ ਪਰਮਿੰਦਰ ਸਿੰਘ ਗਿੱਲ ਨੇ ਲਾਹੌਰ ਵਿਚ ਹੋਈ ਵਰਲਡ ਪੰਜਾਬੀ ਕਾਨਫਰੰਸ ਫੇਰੀ ਦੌਰਾਨ ਪਾਕਿਸਤਾਨੀ ਪੰਜਾਬੀ ਲੇਖਕਾਂ ਨਾਲ ਗੁਜ਼ਾਰੇ ਖੂਬਸੂਰਤ ਪਲਾਂ ਦੀ ਦਾਸਤਾਨ ਅੱਜ ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿੱਚ ਇਕੱਤਰ ਹੋਏ ਲੇਖਕਾਂ ਸੰਗ ਸਾਂਝੀ ਕੀਤੀ। ਕਰੀਬ ਇੱਕ ਘੰਟਾ ਲਗਾਤਾਰ ਚਲੇ ਐਡਵੋਕੇਟ ਗਿੱਲ ਦੇ ਵਿਆਖਿਆਨ ਹਾਜ਼ਰ ਲੇਖਕਾਂ ਨੇ ਬਹੁਤ ਇਕਾਗਰ ਹੋ ਕੇ ਸ਼ਿੱਦਤ ਨਾਲ ਸੁਣੇ। ਐਡਵੋਕੇਟ ਗਿੱਲ ਨੇ ਦੱਸਿਆ ਕਿ 34ਵੀਂ ਵਰਲਡ ਪੰਜਾਬੀ ਕਾਨਫਰੰਸ 2025 ਪਾਕਿਸਤਾਨ ਦੇ ਪ੍ਰਸਿੱਧ ਸ਼ਹਿਰ ਲਾਹੌਰ ਵਿਖੇ ਆਯੋਜਿਤ ਕੀਤੀ ਗਈ ਸੀ। ਜਿਸ ਵਿਚ ਹਿੰਦੁਸਤਾਨ ਤੋਂ 65 ਡੈਲੀਗੇਟ ਸ਼ਾਮਲ ਹੋਏ। ਐਡਵੋਕੇਟ ਗਿੱਲ ਨੇ ਦੱਸਿਆ ਕਿ ਉਹਨਾਂ ਲਈ ਸਭ ਤੋਂ ਖੁਸ਼ੀ ਦਾ ਪਲ ਉਹ ਸੀ ਜਦੋਂ ਉਹ ਮਾਛੀਵਾੜਾ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਗਨੀ ਖਾਂ-ਨਬੀ ਖਾਂ ਦੇ ਪਰਵਾਰ ਦੀ ਨੌਂਵੀਂ ਪੀੜ੍ਹੀ ਦੇ ਲੋਕਾਂ ਨੂੰ ਮਿਲੇ। ਉਹਨਾਂ ਦਾ ਇਸ ਪਰਵਾਰ ਨਾਲ ਪਹਿਲਾਂ ਹੀ ਰਾਬਤਾ ਕਾਇਮ ਸੀ ਕਿਉਂਕਿ ਕਈ ਸਾਲ ਪਹਿਲਾਂ ਇਸ ਪਰਵਾਰ ਦੇ ਬਜ਼ੁਰਗ ਜਦੋਂ ਉਹਨਾਂ ਦੇ ਸ਼ਹਿਰ ਮਾਛੀਵਾੜਾ ਸਾਹਿਬ (ਚੜ੍ਹਦੇ ਪੰਜਾਬ) ਵਿਖੇ ਗੁਰਦੁਆਰਾ ਗਨੀ ਖਾਂ-ਨਬੀ ਖਾਂ ਵਿਖੇ ਆਪਣੇ ਬਜ਼ੁਰਗਾਂ ਦੀ ਮਜ਼ਾਰ 'ਤੇ ਚਾਦਰ ਚੜ੍ਹਾਉਣ ਆਏ ਸਨ ਤਾਂ ਉਹ ਉਹਨਾਂ ਦੇ ਘਰ ਹੀ ਠਹਿਰੇ ਸਨ। ਐਡਵੋਕੇਟ ਗਿੱਲ ਨੇ ਦੱਸਿਆ ਕਿ ਪਾਕਿਸਤਾਨ ਦੇ ਲਾਅ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਬਾਅਦ ਵਿਚ ਆਪਣੇ ਬਜ਼ੁਰਗਾਂ ਦੀ ਜਨਮ ਭੂਮੀ ਦੇ ਦਰਸ਼ਨ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਰਚਨਾਵਾਂ ਦੇ ਦੌਰ ਵਿੱਚ ਰਮਨਦੀਪ ਕੌਰ ਨੇ ਗ਼ਜ਼ਲ ਅਤੇ ਅਮਨਦੀਪ ਸਮਰਾਲਾ ਨੇ ਕਹਾਣੀ ਕੈਦੀ ਸੁਣਾਈ। ਬਲਵੰਤ ਮਾਂਗਟ, ਦਰਸ਼ਨ ਤੂਰ ਬਲਾਲਾ ਤੇ ਬਲਬੀਰ ਬੱਬੀ ਨੇ ਗੀਤ ਪੇਸ਼ ਕੀਤਾ। ਪੰਮੀ ਹਬੀਬ ਨੇ ਮਿੰਨੀ ਕਹਾਣੀ ਮਜਬੂਰੀ, ਜੋਰਾਵਰ ਸਿੰਘ ਪੰਛੀ ਨੇ ਗ਼ਜ਼ਲ ਅਤੇ ਕਹਾਣੀਕਾਰ ਮੁਖ਼ਤਿਆਰ ਸਿੰਘ ਦੇ ਲਿਖੇ ਸਵੈ-ਜੀਵਨੀ ਬਿਰਤਾਂਤ ਵਿੱਚੋਂ ਤਿੰਨ ਲੇਖ ਹਾਏ ਰੱਬਾ ਮੇਰੀ ਮੱਕੀ, ਟਿੱਡੀ ਦਲ ਆ ਗਿਆ ਅਤੇ ਹੈ ਨੀ ਜੀ ਗੁਰਭਗਤ ਗਿੱਲ ਵੱਲੋਂ ਪੜ੍ਹੇ ਗਏ। ਨੇਤਰ ਸਿੰਘ ਨੇਤਰ ਨੇ ਕਵਿਤਾ ਸੁਣਾਈ। ਪੜ੍ਹੀਆਂ ਗਈਆਂ ਰਚਨਾਵਾਂ ਉੱਤੇ ਵਿਚਾਰ ਚਰਚਾ ਵਿੱਚ ਉਪਰੋਕਤ ਤੋਂ ਇਲਾਵਾ ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ, ਐਡਵੋਕੇਟ ਨਰਿੰਦਰ ਸ਼ਰਮਾ, ਗੁਰਦੀਪ ਸੁਖਜੀਤ, ਸੁਰਜੀਤ ਵਿਸ਼ਾਦ, ਕਹਾਣੀਕਾਰ ਸੰਦੀਪ ਸਮਰਾਲਾ, ਇੰਦਰਜੀਤ ਸਿੰਘ ਕੰਗ, ਮਨਦੀਪ ਡਡਿਆਣਾ, ਗੁਰਦੀਪ ਮਹੌਣ, ਲਖਵਿੰਦਰ ਸਿੰਘ ਸਮਰਾਲਾ, ਅਮਨ ਆਜ਼ਾਦ, ਊਧਮ ਸਿੰਘ ਅਤੇ ਡਾ. ਹਰਜਿੰਦਰਪਾਲ ਸਿੰਘ ਸਮਰਾਲਾ ਨੇ ਵੀ ਭਾਗ ਲਿਆ। ਮੀਟਿੰਗ ਦੌਰਾਨ ਤੇਜ ਕੌਰ ਪੰਧੇਰ, ਰਣਜੀਤ ਕੌਰ, ਅਮਨਿੰਦਰ ਸਿੰਘ, ਸੇਵਾ ਸਿੰਘ ਤੋਂ ਇਲਾਵਾ ਉਰਦੂ ਅਫ਼ਸਾਨਾਨਿਗਾਰ ਸਆਦਤ ਹਸਨ ਮੰਟੋ ਅਤੇ ਉੱਘੇ ਕਹਾਣੀਕਾਰ ਗੁਰਪਾਲ ਲਿੱਟ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਸਮੁੱਚੀ ਮੀਟਿੰਗ ਦੀ ਕਾਰਵਾਈ ਜਨਰਲ ਸਕੱਤਰ ਦੀਪ ਦਿਲਬਰ ਵੱਲੋਂ ਨਿਭਾਈ ਗਈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਸਿਮਰਜੀਤ ਸਿੰਘ ਕੰਗ ਵੱਲੋਂ ਜਿੱਥੇ ਸਾਰੇ ਲੇਖਕਾਂ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ ਗਿਆ, ਉਥੇ ਸਾਹਿਤ ਸਭਾ ਸਮਰਾਲਾ ਨਾਲ ਮੁੱਢ ਤੋਂ ਹੀ ਜੁੜੇ ਗੁਰਭਗਤ ਸਿੰਘ ਗਿੱਲ (ਸ੍ਰੀ ਭੈਣੀ ਸਾਹਿਬ) ਨੂੰ ਲੋਹੜੀ ਵਾਲੇ ਦਿਨ ਪੋਤਰੀ ਦਾ ਜਨਮ ਹੋਣ 'ਤੇ ਵਧਾਈ ਵੀ ਦਿੱਤੀ ਗਈ।



# ਕਿਸਾਨ ਆਗੂਆਂ ਅਤੇ ਵਰਕਰਾਂ ਨਾਲ ਧੱਕਾ ਕਰਨ ਵਿਰੁੱਧ ਭਰਾਤਰੀ ਜਥੇਬੰਦੀਆਂ ਨੇ ਪੁਤਲੇ ਫੂਕੇ

**ਲੌਂਗੋਵਾਲ (ਪ੍ਰਦੀਪ ਸੱਪਲ)** ਪੰਜਾਬ ਪੁਲਿਸ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੇ ਸੂਬਾ ਆਗੂ ਜਸਵਿੰਦਰ ਸਿੰਘ ਸੋਮਾ ਅਤੇ ਸੈਂਕੜੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਨਜ਼ਰਬੰਦ ਕਰਨ ਖਿਲਾਫ ਜਥੇਬੰਦੀਆਂ ਵੱਲੋਂ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਖਿਲਾਫ ਸਖ਼ਤ ਰੋਸ ਪ੍ਰਦਰਸ਼ਨ ਕੀਤਾ ਗਿਆ। ਬੀ ਕੇ ਯੂ ਅਜ਼ਾਦ ਵਲੋਂ ਕਿਸਾਨ ਪਿੰਡ ਲੌਂਗੋਵਾਲ ਦੇ ਸੁਨਾਮ ਬਰਨਾਲਾ ਰੋਡ 'ਤੇ ਸ਼ਾਂਤਮਈ ਧਰਨਾ ਦੇ ਰਹੇ ਸਨ। ਐਸ ਪੀ ਨਵਰੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਪੁਲਿਸ ਨੇ ਅਣਮਨੁੱਖੀ ਤਰੀਕੇ ਨਾਲ ਖਿੱਚ ਧੂਹ ਕਰਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਧੱਕੇਸ਼ਾਹੀ ਵਿਰੁੱਧ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਲੋਕਪੱਖੀ ਜਥੇਬੰਦੀਆਂ ਵੱਲੋਂ ਪਿੰਡ-ਪਿੰਡ ਸਰਕਾਰ ਦੇ ਪੁਤਲੇ ਸਾੜੇ ਗਏ। ਇਸ ਵਿਚ ਕਿਰਤੀ ਕਿਸਾਨ ਯੂਨੀਅਨ ਸਮੇਤ ਜਮਹੂਰੀ ਲੋਕਪਖੀ ਜਥੇਬੰਦੀਆਂ ਨੇ ਸਹਿਯੋਗ ਦਿੱਤਾ। ਇਸ ਮੌਕੇ ਇਕਾਈ ਲੌਂਗੋਵਾਲ ਆਗੂ ਬਲਜਿੰਦਰ ਲੌਂਗੋਵਾਲ, ਨਛੱਤਰ ਸਿੰਘ, ਕਰਨੈਲ ਸਿੰਘ, ਭੋਲਾ ਸਿੰਘ, ਨਿੰਮਾ ਸਿੰਘ, ਖੜਕ ਸਿੰਘ, ਮੇਜਰ ਸਿੰਘ ਨੰਬਰਦਾਰ, ਦੇਸ਼ ਭਗਤ ਯਾਦਗਾਰ ਦੇ ਮਾਸਟਰ ਬਲਵੀਰ ਲੌਂਗੋਵਾਲ, ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ, ਬਾਬਾ ਫ਼ਰੀਦ ਦੇ ਕਮਲਜੀਤ ਵਿੱਕੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਲਖਵੀਰ ਲੱਖੀ ਲੌਂਗੋਵਾਲ, ਕਿਰਤੀ ਕਿਸਾਨ ਯੂਨੀਅਨ ਤੋਂ ਕਰਮਜੀਤ ਸਿੰਘ ਸਤੀਪੁਰਾ, ਹਰਦੇਵ ਦੁੱਲਟ, ਸ਼ਹੀਦ ਭਗਤ ਸਿੰਘ ਮੋਟਰ ਸਾਈਕਲ ਰੇਹੜੀ ਯੂਨੀਅਨ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਪੱਖੀ ਕਾਰਕੁਨ, ਮੈਂਬਰ ਅਤੇ ਔਰਤਾਂ ਸ਼ਾਮਲ ਸਨ।





# ਸੜਕ ਸੁਰੱਖਿਆ ਮੁਹਿੰਮ 2026 ਦਾ ਸਫਲ ਆਯੋਜਨ

**ਤਲਵੰਡੀ ਸਾਬੋ (ਜਗਦੀਪ ਗਿੱਲ)** ਸੁਰੱਖਿਆ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਐਚ ਪੀ ਸੀ ਐਲ-ਮਿੱਤਲ ਐਨਰਜੀ ਲਿਮਿਟਿਡ (ਐਚ ਐਮ ਈ ਐਲ), ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ ਸੜਕ ਸੁਰੱਖਿਆ ਮੁਹਿੰਮ 2026 ਦਾ ਸਫਲ ਆਯੋਜਨ ਕੀਤਾ ਗਿਆ। ਕਰਮਚਾਰੀ ਅਤੇ ਸਮੁਦਾਇਕ ਜਾਗਰੂਕਤਾ ਨੂੰ ਕੇਂਦਰ ਵਿੱਚ ਰੱਖ ਕੇ ਚਲਾਈ ਗਈ ਇਸ ਮੁਹਿੰਮ ਦਾ ਮੁੱਖ ਉਦੇਸ਼ ਟਰੱਕ ਅਤੇ ਟੈਂਕਰ ਚਾਲਕ ਦਲ, ਵਰਕਰਾਂ ਅਤੇ ਕਰਮਚਾਰੀਆਂ ਵਿੱਚ ਸੜਕ ਸੁਰੱਖਿਆ ਪ੍ਰਤੀ ਜ਼ਿੰਮੇਵਾਰ ਵਿਵਹਾਰ ਨੂੰ ਪ੍ਰੋਤਸਾਹਿਤ ਕਰਨਾ ਰਿਹਾ। 12 ਜਨਵਰੀ ਤੋਂ ਸ਼ੁਰੂ ਇਸ ਵਿਸ਼ੇਸ਼ ਮੁਹਿੰਮ ਦੌਰਾਨ ਸੜਕ ਸੁਰੱਖਿਆ ਜਾਗਰੂਕਤਾ ਵਧਾਉਣ ਅਤੇ ਸੁਰੱਖਿਅਤ ਯਾਤਰਾ ਵਿਵਹਾਰ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਕਾਰਜਕ੍ਰਮ ਅਤੇ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਮੁਹਿੰਮ ਦੀ ਸ਼ੁਰੂਆਤ 2,000 ਤੋਂ ਵੱਧ ਕਰਮਚਾਰੀਆਂ ਅਤੇ ਠੇਕੇਦਾਰਾਂ ਨੂੰ ਸੜਕ ਸੁਰੱਖਿਆ ਬੈਜ ਵੰਡ ਕੇ ਕੀਤੀ ਗਈ, ਜਿਸ ਨਾਲ ਨਿੱਜੀ ਜ਼ਿੰਮੇਵਾਰੀ ਅਤੇ ਸੁਰੱਖਿਅਤ ਡਰਾਈਵਿੰਗ ਵਿਵਹਾਰ ਨੂੰ ਮਜ਼ਬੂਤੀ ਮਿਲੀ। ਇਸ ਦੇ ਨਾਲ ਹੀ ਰਿਫਾਇਨਰੀ ਪਰਿਸਰ ਦੇ ਮੁੱਖ ਸਥਾਨਾਂ 'ਤੇ ਸੜਕ ਸੁਰੱਖਿਆ ਸਬੰਧੀ ਬੈਨਰ ਲਗਾਏ ਗਏ। ਡਰਾਈਵਿੰਗ ਅਤੇ ਸੜਕ ਹਾਦਸਿਆਂ ਦੀ ਰੋਕਥਾਮ ਲਈ ਸਾਂਝੀ ਪ੍ਰਤੀਬੱਧਤਾ ਲਈ ਪ੍ਰੇਰਿਤ ਕੀਤਾ ਗਿਆ, ਜਿਸ ਵਿੱਚ 700 ਤੋਂ ਵੱਧ ਕਰਮਚਾਰੀਆਂ ਨੇ ਭਾਗ ਲਿਆ।

# ਪੀ ਜੀ ਆਈ 'ਚ ਰੋਗਾਂ ਦੀ ਰੋਕਥਾਮ ਸੰਬੰਧੀ ਨਰਸਾਂ ਦੀ ਭੂਮਿਕਾ 'ਤੇ ਦੋ ਰੋਜ਼ਾ ਵਰਕਸ਼ਾਪ

**ਸਮਰਾਲਾ (ਸੁਰਜੀਤ ਸਿੰਘ)**- ਪੀ ਜੀ ਆਈ ਚੰਡੀਗੜ੍ਹ ਵਿੱਚ ਰੋਗਾਂ ਦੀ ਰੋਕਥਾਮ ਅਤੇ ਪ੍ਰਬੰਧਨ ਬਾਰੇ ਨਰਸਾਂ ਦੀ ਭੂਮਿਕਾ ਉਤੇ ਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਐਜੂਕੇਸ਼ਨ 'ਨਾਇਨ' ਵਲੋਂ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਕੋਰਸ ਦਾ ਮੁੱਖ ਉਦੇਸ਼ ਨਰਸਾਂ ਨੂੰ ਗੈਰ ਸੰਚਾਰੀ ਰੋਗਾਂ ਦੇ ਪ੍ਰਬੰਧਨ ਲਈ ਤਿਆਰ ਕਰਨਾ ਸੀ, ਤਾਂ ਜੋ ਉਹ ਇਨ੍ਹਾਂ ਰੋਗਾਂ ਦੀ ਰੋਕਥਾਮ ਅਤੇ ਇਲਾਜ ਵਿੱਚ ਕੇਂਦਰੀ ਭੂਮਿਕਾ ਨਿਭਾ ਸਕਣ। ਇਸ ਕੋਰਸ ਵਿੱਚ ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਤੋਂ ਕੁੱਲ 110 ਨਰਸਾਂ ਤੇ ਹੋਰ ਅਮਲੇ ਨੇ ਹਿੱਸਾ ਲਿਆ। ਕੋਰਸ ਦਾ ਉਦਘਾਟਨ ਪੀ ਜੀ ਆਈ ਦੇ ਨਿਰਦੇਸ਼ਕ ਪ੍ਰੋ. ਵਿਵੇਕ ਲਾਲ ਵੱਲੋਂ ਕੀਤਾ ਗਿਆ। ਆਪਣੇ ਉਦਘਾਟਨੀ ਸੰਬੋਧਨ ਵਿੱਚ ਪ੍ਰੋ. ਵਿਵੇਕ ਲਾਲ ਨੇ ਜ਼ੋਰ ਦੇ ਕੇ ਕਿਹਾ ਕਿ ਨਰਸਾਂ ਅਗਲੀ ਕਤਾਰ ਦੇ ਸਿਹਤ ਕਰਮਚਾਰੀ ਹਨ ਅਤੇ ਹਸਪਤਾਲਾਂ ਅਤੇ ਸਮੁਦਾਇਕ ਪੱਧਰ 'ਤੇ ਬਿਮਾਰੀਆਂ ਦੀ ਰੋਕਥਾਮ ਅਤੇ ਪ੍ਰਬੰਧਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਗੈਰ ਸੰਚਾਰੀ ਰੋਗਾਂ ਦੀ ਰੋਕਥਾਮ, ਪ੍ਰਬੰਧਨ ਅਤੇ ਪੁਨਰਵਾਸ ਵਿੱਚ ਨਰਸਾਂ ਡਾਕਟਰਾਂ ਦੇ ਬਰਾਬਰ ਹਨ। ਪ੍ਰੋ. ਜੇ.ਐਸ. ਠਾਕੁਰ ਨੇ ਵਰਲਡ ਫੈਡਰੇਸ਼ਨ ਦੀ ਸਥਾਪਨਾ ਅਤੇ ਨਰਸਾਂ ਸਮੇਤ ਸਿਹਤ ਪੇਸ਼ੇਵਰਾਂ ਦੀ ਸਮਰੱਥਾ ਵਿਕਾਸ ਵਿੱਚ ਇਸ ਦੀ ਭੂਮਿਕਾ ਬਾਰੇ ਰੌਸ਼ਨੀ ਪਾਈ। ਡਾ. ਸੁਖਪਾਲ ਕੌਰ, ਪ੍ਰਿੰਸੀਪਲ 'ਨਾਇਨ' ਪੀ ਜੀ ਆਈ, ਚੰਡੀਗੜ੍ਹ ਨੇ ਜਾਣਕਾਰੀ ਦਿੱਤੀ ਕਿ ਇਹ ਇਸ ਲੜੀ ਦਾ ਅੱਠਵਾਂ ਕੋਰਸ ਹੈ, ਜੋ ਆਉਣ ਵਾਲੇ ਸਮੇਂ ਵਿੱਚ ਵੀ ਨਿਰੰਤਰ ਜਾਰੀ ਰਹੇਗਾ। ਡਾ. ਸੁਸ਼ਮਾ ਕੁਮਾਰੀ ਸੈਣੀ, ਐਸੋਸੀਏਟ ਪ੍ਰੋਫੈਸਰ 'ਨਾਇਨ' ਨੇ 'ਭਾਰਤੀ ਸੰਦਰਭ ਵਿੱਚ ਨਰਸ ਪ੍ਰੈਕਟੀਸ਼ਨਰ' ਵਿਸ਼ੇ 'ਤੇ ਪੈਨਲ ਚਰਚਾ ਦੀ ਪ੍ਰਧਾਨਗੀ ਕੀਤੀ। ਇਸ ਪੈਨਲ ਵਿੱਚ ਡਾ. ਨਵੀਨ ਕਿਸ਼ੋਰ, ਡਾ. ਗੀਤਾ ਦੇਵੀ, ਡਾ. ਰਮਨ ਕਾਲੀਆ ਪ੍ਰਿੰਸੀਪਲ, ਡਾ. ਪੁਸ਼ਪਾ ਰਜਿਸਟਰਾਰ ਅਤੇ ਮਿਸ ਸੁਨੈਨਾ ਸ਼ਾਮਲ ਸਨ। ਡਾ. ਕਵਿਤਾ, ਐਸੋਸੀਏਟ ਪ੍ਰੋਫੈਸਰ 'ਨਾਇਨ' ਚੰਡੀਗੜ੍ਹ ਨੇ ਭਾਗੀਦਾਰਾਂ ਲਈ ਜੋਖਮ ਮੁਲਾਂਕਣ ਚਾਰਟ ਦੀ ਵਰਤੋਂ ਦਾ ਪ੍ਰਦਰਸ਼ਨ ਕੀਤਾ ਅਤੇ ਉਨ੍ਹਾਂ ਨੂੰ ਆਪਣੇ-ਆਪਣੇ ਸੰਸਥਾਨਾਂ ਵਿੱਚ ਵਰਤੋਂ ਲਈ ਇਹ ਚਾਰਟ ਪ੍ਰਦਾਨ ਕੀਤੇ ਗਏ।



# ਥਾਂ-ਥਾਂ ਤੋਂ ਟੁੱਟੀ ਸੜਕ ਤੋਂ ਲੋਕ ਪਰੇਸ਼ਾਨ



**ਬਰੇਟਾ (ਰੀਤਵਾਲ)**- ਬਰੇਟਾ ਤੋਂ ਪਿੰਡ ਕੁਲਰੀਆਂ ਨੂੰ ਜਾਣ ਵਾਲੀ ਸੜਕ ਦੀ ਕਾਫੀ ਚਿਰਾਂ ਤੋਂ ਹਾਲਤ ਖਸਤਾ ਹੈ, ਸੜਕ ਵਿਚ ਵੱਡੇ-ਵੱਡੇ ਟੋਏ ਪਏ ਹੋਏ ਹਨ ਅਤੇ ਸੜਕ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ, ਜਿਸ ਕਾਰਨ ਇਥੋਂ ਲੰਘਣ ਵਾਲੇ ਵਾਹਨ ਚਾਲਕਾਂ ਅਤੇ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਥੇ ਸਬੰਧਤ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਇਸ ਸੜਕ ਰਾਹੀਂ ਰਾਹਗੀਰ ਹਰਿਆਣਾ ਦੇ ਸ਼ਹਿਰ ਰਤੀਆ , ਹਿਸਾਰ ਵੱਲ ਵੱਡੀ ਗਿਣਤੀ ਵਿਚ ਆਉਂਦੇ ਜਾਂਦੇ ਹਨ ਅਤੇ ਬੱਸਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਉਥੇ ਇਸ ਸੜਕ ਉਪਰ ਭਾਰੀ ਆਵਾਜਾਈ ਰਹਿੰਦੀ ਹੈ, ਜਿਸ ਕਾਰਨ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਡਿਪਟੀ ਕਮਿਸ਼ਨਰ ਨੇ ਸੜਕੀ ਨਿਯਮਾਂ ਦੀ ਪਾਲਣਾ ਨੂੰ ਦਰਸਾਉਂਦਾ ਪੋਸਟਰ ਕੀਤਾ ਰਿਲੀਜ਼

**ਫਾਜ਼ਿਲਕਾ (ਨਿਸ਼ਾ ਸ਼ਰਮਾ)**- 31 ਜਨਵਰੀ 2026 ਤੱਕ ਮਨਾਏ ਜਾ ਰਹੇ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਸੜਕੀ ਨਿਯਮਾਂ ਦੀ ਪਾਲਣਾ ਨੂੰ ਦਰਸਾਉਂਦਾ ਜਾਗਰੂਕਤਾ ਪੋਸਟਰ ਰਿਲੀਜ਼ ਕੀਤਾ। ਉਨ੍ਹਾਂ ਕਿਹਾ ਕਿ ਸੜਕ 'ਤੇ ਚੱਲਦੇ ਸਮੇਂ ਨਿਯਮਾਂ ਦੀ ਪਾਲਣਾ ਕਰਕੇ ਨਾਗਰਿਕ ਖੁਦ ਦੇ ਨਾਲ-ਨਾਲ ਹੋਰਨਾਂ ਦੀ ਵੀ ਜਾਨ ਬਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਵਿਭਾਗਾਂ ਦੇ ਮਾਰਫਤ 31 ਜਨਵਰੀ ਤੱਕ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਤਾਂ ਜੋ ਸੜਕੀ ਹਾਦਸਿਆਂ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਈ ਜਾ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਮੁਹਿੰਮ ਦੌਰਾਨ ਜਨਤਕ ਥਾਵਾਂ, ਬਜ਼ਾਰਾਂ, ਕਾਲਜਾਂ, ਸਕੂਲਾਂ ਵਿਚ ਜਨਤਕ ਕੈਂਪ ਲਗਾਏ ਜਾਣਗੇ ਅਤੇ ਪੋਸਟਰ/ਬੈਨਰਾਂ ਦੀ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸੜਕ ਸੁਰੱਖਿਆ ਪ੍ਰਤੀ ਨਾਗਰਿਕਾਂ ਨੂੰ ਜਾਗਰੂਕ ਕਰਦਿਆਂ ਆਨਲਾਈਨ ਕੁਇਜ਼ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਧੁੰਦ ਦੇ ਮੌਸਮ ਦੌਰਾਨ ਵਾਹਨ ਦੀ ਸਪੀਡ ਘੱਟ ਰੱਖਣ, ਵਹੀਕਲ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ, ਰੈਡ ਲਾਈਟ ਸਮੇਂ ਰੁਕਣਾ, ਸੀਟ ਬੈਲਟ ਦੀ ਵਰਤੋਂ ਕਰਨ, ਸ਼ਰਾਬ ਪੀ ਕੇ ਗੱਡੀ ਨਾ ਚਲਾਉਣ, ਗੱਡੀ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਨਾ ਕਰਨ, 18 ਸਾਲ ਦੀ ਉਮਰ ਤੋਂ ਬਾਅਦ ਹੀ ਵਹੀਕਲ ਦੀ ਵਰਤੋਂ ਤੇ ਲਾਇਸੰਸ ਬਣਾਉਣ ਆਦਿ ਬਾਰੇ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਗੱਡੀਆਂ ਦੇ ਪਿੱਛੇ ਰਿਫਲੈਕਟਰ ਵੀ ਲਗਾਏ ਜਾਣ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਵਾਹਨ ਚਲਾਉਂਦੇ ਸਮੇਂ ਸੜਕ ਸੁਰੱਖਿਆ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਇਸ ਮੌਕੇ ਐਸ.ਡੀ.ਐਮ. ਫਾਜ਼ਿਲਕਾ ਵੀਰਪਾਲ ਕੌਰ, ਏ.ਟੀ.ਓ ਸੁਖਚਰਨ ਸਿੰਘ ਆਦਿ ਮੌਜੂਦ ਸਨ।

# ਧੂੜਕੋਟ ਰਣਸੀਂਹ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ



**ਬੱਧਨੀ ਕਲਾ (ਨਛੱਤਰ ਸੰਧੂ)**- ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਪਿੰਡ ਧੂਰਕੋਟ ਰਣਸੀਂਹ ਵਿਖੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦੀ ਅਗਵਾਈ ਹੇਠ ਬਲਾਕ ਸੰਮਤੀ ਮੈਂਬਰ ਜਤਿੰਦਰ ਸਿੰਘ ਨਿੰਦੀ ਵੱਲੋਂ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਨਸ਼ਾ ਵਿਰੋਧੀ ਰੈਲੀ ਕੱਢੀ ਗਈ। ਇਸ ਮੌਕੇ ਜਤਿੰਦਰ ਸਿੰਘ ਨਿੰਦੀ ਨੇ ਕਿਹਾ ਕਿ ਅੱਜ ਸਾਡੇ ਪੰਜਾਬ ਵਿੱਚ ਨੌਜਵਾਨ ਪੀੜ੍ਹੀ ਚਿੱਟੇ ਅਤੇ ਹੋਰ ਮਾਰੂ ਨਸ਼ਿਆਂ ਦਾ ਸੇਵਨ ਕਰਕੇ ਆਪਣੀ ਜ਼ਿੰਦਗੀ ਬਰਬਾਦ ਕਰ ਰਹੀ ਹੈ। ਜਿਸ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਕਿਉਂਕਿ ਨੌਜਵਾਨ ਵਰਗ ਹੀ ਸਾਡੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਨਸ਼ਿਆਂ ਨੂੰ ਪੂਰਨ ਤੌਰ 'ਤੇ ਖਤਮ ਕਰਨ ਲਈ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ। ਜੇਕਰ ਕੋਈ ਨੌਜਵਾਨ ਨਸ਼ਾ ਵੇਚਦਾ ਫੜਿਆ ਗਿਆ ਉਸ ਵਿਰੁੱਧ ਫੌਰੀ ਕਾਨੂੰਨੀ ਕਾਰਵਾਈ ਕਰਵਾਈ ਜਾਵੇਗੀ।

# ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੈਦਲ ਮਾਰਚ




**ਸਮਾਣਾ (ਇਕਬਾਲ ਸਿੰਘ ਬੱਲ)**- ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਮੁਹਿੰਮ ਨੂੰ ਗਲੀਆਂ ਮੁਹੱਲਿਆਂ ਤੱਕ ਪਹੁੰਚਾਉਣ ਲਈ ਆਪ ਦੇ ਬਲਾਕ ਪ੍ਰਧਾਨ ਗੋਪਾਲ ਕ੍ਰਿਸ਼ਨ ਗਰਗ ਦੀ ਅਗਵਾਈ 'ਚ ਵਾਰਡ ਨੰਬਰ 4 ਵਿਚ ਪੈਦਲ ਮਾਰਚ ਕਰਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਇਕ-ਜੁੱਟ ਹੋ ਕੇ ਮੁਹਿੰਮ ਦਾ ਹਿਸਾ ਬਣਨ ਲਈ ਅਪੀਲ ਕੀਤੀ। ਇਸ ਮੌਕੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਭਰਾ ਹਰਜਿੰਦਰ ਸਿੰਘ ਮਿੰਟੂ, ਮਾਰਕਿਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗਜੂਮਾਜਰਾ ਅਤੇ ਵਸੀਮ ਖਾਨ ਦਿੱਲੀ ਤੋਂ ਉਚੇਚੇ ਤੌਰ 'ਤੇ ਪੁੱਜੇ। ਇਸ ਤੋਂ ਪਹਿਲਾਂ ਆਯੋਜਿਤ ਰੈਲੀ ਵਿਚ ਸ਼ਾਮਲ ਵੱਡੀ ਗਿਣਤੀ 'ਚ ਲੋਕਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਬਲਕਾਰ ਸਿੰਘ ਗਜੂਮਾਜਰਾ, ਬਲਾਕ ਪ੍ਰਧਾਨ ਐਡਵੋਕੇਟ ਗੁਲਜਾਰ ਸਿੰਘ ਵਿਰਕ,ਕੁਲਬੀਰ ਸਿੰਗਲਾ,ਕੁਲਦੀਪ ਸਿੰਘ ਵਿਰਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ 10 ਮਹੀਨੇ ਤੋਂ ਇਹ ਮੁਹਿੰਮ ਚਲਾਈ ਹੋਈ ਹੈ, ਤਾਂ ਜੋ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਪੁਟ ਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾ ਸਕੇ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਗਰਗ, ਬਲਾਕ ਸੰਮਤੀ ਮੈਂਬਰ ਮਨਜੀਤ ਸਿੰਘ ਦਾਨੀਪੁਰ, ਰਮੀ ਸ਼ਰਮਾ, ਸੀਨੀ: ਸਿਟੀਜਨ ਕੌਂਸਲ ਪ੍ਰਧਾਨ ਮਾਸਟਰ ਜਸਵੀਰ ਸਿੰਘ,ਵਾਇਸ ਪ੍ਰਧਾਨ ਸੁਰਿੰਦਰ ਬਾਂਸਲ,ਭਾਰਤ ਵਿਕਾਸ ਪ੍ਰੀਸ਼ਦ ਪ੍ਰਧਾਨ ਰਾਜਿੰਦਰ ਪ੍ਰਸ਼ਾਦ, ਬ੍ਰਿਸ਼ਭਾਨ ਕਾਂਸਲ,ਵਿਜੇ ਸਿੰਗਲਾ,ਵਿਕਾਸ਼ ਵਰਮਾ,ਪਵਨ ਧੂਰੀ,ਅੰਗਰੇਜ ਭੁੱਲਰ,ਸੰਜੇ ਮੰਤਰੀ, ਸੰਜੇ ਸਿੰਗਲਾ, ਪਾਰਸ ਸ਼ਰਮਾ,ਸੁਰਜੀਤ ਸਿੰਘ ਦਈਆ, ਸ਼ਹਿਰ ਦੀਆਂ ਹੋਰ ਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਪ ਆਗੂ ਹਾਜਰ ਸਨ।

# ਵਿਤਕਰਾ ਬੰਦ ਕਰਕੇ ਪੰਜਾਬ ਦੀ ਬਾਂਹ ਫੜੇ ਕੇਂਦਰ ਸਰਕਾਰ : ਹਰਚੰਦ ਸਿੰਘ ਬਰਸਟ

**ਸਮਾਣਾ (ਇਕਬਾਲ ਸਿੰਘ ਬੱਲ)**- ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਸਖ਼ਤ ਸ਼ਬਦਾ ਵਿੱਚ ਕਿਹਾ ਕਿ ਪੰਜਾਬ ਨਾਲ ਹੋ ਰਹੀ ਅਣਦੇਖੀ ਅਤੇ ਵਿਤਕਰਾ ਹੁਣ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕੇਂਦਰ ਸਰਕਾਰ ਪੰਜਾਬ ਦੇ ਬਣਦੇ ਹੱਕ ਤੁਰੰਤ ਦੇਵੇ, ਤਾਂ ਜੋ ਸੂਬੇ ਦੇ ਵਿਕਾਸ ਕਾਰਜਾਂ ਨੂੰ ਗਤੀ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਹਾਲ ਹੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਦੌਰਾਨ ਸੂਬੇ ਨਾਲ ਸਬੰਧਤ ਅਹਿਮ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ ਗਿਆ। ਬਰਸਟ ਨੇ ਕਿਹਾ ਕਿ ਹੁਣ ਕੇਂਦਰ ਦੀ ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀ ਬਾਂਹ ਫੜੇ ਅਤੇ ਸੂਬੇ ਨੂੰ ਉਸ ਦੇ ਬਣਦੇ ਹੱਕ ਬਿਨਾਂ ਕਿਸੇ ਦੇਰੀ ਦੇ ਪ੍ਰਦਾਨ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦੇ ਅਨਾਜ ਭੰਡਾਰ, ਰਾਸ਼ਟਰੀ ਸੁਰੱਖਿਆ ਅਤੇ ਆਰਥਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ, ਪਰ ਇਸ ਦੇ ਬਾਵਜੂਦ ਸੂਬੇ ਨਾਲ ਲਗਾਤਾਰ ਵਿਤਕਰਾ ਕੀਤਾ ਜਾ ਰਿਹਾ ਹੈ।

# ਨਗਰ ਕੌਂਸਲ ਦੇ ਕੰਵਰਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਤੇ ਜਗਜੀਤ ਜੱਗੀ ਮੀਤ ਪ੍ਰਧਾਨ ਬਣੇ



**ਜਗਰਾਉਂ (ਸੰਜੀਵ ਅਰੋੜਾ)**- ਨਗਰ ਕੌਂਸਲ ਜਗਰਾਉਂ ਅੰਦਰ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਨੂੰ ਚੁਣਨ ਲਈ ਚੋਣ ਕਰਵਾਈ ਗਈ। ਜਗਰਾਉਂ ਨਗਰ ਕੌਂਸਲ ਅੰਦਰ ਦੋ ਧੜੇ ਹਨ। ਇੱਕ ਧੜਾ ਕਾਂਗਰਸ ਪਾਰਟੀ ਅਤੇ ਦੂਸਰਾ ਧੜਾ ਆਮ ਆਦਮੀ ਪਾਰਟੀ ਦਾ ਹੈ। ਜਗਰਾਉਂ ਅੰਦਰ ਕੁੱਲ 23 ਕੌਂਸਲਰ ਹਨ। ਅੱਜ ਨਗਰ ਕੌਂਸਲ ਜਗਰਾਉਂ ਵਿਖੇ 9 ਕੌਂਸਲਰ ਪਹੁੰਚੇ ਅਤੇ ਮੀਟਿੰਗ ਹਾਲ ਵਿੱਚ ਮੀਟਿੰਗ ਰੱਖੀ ਗਈ। ਜਗਰਾਉਂ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਮੀਟਿੰਗ ਹਾਲ ਵਿਖੇ ਪਹੁੰਚੇ। ਮੀਟਿੰਗ ਤੋਂ ਬਾਅਦ ਵਿਧਾਇਕਾ ਮਾਣੂਕੇ ਨੇ ਦੱਸਿਆ ਕਿ ਕੌਂਸਲਰ ਕੰਵਰਪਾਲ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਕੌਂਸਲਰ ਜਗਜੀਤ ਜੱਗੀ ਨੂੰ ਮੀਤ ਪ੍ਰਧਾਨ ਵਜੋਂ ਚੁਣਿਆ ਗਿਆ। ਇਸ ਮੌਕੇ ਢੋਲ ਦੇ ਧਮੱਕੇ ਨਾਲ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦਾ ਸਵਾਗਤ ਕੀਤਾ ਗਿਆ। ਫੁੱਲਾਂ ਦੇ ਹਾਰ ਪਾ ਕੇ ਉਹਨਾਂ ਨੂੰ ਜੀ ਆਇਆਂ ਆਖਿਆ ਗਿਆ। ਇਸ ਮੌਕੇ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਨੇ ਸੀਨੀਅਰ ਮੀਤ ਪ੍ਰਧਾਨ ਕੰਵਰਪਾਲ ਸਿੰਘ ਅਤੇ ਮੀਤ ਪ੍ਰਧਾਨ ਜਗਜੀਤ ਜੱਗੀ ਦਾ ਮੂੰਹ ਮਿੱਠਾ ਕਰਵਾਇਆ। ਜੋ ਵੀ ਕੰਮ ਜਗਰਾਉਂ ਅੰਦਰ ਪੈਂਡਿੰਗ ਪਏ ਹਨ ਉਹਨਾਂ ਨੂੰ ਵੀ ਪੂਰਾ ਕਰ ਦਿੱਤਾ ਜਾਵੇਗਾ। ਇਸ ਮੌਕੇ ਜਗਜੀਤ ਜੱਗੀ ਨੇ ਕਿਹਾ ਕਿ ਹੁਣ ਸਾਡੇ ਕੰਮ ਬੋਲਣਗੇ। ਇਸ ਮੌਕੇ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਨੇ ਕਿਹਾ ਕਿ ਕੁਝ ਕਾਰਨਾਂ ਕਰਕੇ ਜਗਰਾਉਂ ਅੰਦਰ ਵਿਕਾਸ ਨਹੀਂ ਹੋ ਰਿਹਾ ਸੀ ਪਰ ਹੁਣ ਤੁਹਾਨੂੰ ਕੁਝ ਦਿਨਾਂ ਵਿੱਚ ਹੀ ਜਗਰਾਉਂ ਦੀ ਜਗਰਾਉਂ ਦੀ ਤਸਵੀਰ ਬਦਲਦੀ ਵਿਖਾਈ ਦੇਵੇਗੀ।

# ਤੇਜ ਰਫਤਾਰ ਤੇ ਲਾਪਰਵਾਹੀ ਲੈ ਰਹੀ ਹੈ ਜਾਨਾਂ : ਦੀਪਕ ਸ਼ਰਮਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਦੇਸ਼ ਵਿਚ ਸੜਕ ਹਾਦਸਿਆਂ ਕਾਰਨ ਹੋ ਰਹੀਆਂ ਲਗਾਤਾਰ ਮੌਤਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਦੀਪਕ ਸ਼ਰਮਾ ਸੰਸਥਾਪਕ ਮਯੰਕ ਫਾਊਂਡੇਸ਼ਨ ਅਤੇ ਮੈਂਬਰ, ਪੰਜਾਬ ਰਾਜ ਰੋਡ ਸੇਫਟੀ ਐਡਵਾਈਜ਼ਰੀ ਕਮੇਟੀ ਨੇ ਕਿਹਾ ਕਿ ਓਵਰ-ਸਪੀਡਿੰਗ ਅਤੇ ਲਾਪਰਵਾਹੀ ਨਾਲ ਵਾਹਨ ਚਲਾਉਣਾ ਅੱਜ ਭਾਰਤ ਵਿੱਚ ਨੌਜਵਾਨਾਂ ਦੀ ਮੌਤ ਦਾ ਸਭ ਤੋਂ ਵੱਡਾ ਕਾਰਨ ਬਣ ਚੁੱਕਾ ਹੈ। ਦੀਪਕ ਸ਼ਰਮਾ ਨੇ ਇਹ ਵਿਚਾਰ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੇ ਮੌਕੇ 'ਤੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਪ੍ਰਭਾਵਸ਼ਾਲੀ ਕਦਮ ਨਾ ਚੁੱਕੇ ਗਏ, ਤਾਂ ਆਉਣ ਵਾਲੇ ਸਾਲਾਂ ਵਿਚ ਇਹ ਸਥਿਤੀ ਹੋਰ ਵੀ ਭਿਆਨਕ ਰੂਪ ਧਾਰ ਸਕਦੀ ਹੈ। ਅੰਕੜਿਆਂ ਅਨੁਸਾਰ ਭਾਰਤ ਵਿਚ ਹਰ ਸਾਲ 4.6 ਲੱਖ ਤੋਂ ਵੱਧ ਸੜਕ ਹਾਦਸੇ ਵਾਪਰਦੇ ਹਨ, ਜਿਨ੍ਹਾਂ ਵਿਚ 1.7 ਲੱਖ ਤੋਂ ਵੱਧ ਲੋਕ ਆਪਣੀ ਜਾਨ ਗੁਆ ਬੈਠਦੇ ਹਨ। ਇਨ੍ਹਾਂ ਵਿੱਚੋਂ ਲਗਭਗ 70 ਫੀਸਦੀ ਮੌਤਾਂ ਦਾ ਮੁੱਖ ਕਾਰਨ ਤੇਜ ਰਫਤਾਰ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇਨ੍ਹਾਂ ਹਾਦਸਿਆਂ ਵਿਚ 18 ਤੋਂ 35 ਸਾਲ ਦੀ ਉਮਰ ਵਰਗ ਦੇ ਨੌਜਵਾਨ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਹੈਲਮੈਟ ਅਤੇ ਸੀਟ ਬੈਲਟ ਦੀ ਵਰਤੋਂ ਨਾ ਕਰਨ ਕਾਰਨ ਹਰ ਸਾਲ ਹਜ਼ਾਰਾਂ ਕੀਮਤੀ ਜਾਨਾਂ ਜਾ ਰਹੀਆਂ ਹਨ।




# ਫਿਰੋਜ਼ਪੁਰ ਪੁਲਸ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਿਲੀ ਵੱਡੀ ਸਫਲਤਾ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)** ਪੰਜਾਬ ਸਰਕਾਰ ਅਤੇ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਅੰਦਰ ਨਸ਼ਿਆਂ ਦੇ ਖਾਤਮੇ, ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ "ਯੁੱਧ ਨਸ਼ਿਆ ਵਿਰੁੱਧ" ਮੁਹਿੰਮ ਤਹਿਤ ਪ੍ਰਭਾਵੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਲੜੀ ਵਿਚ ਜ਼ਿਲ੍ਹਾ ਪੁਲਿਸ ਦੁਆਰਾ ਜ਼ਿਲ੍ਹਾ ਦੇ ਸਮੂਹ ਗਜਟਿਡ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ 'ਚ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਖੇਤਰ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ। ਇਸ ਮੁਹਿੰਮ ਤਹਿਤ ਇੰਸਪੈਕਟਰ ਮੋਹਿਤ ਧਵਨ ਇੰਚਾਰਜ਼ ਸੀ ਆਈ ਏ ਫਿਰੋਜ਼ਪੁਰ ਦੀ ਟੀਮ ਨੇ ਜਸਵੀਰ ਸਿੰਘ ਨੂੰ ਕਾਬੂ ਕਰਕੇ 4 ਕਿੱਲੋ 479 ਗ੍ਰਾਮ ਹੈਰੋਇਨ ਬਰਾਮਦ ਕੀਤੀ ਜਦ ਕਿ ਦੂਸਰਾ ਦੋਸ਼ੀ ਫਰਾਰ ਹੋ ਗਿਆ। ਇਸੇ ਮੁਹਿੰਮ ਤਹਿਤ ਏ ਐਸ ਆਈ ਜਗਦੀਪ ਸਿੰਘ, ਥਾਣਾ ਮਖੂ ਦੀ ਟੀਮ ਵੱਲੋਂ 1 ਕਿੱਲੋ 500 ਗ੍ਰਾਮ ਹੈਰੋਇਨ ਬਰਾਮਦ ਕਰਕੇ ਪ੍ਰਭਸਿਮਰਨ ਸਿੰਘ ਉਰਫ ਸਿਮਨ ਪੁੱਤਰ ਸੁਖਵਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਉਰਫ ਚਾਨਣ ਪੁੱਤਰ ਦਿਦਾਰ ਸਿੰਘ ਵਾਸੀਆਨ ਲਾਲਚੀਆ ਉਰਫ ਚੱਕ ਮੋਬੀਆ ਹਾਰਦੋ ਢੰਡੀ ਥਾਣਾ ਲੱਖੋ ਕੇ ਬਹਿਰਾਮ, ਜ਼ਿਲ੍ਹਾ ਫਿਰੋਜ਼ਪੁਰ ਨੂੰ ਗ੍ਰਿਫਤਾਰ ਕੀਤਾ ਗਿਆ। ਤਫਤੀਸ਼ ਦੌਰਾਨ ਦੋਸ਼ੀਆਂ ਦੀ ਨਿਸ਼ਾਨਦੇਹੀ 'ਤੇ ਪਿੰਡ ਰਾਜਾਰਾਏ, ਥਾਣਾ ਲੱਖੋ ਕੇ ਬਹਿਰਾਮ ਤੋਂ 01 ਕਿੱਲੋ 37 ਗ੍ਰਾਮ ਹੈਰੋਇਨ ਹੋਰ ਬ੍ਰਾਮਦ ਕੀਤੀ ਗਈ।

# ਸ਼ਿਵਾਲਿਕ ਦੇ ਵਿਦਿਆਰਥੀਆਂ ਕੇਸਟੋਬਾਲ ਮੁਕਾਬਲਾ ਜਿੱਤਿਆ

**ਜਲਾਲਾਬਾਦ (ਜੀਤ ਕੁਮਾਰ)**- ਸ਼ਿਵਾਲਿਕ ਪਬਲਿਕ ਸਕੂਲ ਫਲੀਆਂਵਾਲਾ ਦੇ 12ਵੀਂ ਜਮਾਤ ਦੇ ਦੋ ਵਿਦਿਆਰਥੀ ਆਜ਼ਾਦ ਵਿਜੇ ਸਿੰਘ ਤੇ ਲਵਪ੍ਰੀਤ ਸਿੰਘ ਨੇ ਰਾਸ਼ਟਰੀ ਪੱਧਰ 'ਤੇ ਫਤਿਹਗੰਜ ਵੈਸਟ ਵਿਖੇ ਕੇਸਟੋਬਾਲ ਮੁਕਾਬਲਾ ਜਿੱਤਿਆ। ਦੋਵਾਂ ਵਿਦਿਆਰਥੀਆਂ ਨੂੰ ਸੋਨੇ ਦੇ ਤਮਗੇ ਤੇ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਜਾਣਕਾਰੀ ਅਨੁਸਾਰ ਦੇਸ਼ ਭਰ ਦੇ ਕਈ ਸਕੂਲਾਂ ਦੇ ਭਾਗੀਦਾਰਾਂ ਨੇ ਇਸ ਵੱਕਾਰੀ ਮੁਕਾਬਲੇ ਵਿੱਚ ਹਿੱਸਾ ਲਿਆ। ਦੋਵਾਂ ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਆਪਣੀ ਮਿਹਨਤ, ਅਨੁਸ਼ਾਸਨ ਤੇ ਸ਼ਾਨਦਾਰ ਯੋਗਤਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਫਾਈਨਲ ਮੈਚ ਜਿੱਤੇ। ਸਕੂਲ ਦੇ ਚੇਅਰਮੈਨ ਅਰਜਿੰਦਰ ਕੰਬੋਜ, ਸਕੂਲ ਪ੍ਰਬੰਧਨ ਕਮੇਟੀ, ਪ੍ਰਿੰਸੀਪਲ ਸ਼੍ਰੀਮਤੀ ਸ਼ਗੁਫਤਾ ਸ਼ਰਮਾ ਤੇ ਸਮੁੱਚੇ ਸਟਾਫ ਨੇ ਦੋਵਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਮਹੱਤਵਪੂਰਨ ਪ੍ਰਾਪਤੀ 'ਤੇ ਦਿਲੋਂ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸ਼ਗੁਫਤਾ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੇ ਵਿਦਿਆਰਥੀਆਂ ਨੇ ਨਾ ਸਿਰਫ਼ ਖੇਡ ਭਾਵਨਾ ਵਿੱਚ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਹੈ, ਸਗੋਂ ਟੀਮ ਭਾਵਨਾ, ਸਮਰਪਣ ਤੇ ਆਤਮ-ਵਿਸ਼ਵਾਸ ਦਾ ਵੀ ਪ੍ਰਦਰਸ਼ਨ ਕੀਤਾ ਹੈ। ਅਸੀਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ। ਸਕੂਲ ਚੇਅਰਮੈਨ ਅਰਜਿੰਦਰ ਕੰਬੋਜ ਨੇ ਕਿਹਾ ਕਿ ਸਾਨੂੰ ਆਪਣੇ ਵਿਦਿਆਰਥੀਆਂ 'ਤੇ ਮਾਣ ਹੈ। ਸਕੂਲ ਪ੍ਰਬੰਧਨ ਕਮੇਟੀ, ਅਧਿਆਪਕਾਂ ਤੇ ਮਾਪਿਆਂ ਨੇ ਵਿਦਿਆਰਥੀਆਂ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।



# ਜੱਚਾ-ਬੱਚਾ ਹਸਪਤਾਲ ਦੇ ਅਧੂਰੇ ਕੰਮ ਨੂੰ ਮੁਕੰਮਲ ਕਰਨ ਸੰਬੰਧੀ ਮੀਟਿੰਗ

**ਤਲਵੰਡੀ ਸਾਬੋ (ਜਗਦੀਪ ਗਿੱਲ)**- ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਵੱਲੋਂ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੀ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨਾਲ ਜੱਚਾ ਬੱਚਾ ਹਸਪਤਾਲ ਦੇ ਬਾਕੀ ਰਹਿ ਗਏ ਕੰਮ ਨੂੰ ਤੇਜ਼ੀ ਨਾਲ ਮੁਕੰਮਲ ਕਰਕੇ ਉਸ ਦਾ ਜਲਦ ਉਦਘਾਟਨ ਕਰਨ ਸਬੰਧੀ ਅਧਿਕਾਰਿਤ ਮੀਟਿੰਗ ਕੀਤੀ ਗਈ।ਇਸ ਦੌਰਾਨ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਨਾਲ ਵੀ ਗੱਲਬਾਤ ਕਰਕੇ ਮਹਿਲਾ ਅਤੇ ਬਾਲ ਕਲਿਆਣ ਹਸਪਤਾਲ ਦੇ ਲੰਬਿਤ ਕੰਮਾਂ ਬਾਰੇ ਜਾਣਕਾਰੀ ਲਈ ਅਤੇ ਉਨ੍ਹਾਂ ਨੂੰ ਤੁਰੰਤ ਪੂਰਾ ਕਰਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਮੀਟਿੰਗ ਦੌਰਾਨ ਤਲਵੰਡੀ ਸਾਬੋ ਵਿੱਚ ਨਸ਼ਾ ਛੁਡਾਊ ਕੇਂਦਰ ਨੂੰ ਮੁੜ ਚਾਲੂ ਕਰਨ ਸਬੰਧੀ ਮਾਮਲੇ 'ਤੇ ਵੀ ਵਿਚਾਰ ਕੀਤਾ ਗਿਆ ਅਤੇ ਇਸ ਨੂੰ ਜਲਦ ਤੋਂ ਜਲਦ ਮੁੜ ਕਾਰਜਸ਼ੀਲ ਬਣਾਉਣ ਲਈ ਸੰਬੰਧਿਤ ਵਿਭਾਗਾਂ ਨਾਲ ਤਾਲਮੇਲ ਕਰਨ ਉੱਤੇ ਸਹਿਮਤੀ ਬਣੀ।ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਹਲਕੇ ਦੇ ਲੋਕਾਂ ਨੂੰ ਗੁਣਵੱਤਾਪੂਰਣ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ ਅਤੇ ਇਸ ਸਬੰਧੀ ਚੱਲ ਰਹੇ ਪ੍ਰਾਜੈਕਟਾਂ ਵਿੱਚ ਕਿਸੇ ਵੀ ਕਿਸਮ ਦੀ ਢਿੱਲ ਨਹੀਂ ਆਉਣ ਦਿੱਤੀ ਜਾਵੇਗੀ।



# ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਵੱਲੋਂ ਨਵੇਂ ਸਾਲ ਦਾ ਕਲੰਡਰ ਜਾਰੀ



**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)** ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਪੰਜਾਬ ਬ੍ਰਾਂਚ ਮਾਨਸਾ ਵਲੋਂ ਇੱਕ ਅਹਿਮ ਮੀਟਿੰਗ ਦੌਰਾਨ ਸਾਲ 2026 ਦਾ ਕਲੰਡਰ ਜਾਰੀ ਕੀਤਾ ਗਿਆ। ਜੱਥੇਬੰਦੀ ਦੇ ਪ੍ਰੈਸ ਸਕੱਤਰ ਬਾਬੂ ਸਿੰਘ ਫਤਿਹਪੁਰ ਨੇ ਦੱਸਿਆ ਕਿ ਮੀਟਿੰਗ 'ਚ ਵਿਭਾਗ ਵਲੋਂ ਜਲ ਸਪਲਾਈ ਨੂੰ ਪੰਚਾਇਤਾਂ ਹਵਾਲੇ ਕਰਨ ਦੀ ਵੱਖ ਵੱਖ ਬੁਲਾਰਿਆਂ ਵਲੋਂ ਪੁਰਜ਼ੋਰ ਨਿਖੇਧੀ ਕਰਦਿਆਂ ਬ੍ਰਾਂਚ ਪ੍ਰਧਾਨ ਇੰਦਰਜੀਤ ਸਿੰਘ ਗੋਗੀ ਅਤੇ ਜਨਰਲ ਸਕੱਤਰ ਭੂਸ਼ਨ ਕੁਮਾਰ ਗੋਇਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਲ ਘਰਾਂ ਦਾ ਪੰਚਾਇਤੀਕਰਨ ਕਰਨਾ ਬੰਦ ਕੀਤਾ ਜਾਵੇ। ਇਹਨਾਂ ਦਾ ਪ੍ਰਬੰਧ ਸਰਕਾਰ ਆਪਣੇ ਕੋਲ ਰੱਖੇ। ਇਸੇ ਤਰ੍ਹਾਂ ਸੇਵਾ ਮੁਕਤ ਹੋ ਰਹੇ ਫੀਲਡ ਕਰਮਚਾਰੀਆਂ ਦੀਆਂ ਖਾਲੀ ਹੋ ਰਹੀਆਂ ਅਸਾਮੀਆਂ 'ਤੇ ਪੱਕੀ ਭਰਤੀ ਸ਼ੁਰੂ ਕੀਤੀ ਜਾਵੇ। ਕਲੰਡਰ ਜਾਰੀ ਕਰਨ ਸਮੇਂ ਵਾਈਸ ਚੇਅਰਮੈਨ ਰਮੇਸ਼ਵਰ ਝੰਡਾ ਖੁਰਦ,ਵਿੱਤ ਸਕੱਤਰ ਜਗਦੇਵ ਸਿੰਘ ਮੀਰਪੁਰ,ਸਹਾਇਕ ਵਿੱਤ ਸਕੱਤਰ ਦੀਪਕ ਕੁਮਾਰ ਸਰਦੂਲਗੜ੍ਹ,ਸੀਨੀਅਰ ਮੀਤ ਪ੍ਰਧਾਨ ਬੋਘ ਸਿੰਘ ਫਫੜੇ,ਮੀਤ ਪ੍ਰਧਾਨ ਕ੍ਰਿਸ਼ਨ ਜੀਤ ਰੋੜਕੀ ਆਦਿ ਆਗੂ ਵੀ ਹਾਜ਼ਰ ਸਨ।

# ਖੂਨਦਾਨ ਕੈਂਪ 'ਚ 18 ਯੂਨਿਟ ਖੂਨਦਾਨ




**ਪਟਿਆਲਾ (ਬਿੰਦ ਰਾਜਿੰਦਰ)**- ਮਨੁੱਖਤਾ ਦੇ ਭਲੇ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਦੀ 17ਵੀਂ ਵਰ੍ਹੇ ਗੰਢ ਅਤੇ ਰਾਸ਼ਟਰੀ ਯੁਵਾ ਦਿਵਸ ਨੂੰ ਸਮਰਪਿਤ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਚ 338ਵਾਂ ਰੈਗੂਲਰ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਰਸਮੀ ਉਦਘਾਟਨ ਕਰਨ ਕੁਮਾਰ ਪਟਿਆਲਾ ਨੇ 19 ਵੇਂ ਸਾਲ ਦੀ ਉਮਰ ਵਿਚ ਪਹਿਲੀ ਵਾਰ ਖੂਨਦਾਨ ਕਰਕੇ ਕੀਤਾ, ਜਦੋਂ ਕਿ ਸੁਖਜੀਤ ਸਿੰਘ ਬਸੰਤਪੁਰਾ ਨੇ 34ਵੀਂ ਵਾਰ, ਦਵਿੰਦਰ ਸਿੰਘ ਸਨੌਰ 20ਵੀਂ ਵਾਰ, ਪਰਦੀਪ ਸਿੰਘ ਦੌਣ ਕਲਾਂ ਨੇ 18ਵੀਂ ਵਾਰ, ਤਰੁਨਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਮਲਾ ਤੋਂ ਆ ਕੇ 15ਵੀਂ ਵਾਰ ਤੇ ਇੰਦਰਜੀਤ ਸਿੰਘ ਪਟਿਆਲਾ ਨੇ 12ਵੀਂ ਵਾਰ, ਸਾਬਕਾ ਸੂਬੇਦਾਰ ਗੁਰਵਿੰਦਰ ਸਿੰਘ ਕੁਲਾਰਾਂ, ਜਗਤਾਰ ਗਿਰ ਸ਼ੇਖੂਪੁਰ, ਇੰਜੀਨੀਅਰ ਨਵਜੋਤ ਸਿੰਘ, ਭੁਪਿੰਦਰ ਸਿੰਘ ਉੱਪਲੀ, ਸੁਰਜੀਤ ਸਿੰਘ ਪਰੌੜ, ਠੇਕੇਦਾਰ ਸਤਪਾਲ ਸਿੰਘ ਸਨੌਰ, ਮਨਜੀਤ ਸਿੰਘ ਪੰਜੋਲਾ, ਕਰਮਾ ਤੇ ਅਮਨਪ੍ਰੀਤ ਸਿੰਘ ਖਰਾਬਗੜ੍ਹ ਸਮੇਤ 18 ਵਲੰਟੀਅਰਾਂ ਨੇ ਖੂਨਦਾਨ ਕੀਤਾ। ਖੂਨਦਾਨੀਆਂ ਨੂੰ ਸਰਟੀਫਿਕੇਟ ਤੇ ਮਫਲਰ ਦੇ ਕੇ ਸਨਮਾਨਤ ਕਰਦਿਆਂ ਗੋਲਡਨ ਸਟਾਰ ਬਲੱਡ ਡੋਨਰ ਐਵਾਰਡ ਨਾਲ ਸਨਮਾਨਤ ਸਾਬਕਾ ਡੀ. ਐਸ. ਪੀ. ਨਾਹਰ ਸਿੰਘ ਮਾਜਰੀ ਨੇ ਕਿਹਾ ਕਿ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਪਿਛਲੇ ਸਾਢੇ 13 ਸਾਲਾਂ ਤੋਂ ਲਗਾਤਾਰ ਖੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਲਖਵਿੰਦਰ ਸਿੰਘ ਬਡਲਾ, ਦਵਿੰਦਰ ਸਿੰਘ ਨਰਮਾਣਾ, ਮੈਡਮ ਰੁਚੀ ਮਹਿਤਾ ਸ਼ਿਮਲਾ, ਮਨਵਿੰਦਰ ਸਿੰਘ ਮਨੀ ਟੌਹੜਾ, ਦਰਸ਼ਨ ਸਿੰਘ ਨੀਲਪੁਰ, ਭਾਈ ਜਰਨੈਲ ਸਿੰਘ ਝੰਡੀ ਤੇ ਕਿਰਪਾਲ ਸਿੰਘ ਪੰਜੋਲਾ ਵੀ ਹਾਜ਼ਰ ਸਨ।

# ਨਗਰ ਕੌਂਸਲ ਫਿਰੋਜ਼ਪੁਰ ਵੱਲੋਂ ਵਿਸ਼ੇਸ਼ ਸਫਾਈ ਪੰਦਰਵਾੜਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸਥਾਨਕ ਸਰਕਾਰਾਂ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਦੀ ਅਗਵਾਈ ਹੇਠ ਨਗਰ ਕੌਂਸਲ ਫਿਰੋਜ਼ਪੁਰ ਵੱਲੋਂ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਇਕ ਵਿਸ਼ੇਸ਼ "ਸਫਾਈ ਪੰਦਰਵਾੜੇ" ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਸਪੈਸ਼ਲ ਮੁਹਿੰਮ 19 ਜਨਵਰੀ ਤੋਂ 9 ਫਰਵਰੀ 2026 ਤੱਕ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਚਲਾਈ ਜਾਵੇਗੀ। ਨਗਰ ਕੌਂਸਲ ਦੀ ਕਾਰਜ ਸਾਧਕ ਅਫਸਰ ਪੂਨਮ ਭਟਨਾਗਰ ਅਤੇ ਸੁਪਰਡੈਂਟ (ਸੈਨੀਟੇਸ਼ਨ) ਸੁਖਪਾਲ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਇਲਾਕੇ ਵਿੱਚੋਂ ਮਿੱਟੀ, ਗਾਰਬੇਜ਼ ਅਤੇ ਮਲਬਾ ਚੁੱਕ ਕੇ ਜੀ ਵੀ ਪੀ ਪੁਆਇੰਟਾਂ ਦਾ ਸੁੰਦਰੀਕਰਨ ਕੀਤਾ ਜਾਵੇਗਾ। ਸੀਵਰੇਜ ਜਾਂ ਬਰਸਾਤੀ ਨਾਲਿਆਂ ਦੀ ਬਲਾਕੇਜ ਨੂੰ ਤੁਰੰਤ ਖੋਲ੍ਹਿਆ ਜਾਵੇਗਾ, ਬੰਦ ਪਈਆਂ ਸਟਰੀਟ ਲਾਈਟਾਂ ਦੀ ਸ਼ਿਕਾਇਤ ਦਾ ਮੌਕੇ 'ਤੇ ਨਿਪਟਾਰਾ ਹੋਵੇਗਾ, ਸੜਕਾਂ 'ਤੇ ਦੁਕਾਨਦਾਰਾਂ ਵੱਲੋਂ ਰੱਖੇ ਨਜਾਇਜ਼ ਸਾਮਾਨ ਅਤੇ ਕਬਜ਼ੇ ਨੂੰ ਹਟਾਇਆ ਜਾਵੇਗਾ। ਸ਼ਹਿਰ ਦੀ ਦਿੱਖ ਵਿਗਾੜਨ ਵਾਲੇ ਨਜਾਇਜ਼ ਹੋਰਡਿੰਗ ਬੋਰਡ ਅਤੇ ਫਲੈਕਸ ਬੈਨਰ ਤੁਰੰਤ ਉਤਾਰੇ ਜਾਣਗੇ। ਮੁਹਿੰਮ ਦੇ ਪਹਿਲੇ ਦਿਨ ਦਿੱਲੀ ਗੇਟ ਤੋਂ ਜ਼ੀਰਾ ਗੇਟ ਤੱਕ ਦੋਵਾਂ ਪਾਸਿਆਂ ਦੀ ਵਿਸ਼ੇਸ਼ ਸਫਾਈ ਕੀਤੀ ਗਈ। ਇਸ ਮੌਕੇ ਕਾਰਜ ਸਾਧਕ ਅਫਸਰ ਪੂਨਮ ਭਟਨਾਗਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਫਿਰੋਜ਼ਪੁਰ ਨੂੰ ਨੰਬਰ-1 ਬਣਾਉਣ ਲਈ ਨਗਰ ਕੌਂਸਲ ਦਾ ਸਹਿਯੋਗ ਕਰਨ। ਇਸ ਮੁਹਿੰਮ ਦੌਰਾਨ ਸੈਨਟਰੀ ਇੰਸਪੈਕਟਰ ਰੁਸਤਮ ਸ਼ੇਰ ਸਿੰਘ ਸੋਢੀ, ਪ੍ਰੋਗਰਾਮ ਕੋਆਰਡੀਨੇਟਰ ਗੁਰਦੇਵ ਸਿੰਘ, ਸਿਮਰਨਜੀਤ ਸਿੰਘ, ਸੁਮਨ ਰਾਈ, ਸਫਾਈ ਮੇਟ ਅਮਰ ਭੱਟੀ, ਰਾਜੇਸ਼ ਕੁਮਾਰ ਅਤੇ ਹੋਰ ਕਰਮਚਾਰੀ ਮੌਜੂਦ ਸਨ।



# ਸੈਮੀਨਾਰ ਕਰਕੇ ਐੱਚ ਆਈ ਵੀ/ ਏਡਜ਼ ਸੰਬੰਧੀ ਕੀਤਾ ਜਾਗਰੂਕ

**ਪਟਿਆਲਾ (ਰਾਜਿੰਦਰ ਥਿੰਦ)**- ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਰਾਸ਼ਟਰੀ ਯੁਵਾ ਦਿਵਸ ਨੂੰ ਸਪਰਪਿਤ ਜ਼ਿਲ੍ਹਾ ਪੱਧਰੀ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਡਾ. ਜਤਿੰਦਰ ਕਾਂਸਲ ਡਿਪਟੀ ਸੀ.ਈ.ਓ ਰਾਜ ਸਿਹਤ ਸੰਸਥਾ ਪੰਜਾਬ ਵਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਦੱਸਿਆ ਕਿ ਰਾਜ ਸਰਕਾਰ ਐੱਚ.ਆਈ. ਵੀ./ ਏਡਜ਼ ਦੇ ਇਲਾਜ ਤੇ ਬਚਾਅ ਨੂੰ ਲੈ ਕੇ ਕਾਫੀ ਗੰਭੀਰ ਹੈ ਅਤੇ ਲਗਾਤਾਰ ਇਸ ਬਿਮਾਰੀ ਦੀ ਰੋਕਥਾਮ ਲਈ ਵੱਖ ਵੱਖ ਜਾਗਰੂਕਤਾ ਮੁਹਿੰਮਾਂ ਰਾਹੀਂ ਆਮ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ । ਇਸ ਮੌਕੇ ਡਾ. ਰਾਮਿੰਦਰਪਾਲ ਸਿੰਘ ਸਿਬੀਆ ਡਾਇਰੈਕਟਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਰਾਜਿੰਦਰਾ ਹਸਪਤਾਲ ਵਿੱਚ ਐੱਚ.ਆਈ.ਵੀ./ ਏਡਜ਼ ਦੀ ਟੈਸਟਿੰਗ ਲਈ ਦੋ ਆਈ.ਸੀ.ਟੀ.ਸੀ ਕੇਂਦਰ ਅਤੇ ਇਸ ਬਿਮਾਰੀ ਤੋਂ ਪੀੜਤ ਲਗਭਗ 6000 ਮਰੀਜ਼ਾਂ ਨੂੰ ਏ.ਆਰ.ਟੀ ਕੇਂਦਰ ਵੱਲੋਂ ਬਹੁਤ ਹੀ ਤਨਦੇਹੀ ਨਾਲ ਇਲਾਜ ਸੰਬੰਧੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਐੱਚ.ਆਈ.ਵੀ./ ਏਡਜ਼ ਫ਼ੈਲਾਅ ਦੇ ਕਾਰਨਾਂ ਸੰਬੰਧੀ ਵਿਸ਼ਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ ਅਤੇ ਨਾਲ ਹੀ ਦਿਸ਼ਾ ਕਲੱਸਟਰ ਪੀ.ਐਸ.ਏ.ਸੀ.ਐਸ ਪਟਿਆਲਾ ਦੀ ਪੂਰੀ ਟੀਮ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ਭਵਿੱਖ ਦੌਰਾਨ ਅਜਿਹੇ ਸੈਮੀਨਾਰ ਜ਼ਿਲ੍ਹਾ ਪਟਿਆਲਾ ਦੇ ਵੱਖ ਵੱਖ ਸਿਹਤ ਅਤੇ ਸਿੱਖਿਆ ਸੰਸਥਾਵਾਂ ਵਿੱਚ ਕਰਨ ਲਈ ਪ੍ਰੇਰਿਤ ਕੀਤਾ ਗਿਆ । ਜ਼ਿਲ੍ਹਾ ਏਡਜ਼ ਤੇ ਟੀ.ਬੀ ਕੰਟਰੋਲ ਅਫ਼ਸਰ ਪਟਿਆਲਾ ਡਾ.ਗੁਰਪ੍ਰੀਤ ਸਿੰਘ ਨਾਗਰਾ ਵੱਲੋਂ ਇਸ ਪ੍ਰੋਗਰਾਮ ਵਿੱਚ ਹਾਜ਼ਿਰ ਹੋਏ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਅਤੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਅਤੇ ਰਾਜਿੰਦਰਾ ਹਸਪਤਾਲ ਵਿੱਚ ਐੱਚ.ਆਈ. ਵੀ./ ਏਡਜ਼ ਦੀ ਟੈਸਟਿੰਗ, ਇਲਾਜ ਸਬੰਧੀ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਬਤ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਡਾ.ਵਿਸ਼ਾਲ ਚੋਪੜਾ ਮੈਡੀਕਲ ਸੁਪਰਡੈਂਟ ਰਾਜਿੰਦਰਾ ਹਸਪਤਾਲ ਪਟਿਆਲਾ, ਡਾ.ਰਾਜਨ ਸਿੰਗਲਾ, ਡਾ.ਅਕਾਸ਼ ਬੱਤਰਾ, ਯਾਦਵਿੰਦਰ ਸਿੰਘ ਵਿਰਕ ਕਲੱਸਟਰ ਪ੍ਰੋਗਰਾਮ ਮੈਨੇਜਰ, ਨਿਤਿਨ ਚਾਂਦਲਾਂ ਕਲੀਨੀਕਲ ਸਰਵਿਸ ਅਫ਼ਸਰ, ਜਸਪ੍ਰੀਤ ਸਿੰਘ ਸੰਧੂ ਕਲੱਸਟਰ ਰੋਕਥਾਮ ਅਫ਼ਸਰ, ਡਾ. ਅਮਨਦੀਪ ਕੌਰ ਦਿਸ਼ਾ ਕਲੱਸਟਰ ਪਟਿਆਲਾ ਅਤੇ ਸ਼੍ਰੀਮਤੀ ਕੁਲਬੀਰ ਕੌਰ ਜ਼ਿਲਾ ਮਾਸ ਮੀਡਿਆ ਅਫਸਰ ਅਤੇ ਸਤਨਾਮ ਸਿੰਘ ਪੀ ਏ ਡਾਇਰੈਕਟਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਹਾਜ਼ਰ ਸਨ।



# ਸਰਹੱਦ ਪਾਰੋਂ ਹਥਿਆਰ ਮੰਗਵਾਉਣ ਵਾਲੇ ਦੋ ਮੁਲਜ਼ਮ ਕਾਬੂ, ਛੇ ਪਿਸਤੌਲ ਬਰਾਮਦ

ਛੇਹਰਟਾ, (ਮਨੋਜ ਕੁਮਾਰ) : ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਦੋ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰਕੇ ਪਾਕਿਸਤਾਨ ਅਧਾਰਕ ਤਸਕਰਾਂ ਨਾਲ ਜੁੜੇ ਸਰਹੱਦ ਪਾਰੋਂ ਚਲਾਏ ਜਾ ਰਹੇ ਗੈਰ-ਕਾਨੂੰਨੀ ਹਥਿਆਰਾਂ ਦੇ ਮਾਡਿਊਲ ਦਾ ਪਰਦਾਫਾਸ਼ ਕਰਦੇ ਹੋਏ ਛੇ ਆਧੁਨਿਕ ਪਿਸਤੌਲ ਬਰਾਮਦ ਕੀਤੇ ਹਨ। ਇਹ ਜਾਣਕਾਰੀ ਦਿੰਦੇ ਹੋਏ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਗੋਪੀ (22) ਵਾਸੀ ਪਿੰਡ ਰੱਤੋਕੇ, ਤਰਨਤਾਰਨ ਤੇ ਸੁਰਜੀਤ ਸਿੰਘ (35) ਵਾਸੀ ਚੇਲਾ ਕਲੋਨੀ, ਤਰਨਤਾਰਨ ਵਜੋਂ ਹੋਈ ਹੈ। ਸੁਰਜੀਤ ਸਿੰਘ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਤੇ ਉਸ ਵਿਰੁੱਧ ਐਨਡੀਪੀਐੱਸ ਐਕਟ ਸਮੇਤ ਕਈ ਮਾਮਲੇ ਦਰਜ ਹਨ। ਬਰਾਮਦ ਕੀਤੇ ਗਏ ਹਥਿਆਰਾਂ ਵਿਚ ਦੋ ਜ਼ਿੰਦਾ ਕਾਰਤੂਸਾਂ ਸਮੇਤ ਦੋ 9 ਐੱਮਐੱਮ ਗਲੌਕ ਪਿਸਤੌਲ ਤੇ ਚਾਰ .30 ਬੋਰ ਪਿਸਤੌਲ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ਹੇਠ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਤੇ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰਨ ਵਿਚ ਸ਼ਾਮਲ ਸਨ। ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਗੁਰਪ੍ਰੀਤ ਉਰਫ਼ ਗੋਪੀ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਦੇ ਕਬਜ਼ੇ ਵਿਚੋਂ ਦੋ ਜ਼ਿੰਦਾ ਕਾਰਤੂਸਾਂ ਸਮੇਤ ਤਿੰਨ .30 ਬੋਰ ਪਿਸਤੌਲ ਤੇ ਇਕ ਗਲੌਕ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਗੁਰਪ੍ਰੀਤ ਉਰਫ਼ ਗੋਪੀ ਦੇ ਖੁਲਾਸਿਆਂ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਉਸਦੇ ਸਾਥੀ ਸੁਰਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ ਅਤੇ ਉਸਦੇ ਕਬਜ਼ੇ ਵਿਚੋਂ ਇਕ ਗਲੌਕ ਤੇ ਇਕ .30 ਬੋਰ ਬਰਾਮਦ ਕੀਤਾ ਹੈ। ਉਨ੍ਹਾਂ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਸੁਰਜੀਤ ਸਿੰਘ ਵੱਖ-ਵੱਖ ਥਾਵਾਂ 'ਤੇ ਗੈਰ-ਕਾਨੂੰਨੀ ਹਥਿਆਰਾਂ ਦੀ ਡਿਲੀਵਰੀ ਵਿਚ ਸਰਗਰਮੀ ਨਾਲ ਸ਼ਾਮਲ ਸੀ। ਉਨ੍ਹਾਂ ਅੱਗੇ ਦੱਸਿਆ ਕਿ ਲਗਾਤਾਰ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਨਾਲ ਸਿੱਧੇ ਸੰਪਰਕ ਵਿਚ ਸਨ ਅਤੇ ਗੈਂਗਸਟਰਾਂ ਨੂੰ ਇਨ੍ਹਾਂ ਹਥਿਆਰਾਂ ਦੀ ਸਪਲਾਈ ਕਰਨ ਲਈ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਪ੍ਰਾਪਤ ਕਰ ਰਹੇ ਸਨ, ਜੋ ਕਿ ਡਰੋਨ ਰਾਹੀਂ ਆ ਰਹੀ ਸੀ। ਇਸ ਸਬੰਧੀ ਕੇਸ ਥਾਣਾ ਇਸਲਾਮਾਬਾਦ, ਅੰਮ੍ਰਿਤਸਰ ਵਿਚ ਦਰਜ ਕੀਤਾ ਗਿਆ ਹੈ।



# ਸਾਂਸਦ ਗੁਰਜੀਤ ਸਿੰਘ ਔਜਲਾ ਵੱਲੋਂ ਸਰਕਾਰੀ ਹਸਪਤਾਲ ਲੋਪੋਕੇ 'ਚ ਹੋਈ ਖੁਦਕੁਸ਼ੀ ਦੇ ਮਾਮਲੇ 'ਚ ਉੱਚ ਪੱਧਰੀ ਜਾਂਚ ਦੀ ਮੰਗ

ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਸਰਕਾਰੀ ਹਸਪਤਾਲਾਂ ਵਿੱਚ ਲਾਪਰਵਾਹੀ ਦੇ ਲੱਗ ਰਹੇ ਗੰਭੀਰ ਦੋਸ਼ਾਂ ਦਾ ਸਖ਼ਤ ਨੋਟਿਸ ਲੈਂਦਿਆਂ ਅੰਮ੍ਰਿਤਸਰ ਦੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਚਿੱਠੀ ਲਿਖ ਕੇ ਲੋਪੋਕੇ ਦੇ ਸਰਕਾਰੀ ਹਸਪਤਾਲ ਵਿੱਚ 13 ਜਨਵਰੀ ਨੂੰ ਵਿਨੋਦ ਕੁਮਾਰ ਨਾਂਅ ਦੇ ਇੱਕ ਨੌਜਵਾਨ ਵੱਲੋਂ ਖੁਦਕੁਸ਼ੀ ਕਰਨ ਦੇ ਮਾਮਲੇ 'ਚ ਉਚ ਪੱਧਰੀ ਜਾਂਚ ਅਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਇਹ ਘਟਨਾ ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਸਿਹਤ ਸੇਵਾਵਾਂ ਦੀ ਹਾਲਤ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਰਹੀ ਹੈ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੂੰ ਲਿਖੀ ਚਿੱਠੀ ਵਿੱਚ ਐੱਮਪੀ ਔਜਲਾ ਨੇ ਵਿਨੋਦ ਕੁਮਾਰ ਪੁੱਤਰ ਸਵ. ਸਰਵਨ ਕੁਮਾਰ ਵਾਸੀ ਪਿੰਡ ਚੋਗਾਵਾਂ (ਅੰਮ੍ਰਿਤਸਰ ਜ਼ਿਲ੍ਹਾ) ਦੀ ਦੁਖਦਾਈ ਮੌਤ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਇਹ ਅਸਲ ਵਿਚ ਇੱਕ ਮੌਤ ਨਹੀਂ ਸਗੋਂ ਸਰਕਾਰੀ ਸਿਹਤ ਸੇਵਾਵਾਂ ਦੀ ਕਾਰਗੁਜ਼ਾਰੀ 'ਤੇ ਇੱਕ ਵੱਡਾ ਸਵਾਲ ਹੈ।ਉਨ੍ਹਾਂ ਕਿਹਾ ਇਹ ਕਿੱਡੀ ਵੱਡੀ ਤ੍ਰਾਸਦੀ ਹੈ ਕਿ ਹਸਪਤਾਲ ਵਿਚ ਕੀਮਤੀ ਜ਼ਿੰਦਗੀ ਨੂੰ ਬਚਾਉਣ ਲਈ ਕੋਈ ਜਾਂਦਾ ਹੈ ਪਰ ਉਸ ਵੱਲੋਂ ਮਾੜੇ ਪ੍ਰਬੰਧਾਂ ਅਤੇ ਘਟੀਆ ਵਿਵਹਾਰ ਤੋਂ ਤੰਗ ਆ ਕਿ ਖ਼ੁਦਕਸ਼ੀ ਕਰ ਲਈ ਜਾਂਦੀ ਹੈ।ਪਰਿਵਾਰਕ ਮੈਂਬਰਾਂ ਦੇ ਅਨੁਸਾਰ ਵਿਨੋਦ ਕੁਮਾਰ ਨੂੰ ਗੰਭੀਰ ਦਰਦ ਅਤੇ ਸਾਹ ਲੈਣ ਵਿੱਚ ਮੁਸ਼ਕਲਾਂ ਹੋ ਰਹੀਆਂ ਸਨ ਪਰ ਹਸਪਤਾਲ ਦੇ ਸਟਾਫ਼ ਨੇ ਲਗਭਗ ਦੋ ਘੰਟੇ ਤੱਕ ਉਸ ਨੂੰ ਬਿਨਾਂ ਇਲਾਜ ਦੇ ਛੱਡ ਦਿੱਤਾ।ਪੀੜ ਨਾ ਸਹਾਰਦਾ ਹੋਇਆ ਉਹ ਮਾਨਸਿਕ ਤੌਰ 'ਤੇ ਇੰਨਾ ਟੁੱਟ ਗਿਆ ਕਿ ਉਸ ਨੇ ਹਸਪਤਾਲ ਦੇ ਮਾੜੇ ਪ੍ਰਬੰਧਾਂ ਤੋਂ ਦੁਖੀ ਹੋ ਕਿ ਅਤੇ ਡਾਕਟਰਾਂ ਦੇ ਸਿਰ ਚੜ੍ਹ ਕੇ ਹਸਪਤਾਲ ਦੇ ਅੰਦਰ ਹੀ ਪਾਣੀ ਵਾਲੀ ਟੈਂਕੀ ਦੇ ਗ੍ਰਿਲ ਨਾਲ ਲਟਕ ਕੇ ਆਪਣੀ ਜਾਨ ਦੇ ਦਿੱਤੀ।ਮਰਹੂਮ ਦੇ ਵੱਡੇ ਭਰਾ ਸੰਜੀਵ ਕੁਮਾਰ ਵੱਲੋਂ ਦਿੱਤੇ ਬਿਆਨ ਅਨੁਸਾਰ ਉਹ ਡਾਕਟਰਾਂ ਦੇ ਵਿਵਹਾਰ ਤੋਂ ਦੁਖੀ ਹੋਇਆ ਕਹਿ ਰਿਹਾ ਸੀ ਕਿ ਮੈਨੂੰ ਬਚਾ ਲਵੋ ਅਤੇ ਜਲਦੀ ਅੰਮ੍ਰਿਤਸਰ ਲੈ ਜਾਓ, ਡਾਕਟਰ ਦੋ ਘੰਟਿਆਂ ਤੋਂ ਮੇਰਾ ਕੋਈ ਇਲਾਜ ਨਹੀਂ ਕਰ ਰਹੇ।ਇਸੇ ਦੌਰਾਨ ਹਸਪਤਾਲ ਸਟਾਫ਼ ਦੇ ਹੋਰ ਮੈਂਬਰ ਉਸ ਵੱਲੋਂ ਅਜਿਹਾ ਬੋਲਣ 'ਤੇ ਉਸ ਦੇ ਦੁਆਲੇ ਹੋ ਗਏ ਤੇ ਇੱਥੋਂ ਤਕ ਕਿਹਾ ਕਿ ਪਹਿਲਾਂ ਤੇਰਾ ਸੰਘ ਹੀ ਨਾ ਪਾੜ ਦਈਏ।ਹਸਪਤਾਲ ਦੇ ਇੱਕ ਹੋਰ ਮੁਲਾਜ਼ਮ ਵੱਲੋਂ ਰੁੱਖੇ ਤਰੀਕੇ ਨਾਲ ਵਿਵਹਾਰ ਕੀਤਾ ਜਾ ਰਿਹਾ ਸੀ ਅਤੇ ਇੱਥੋਂ ਤਕ ਕਿ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਕਿ ਤੈਨੂੰ ਚੁੱਕ ਕੇ ਹਸਪਤਾਲ ਤੋਂ ਬਾਹਰ ਸੁੱਟ ਦੇਣਾ ਹੈ।ਪਰਿਵਾਰ ਵੱਲੋਂ ਅੰਮ੍ਰਿਤਸਰ ਰੈਫਰ ਕਰਨ ਜਾਂ ਸਹੀ ਇਲਾਜ ਦੀ ਮੰਗ ਕੀਤੀ ਗਈ ਪਰ ਕੋਈ ਤੁਰੰਤ ਕਾਰਵਾਈ ਨਹੀਂ ਹੋਈ।ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਦੇ ਸਿਵਲ ਹਸਪਤਾਲ ਵਿੱਚ ਪੋਸਟਮਾਰਟਮ ਹੋਣ ਉਪਰੰਤ 14 ਜਨਵਰੀ ਨੂੰ ਦੁਰਗਿਆਣਾ ਮੰਦਰ ਦੇ ਨੇੜੇ ਸ਼ਿਵ ਪੁਰੀ ਸ਼ਮਸ਼ਾਨਘਾਟ ਵਿੱਚ ਸਸਕਾਰ ਹੋਇਆ।ਔਜਲਾ ਨੇ ਇਸ ਗੱਲ 'ਤੇ ਵੀ ਹੈਰਾਨੀ ਪ੍ਰਗਟਾਈ ਕਿ ਇੱਕ ਹਫਤੇ ਤੋਂ ਉਪਰ ਹੋ ਜਾਣ ਦੇ ਬਾਵਜੂਦ ਥਾਣਾ ਲੋਪੋਕੇ (ਅੰਮ੍ਰਿਤਸਰ ਦਿਹਾਤੀ) ਵੱਲੋਂ ਪਰਿਵਾਰ ਨੂੰ ਕੋਈ ਇਨਸਾਫ਼ ਨਹੀਂ ਦਿੱਤਾ ਜਾ ਰਿਹਾ ਅਤੇ ਨਾ ਹਸਪਤਾਲ ਵਿਚ ਲੱਗੇ ਸੀਸੀਟੀਵੀ ਕੈਮਰੇ ਦੀ ਰਿਕਾਰਡਿੰਗ ਵਿਖਾਉਣ ਵਿਚ ਕੋਈ ਸਹਿਯੋਗ ਕੀਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਇਹ ਦੋਵੇਂ ਤੱਥ ਵੀ ਸਾਰੇ ਦੁਖਦ ਮਾਮਲੇ ਡੂੰਘੇ ਸ਼ੱਕ ਦੇ ਘੇਰੇ ਨੂੰ ਵਧਾਉਂਦੇ ਹਨ।ਐੱਮਪੀ ਔਜਲਾ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਇਹ ਘਟਨਾ ਸਰਕਾਰੀ ਹਸਪਤਾਲ ਲੋਪੋਕੇ ਦੀ ਕਾਰਗੁਜ਼ਾਰੀ, ਜਵਾਬਦੇਹੀ ਅਤੇ ਸੰਵੇਦਨਸ਼ੀਲਤਾ 'ਤੇ ਗੰਭੀਰ ਸਵਾਲ ਉਠਾਉਂਦੀ ਹੈ।ਜੇਕਰ ਸਮੇਂ ਸਿਰ ਮੁੱਢਲੀ ਐਮਰਜੈਂਸੀ ਸੇਵਾ ਮੁਹੱਈਆ ਕਰਵਾਈ ਜਾਂਦੀ ਤਾਂ ਇਹ ਕੀਮਤੀ ਜਾਨ ਬਚਾਈ ਜਾ ਸਕਦੀ ਸੀ।ਉਨ੍ਹਾਂ ਨੇ ਤੁਰੰਤ ਉੱਚ ਪੱਧਰੀ ਜਾਂਚ ਕਰਵਾਉਣ, ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ ਹੈ।ਓਬੀਸੀ ਭਲਾਈ ਸਟੈਂਡਿੰਗ ਕਮੇਟੀ ਅਤੇ ਵਿਦੇਸ਼ ਮੰਤਰਾਲੇ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਐੱਮਪੀ ਔਜਲਾ ਦੀ ਇਸ ਦਖਲਅੰਦਾਜ਼ੀ ਨਾਲ ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਸਿਹਤ ਸਹੂਲਤਾਂ ਦੀ ਖਰਾਬ ਹਾਲਤ ਬਾਰੇ ਵਧਦੀਆਂ ਚਿੰਤਾਵਾਂ ਸਾਹਮਣੇ ਆ ਗਈਆਂ ਹਨ।ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ ਪਰ ਸੂਤਰਾਂ ਅਨੁਸਾਰ ਸਬੰਧਤ ਸਿਹਤ ਵਿਭਾਗ ਵੱਲੋਂ ਸਰਕਾਰੀ ਹਸਪਤਾਲ ਦੇ ਐੱਸਐੱਮਓ ਕੋਲੋਂ ਸਾਰੇ ਮਾਮਲੇ ਦੀ ਰਿਪੋਰਟ ਮੰਗ ਲਈ ਗਈ ਹੈ ਅਤੇ ਪੁਲਸ ਵਿਭਾਗਾਂ ਵੀ ਇਸ ਗੰਭੀਰ ਮਾਮਲੇ ਨੂੰ ਲੈ ਕਿ ਸਰਗਰਮ ਹੋ ਗਿਆ ਹੈ।ਸ਼ਹਿਰੀ ਅਤੇ ਦਿਹਾਤੀ ਖੇਤਰ ਵਿੱਚ ਸਰਕਾਰੀ ਹਸਪਤਾਲਾਂ ਤੋਂ ਆਮ ਲੋਕਾਂ ਦੇ ਉੱਠ ਰਹੇ ਵਿਸ਼ਵਾਸ਼ ਤੇ ਉਨ੍ਹਾਂ ਗੰਭੀਰ ਚਿੰਤਾ ਪ੍ਰਗਟਾਈ ਅਤੇ ਇਸ ਦੇ ਕਾਰਨ ਸਟਾਫ਼ ਦੀ ਕਮੀ ਅਤੇ ਮੁੱਢਲੀਆਂ ਸਿਹਤ ਸੇਵਾਵਾਂ ਨੂੰ ਦਸਦਿਆਂ ਕਿਹਾ ਕਿ ਇਸ ਘਟਨਾ ਤੋਂ ਇਲਾਵਾ ਹੋਰ ਵੀ ਲਾਪਰਵਾਹੀ ਦੇ ਮਾਮਲੇ ਵਾਰ-ਵਾਰ ਸਾਹਮਣੇ ਆ ਰਹੇ ਹਨ ਜੋ ਸਰਕਾਰ ਦੇ ਸਾਰੇ ਦਵਾਇਆ ਨੂੰ ਝੁਠਲਾ ਰਹੇ ਹਨ।ਐੱਮਪੀ ਨੇ ਪਰਿਵਾਰ ਨੂੰ ਹਰ ਹਾਲਤ ਵਿਚ ਇਨਸਾਫ਼ ਦਿਵਾਉਣ ਦਾ ਦ੍ਰਿੜ ਸਕੰਲਪ ਦੁਹਰਾਇਆ ਅਤੇ ਸਾਰੇ ਘਟੀਆ ਸਿਹਤ ਸਿਸਟਮ ਨੂੰ ਅਸਫਲਤਾਵਾਂ ਦਾ ਮੁੱਖ ਕਾਰਨ ਦੱਸਿਆ।

# ਪਤਨੀ ਨੂੰ ਕਤਲ ਕਰਨ ਦੇ ਦੋਸ਼ 'ਚ ਕਾਬੂ

ਛੇਹਰਟਾ, (ਮਨੋਜ ਕੁਮਾਰ)- ਥਾਣਾ ਸਿਵਲ ਲਾਈਨ ਦੀ ਪੁਲਸ ਨੇ ਪਤਨੀ ਨੂੰ ਅੰਮ੍ਰਿਤਸਰ ਦੇ ਇਕ ਹੋਟਲ ਵਿਚ ਕਤਲ ਕਰਨ ਤੋਂ ਬਾਅਦ ਫ਼ਰਾਰ ਹੋਏ ਆਸਟਰੇਲੀਆ ਵਾਸੀ ਪਤੀ ਨੂੰ ਰਾਜਸਥਾਨ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲਸ ਕਮਿਸ਼ਨਰੇਟ, ਅੰਮ੍ਰਿਤਸਰ ਦੇ ਡੀਸੀਪੀ ਡਿਟੈਕਟਿਵ ਹਰਮਿੰਦਰ ਸਿੰਘ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੱਖਣ ਸਿੰਘ ਵਾਸੀ ਪਿੰਡ ਵਡੀਚ ਥਾਣਾ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਨੇ ਥਾਣਾ ਸਿਵਲ ਲਾਈਨ ਵਿਚ ਦਰਜ ਕਰਵਾਈ ਰਿਪੋਰਟ ਵਿਚ ਦੱਸਿਆ ਸੀ ਕਿ ਉਨ੍ਹਾਂ ਦੀ ਲੜਕੀ ਪ੍ਰਭਜੋਤ ਕੌਰ ਤੇ ਜਵਾਈ ਮਨਦੀਪ ਸਿੰਘ ਪਿੰਡ ਵਡੀਚ ਆਏ ਅਤੇ ਕਹਿਣ ਲੱਗੇ ਕਿ ਉਨ੍ਹਾਂ ਆਪਣੇ ਲੜਕੇ ਦਾਨਵੀਰ ਸਿੰਘ ਦੀ ਲੋਹੜੀ ਪਿੰਡ ਜੇਠੂਵਾਲ ਵਿਚ ਮਨਾਉਣੀ ਹੈ। ਉਨ੍ਹਾਂ ਕਿਹਾ ਕਿ ਉਹ ਵੀ ਸਾਰਾ ਪਰਿਵਾਰ ਲੋਹੜੀ ਦੇ ਫੰਕਸ਼ਨ ਵਿਚ ਸ਼ਾਮਿਲ ਹੋਣ ਲਈ ਪਿੰਡ ਜੇਠੂਵਾਲ ਆਉਣ ਤੇ ਆਪਣੇ ਬੱਚੇ ਦਾਨਵੀਰ ਸਿੰਘ ਨੂੰ ਉਨ੍ਹਾਂ ਕੋਲ ਛੱਡ ਕੇ ਕਹਿਣ ਲੱਗੇ ਕਿ ਉਹ ਦਾਨਵੀਰ ਸਿੰਘ ਨੂੰ ਸੋਮਵਾਰ ਆਪਣੇ ਨਾਲ ਲੈ ਜਾਣਗੇ ਤੇ ਹੁਣ ਉਹ ਦੋਵੇਂ ਘੁੰਮਣ-ਫਿਰਨ ਜਾ ਰਹੇ ਹਨ। 12 ਜਨਵਰੀ ਨੂੰ ਮੁਦੱਈ ਨੂੰ ਇਤਲਾਹ ਮਿਲੀ ਕਿ ਉਨ੍ਹਾਂ ਦੀ ਲੜਕੀ ਪ੍ਰਭਜੋਤ ਕੌਰ ਦੀ ਲਾਸ਼ ਹੋਟਲ ਫੇਅਰਵੇ ਕੋਰਟ ਰੋਡ, ਅੰਮ੍ਰਿਤਸਰ ਦੇ ਕਮਰਾ ਨੰਬਰ 112 ਵਿਚ ਮਿਲੀ ਹੈ, ਜਿਸ 'ਤੇ ਥਾਣਾ ਸਿਵਲ ਲਾਈਨ ਵੱਲੋਂ ਤੁਰੰਤ ਮੁਕੱਦਮਾ ਦਰਜ ਕਰਕੇ ਕਾਰਵਾਈ ਅਮਲ ਵਿਚ ਲਿਆਂਦੀ ਗਈ। ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਹਰ ਪਹਿਲੂ ਤੋਂ ਕਰਨ 'ਤੇ ਮੁਲਜ਼ਮ ਮਨਦੀਪ ਸਿੰਘ (ਮ੍ਰਿਤਕਾ ਪ੍ਰਭਜੋਤ ਕੌਰ ਦਾ ਪਤੀ) ਨੂੰ 19 ਜਨਵਰੀ ਨੂੰ ਜ਼ਿਲ੍ਹਾ ਗੰਗਾ ਨਗਰ, ਰਾਜਸਥਾਨ ਤੋਂ ਗ੍ਰਿਫ਼ਤਾਰ ਕਰ ਲਿਆ ਤੇ ਵਾਰਦਾਤ ਸਮੇਂ ਵਰਤਿਆ ਛੁਰਾ ਵੀ ਬਰਾਮਦ ਕੀਤਾ ਗਿਆ।



# ਕੰਨ ਪਾੜਵੇਂ ਪ੍ਰੈਸ਼ਰ ਹਾਰਨ ਵਜਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਲਈ ਪੁਲਸ ਪ੍ਰਸ਼ਾਸਨ ਨੂੰ ਫਰਿਆਦ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ ਅੰਦਰ ਅਤੇ ਆਸ-ਪਾਸ ਦੇ ਖੇਤਰ ਵਿਚ ਵੱਜਦੇ ਪ੍ਰੈਸ਼ਰ ਹਾਰਨਾਂ ਨੇ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਵਾਹਨ ਚਾਲਕਾਂ ਵੱਲੋਂ ਉੱਚੀ-ਉੱਚੀ ਆਵਾਜ਼ ਵਿਚ ਪ੍ਰੈਸ਼ਰ ਹਾਰਨਾਂ ਦੀ ਵਰਤੋਂ ਕਰਕੇ ਜਿੱਥੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਸ ਨਾਲ ਸ਼ੋਰ ਪ੍ਰਦੂਸ਼ਣ ਵਿਚ ਹੋ ਰਿਹਾ ਵਾਧਾ ਚਿੰਤਾ ਦਾ ਵਿਸ਼ਾ ਹੈ। ਪ੍ਰੈਸ਼ਰ ਹਾਰਨ ਮਾਰਨ ਵਾਲਿਆਂ ਖ਼ਿਲਾਫ਼ ਪੁਲਸ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਕਰਕੇ ਲੋਕਾਂ ਦਾ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪ੍ਰੈਸ਼ਰ ਹਾਰਨਾਂ ਦੀ ਆਵਾਜ਼ ਨੂੰ ਸ਼ਹਿਰ ਅੰਦਰ ਆਮ ਹੀ ਸੁਣਿਆ ਜਾਂਦਾ ਹੈ ਪਰ ਪੁਲਸ ਇਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਹਸਪਤਾਲਾਂ ਨਜ਼ਦੀਕ ਵੱਜਦੇ ਇਨ੍ਹਾਂ ਪ੍ਰੈਸ਼ਰ ਹਾਰਨਾਂ ਕਾਰਨ ਮਰੀਜ਼ਾਂ ਦਾ ਕਾਫ਼ੀ ਬੁਰਾ ਹਾਲ ਕੀਤਾ ਪਿਆ ਹੈ। ਇਨ੍ਹਾਂ ਹਾਰਨਾਂ ਦੀ ਆਵਾਜ਼ ਜਿੱਥੇ ਪੇਪਰਾਂ ਦੀ ਤਿਆਰੀ ਕਰਦੇ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕਰਦੀ ਹੈ ਉੱਥੇ ਹੀ ਦਿਲ ਦੇ ਮਰੀਜ਼ ਅਤੇ ਬਜ਼ੁਰਗਾਂ ਲਈ ਕਾਫ਼ੀ ਖ਼ਤਰਨਾਕ ਸਾਬਤ ਹੁੰਦੀ ਹੈ। ਵਾਤਾਵਰਨ ਪ੍ਰੇਮੀਆਂ ਦਾ ਕਹਿਣਾ ਹੈ ਕਿ ਸ਼ੋਰ ਪ੍ਰਦੂਸ਼ਣ ਵਧਣ ਤੋਂ ਰੋਕਣ ਲਈ ਉੱਚੀ ਆਵਾਜ਼ ਵਿਚ ਵੱਜਦੇ ਪ੍ਰੈਸ਼ਰ ਹਾਰਨਾਂ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਪ੍ਰੈਸ਼ਰ ਹਾਰਨ ਬਣਾਉਣ ਅਤੇ ਵੇਚਣ ਵਾਲੇ ਦੁਕਾਨਦਾਰਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰੇ ਤਾਂ ਜੋ ਇਨ੍ਹਾਂ ਹਾਰਨਾਂ ਨੂੰ ਕੋਈ ਵੀ ਆਪਣੇ ਵਾਹਨਾਂ 'ਤੇ ਨਾ ਲਗਾ ਸਕੇ। ਉਨ੍ਹਾਂ ਕਿਹਾ ਕਿ ਦੁਕਾਨਦਾਰਾਂ ਵੱਲੋਂ ਸ਼ਰੇਆਮ ਇਨ੍ਹਾਂ ਪ੍ਰੈਸ਼ਰ ਹਾਰਨਾਂ ਦੀ ਵਿਕਰੀ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਕੋਈ ਵੀ ਪੁੱਛਣ ਵਾਲਾ ਨਹੀਂ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਉੱਚੀ-ਉੱਚੀ ਆਵਾਜ਼ ਵਿਚ ਪ੍ਰੈਸ਼ਰ ਹਾਰਨ ਵਜਾਉਣ ਵਾਲੇ ਵਾਹਨ ਚਾਲਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਸ਼ੋਰ ਪ੍ਰਦੂਸ਼ਣ ਵਿਚ ਹੋ ਰਹੇ ਵਾਧੇ ਨੂੰ ਰੋਕਣ ਤੋਂ ਇਲਾਵਾ ਲੋਕਾਂ ਨੂੰ ਆ ਰਹੀ ਇਸ ਪ੍ਰੇਸ਼ਾਨੀ ਤੋਂ ਨਿਜਾਤ ਮਿਲ ਸਕੇ।

# ਇੰਦਰਾ ਕਲੋਨੀ 'ਚ ਪਾਣੀ ਦੇ ਸੰਕਟ ਨੂੰ ਹੱਲ ਕਰਨ ਲਈ ਅਕਸ਼ੈ ਸ਼ਰਮਾ ਅੱਗੇ ਆਏ, ਲੋਕਾਂ ਨੂੰ ਮੋਟਰਾਂ ਤੇ ਕੂਲਰ ਵੰਡੇ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਉੱਤਰੀ ਹਲਕਾ ਦੇ ਭਾਜਪਾ ਨੇਤਾ ਅਕਸ਼ੈ ਸ਼ਰਮਾ ਨੇ ਇੰਦਰਾ ਕਲੋਨੀ ਦੇ ਲੋਕਾਂ ਨੂੰ ਰਾਹਤ ਦੇਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ, ਜੋ ਪਿਛਲੇ ਕਈ ਮਹੀਨਿਆਂ ਤੋਂ ਪਾਣੀ ਦੇ ਸੰਕਟ ਨਾਲ ਜੂਝ ਰਹੀ ਹੈ।ਇਲਾਕੇ ਵਿੱਚ ਪੀਣ ਵਾਲੇ ਪਾਣੀ ਦੇ ਸੰਕਟ ਅਤੇ ਦੂਸ਼ਿਤ ਪਾਣੀ ਦਾ ਨੋਟਿਸ ਲੈਂਦੇ ਹੋਏ ਅਕਸ਼ੈ ਸ਼ਰਮਾ ਵੱਡੀ ਗਿਣਤੀ ਵਿੱਚ ਵਾਟਰ ਕੂਲਰ ਅਤੇ ਪਾਣੀ ਦੀਆਂ ਮੋਟਰਾਂ ਲੈ ਕੇ ਪਹੁੰਚੇ।ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਸਿਰਫ਼ ਰਾਜਨੀਤੀ ਵਿੱਚ ਵਿਸ਼ਵਾਸ ਨਹੀਂ ਰੱਖਦੇ, ਉਨ੍ਹਾਂ ਦੀ ਤਰਜੀਹ ਜ਼ਮੀਨੀ ਪੱਧਰ ਤੇ ਹੱਲ ਲੱਭਣਾ ਹੈ। ਸਥਾਨਕ ਨਿਵਾਸੀਆਂ ਨੂੰ ਰਾਹਤ ਸਮੱਗਰੀ ਵੰਡਦੇ ਹੋਏ ਸ੍ਰੀ ਸ਼ਰਮਾ ਨੇ ਸੀਨੀਅਰ ਡਿਪਟੀ ਮੇਅਰ ਦੇ ਕੰਮਕਾਜ 'ਤੇ ਤਿੱਖੇ ਸਵਾਲ ਉਠਾਏ।ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ ਕਿ ਇਹ ਇਲਾਕਾ ਸੀਨੀਅਰ ਡਿਪਟੀ ਮੇਅਰ ਦਾ ਆਪਣਾ ਹਲਕਾ ਸੀ, ਫਿਰ ਵੀ ਇੱਥੋਂ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।ਉਨ੍ਹਾਂ ਦੱਸਿਆ ਕਿ ਦੂਸ਼ਿਤ ਪਾਣੀ ਨੇ ਇਲਾਕੇ ਵਿੱਚ ਬਿਮਾਰੀਆਂ ਦਾ ਖ਼ਤਰਾ ਵਧਾ ਦਿੱਤਾ ਹੈ ਅਤੇ ਇਸ ਦੇ ਮੱਦੇਨਜ਼ਰ ਉਨ੍ਹਾਂ ਨੇ ਪਾਣੀ ਦੀ ਮੁਫਤ ਸੇਵਾ ਸ਼ੁਰੂ ਕੀਤੀ।ਇਸ ਯੋਜਨਾ ਦੇ ਤਹਿਤ ਨਾ ਸਿਰਫ਼ ਲੋਕਾਂ ਦੇ



ਘਰਾਂ ਵਿੱਚ ਵਾਟਰ ਕੂਲਰ ਪਹੁੰਚਾਏ ਜਾ ਰਹੇ ਹਨ, ਸਗੋਂ ਉਨ੍ਹਾਂ ਦੇ ਸਾਥੀਆਂ ਦੀ ਮਦਦ ਨਾਲ ਉਨ੍ਹਾਂ ਗਰੀਬ ਪਰਿਵਾਰਾਂ ਵਿੱਚ ਨਵੀਆਂ ਮੋਟਰਾਂ ਵੀ ਲਗਾਈਆਂ ਜਾ ਰਹੀਆਂ ਹਨ ਜਿਨ੍ਹਾਂ ਕੋਲ ਪਾਣੀ ਕੱਢਣ ਦੇ ਸਾਧਨ ਨਹੀਂ ਹਨ।

ਉਨ੍ਹਾਂ ਜ਼ੋਰਦਾਰ ਢੰਗ ਨਾਲ ਕਿਹਾ ਕਿ ਨਗਰ ਨਿਗਮ ਦਾ ਪ੍ਰਸ਼ਾਸਨ ਪੂਰੀ ਤਰ੍ਹਾਂ ਲਾਪਰਵਾਹ ਹੋ ਗਿਆ ਹੈ ਅਤੇ ਜ਼ਿੰਮੇਵਾਰੀ ਵਾਲੇ ਅਹੁਦਿਆਂ 'ਤੇ ਬੈਠੇ ਲੋਕ ਜਨਤਾ ਦੇ ਦੁੱਖਾਂ ਪ੍ਰਤੀ ਅੱਖਾਂ ਮੀਟ ਰਹੇ ਹਨ।

ਅਕਸ਼ੈ ਸ਼ਰਮਾ ਨੇ ਦੁਹਰਾਇਆ ਕਿ ਉਹ ਹਮੇਸ਼ਾ ਉੱਤਰੀ ਹਲਕੇ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣਗੇ, ਸਿਰਫ਼ ਚੋਣਾਂ ਲਈ ਹੀ ਨਹੀਂ ਸਗੋਂ ਇੱਕ ਸੱਚੇ ਸੇਵਕ ਵਜੋਂ।

# ਘਰ ਦਾ ਸਾਮਾਨ ਤੇ ਸੋਨੇ ਦੇ ਗਹਿਣੇ ਚੋਰੀ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਪੁਰਾਣਾ ਸ਼ਾਲਾ ਨੇ ਚੋਰੀ ਕਰਨ ਵਾਲੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਸ਼ਾਲਾ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਣਜੀਤ ਕੌਰ ਪਤਨੀ ਪਲਵਿੰਦਰ ਸਿੰਘ ਵਾਸੀ ਗਾਜੀਕੋਟ ਨੇ ਦੱਸਿਆ ਕਿ ਮੇਰਾ ਪਤੀ ਪਲਵਿੰਦਰ ਸਿੰਘ ਅਮਰੀਕਾ ਰਹਿੰਦਾ ਹੈ। ਮੈਂ ਆਪਣੇ ਦੋਨੋਂ ਜੇਠ ਅਤੇ ਜੇਠਾਣੀਆਂ ਨਾਲ ਸਾਂਝੇ ਘਰ ਵਿੱਚ ਰਹਿੰਦੀ ਹਾਂ। ਮੇਰੇ ਜੇਠ ਅਤੇ ਜੇਠਾਣੀਆਂ ਮੈਨੂੰ ਤੰਗ ਪ੍ਰੇਸ਼ਾਨ ਕਰਦੇ ਸਨ ਜਿਸ ਕਰਕੇ ਮੈਂ ਪਿੰਡ ਵਿੱਚ ਕਿਰਾਏ ਦੇ ਮਕਾਨ ਵਿਚ ਰਹਿਣ ਲੱਗ ਪਈ ਸੀ ਅਤੇ ਸਾਂਝੇ ਘਰ ਦੇ ਕਿਸੇ ਇਕ ਕਮਰੇ ਵਿੱਚ ਆਪਣੇ ਪੇਕਿਆਂ ਵੱਲੋਂ ਦਿੱਤਾ ਸਾਮਾਨ ਅਤੇ ਇਸ ਤੋਂ ਇਲਾਵਾ ਸੋਨਾ ਵਗੈਰਾ ਲੋਹੇ ਦੀ ਪੇਟੀ ਵਿੱਚ ਰੱਖ ਦਿੱਤਾ ਸੀ। 8 ਅਪ੍ਰੈਲ 2025 ਨੂੰ ਮੈਂ ਆਪਣੇ ਸਾਂਝੇ ਘਰ ਵਾਲੇ ਕਮਰੇ ਵਿੱਚ ਦੇਖਿਆ ਕਿ ਪੇਟੀ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਪੇਟੀ ਵਿੱਚ ਰੱਖਿਆ ਸਾਮਾਨ ਤੇ ਸੋਨੇ ਦੇ ਗਹਿਣੇ ਵਿਚ ਨਹੀਂ ਸਨ। ਪੜਤਾਲ ਤੋਂ ਬਾਅਦ ਉਪ ਕਪਤਾਨ ਪੁਲਸ ਨਾਰਕੋਟਿਕ ਦੀ ਪੁਲਸ ਵੱਲੋਂ ਮਨਿੰਦਰ ਸਿੰਘ, ਜਤਿੰਦਰ ਸਿੰਘ ਪੁੱਤਰਾਨ ਅਜੀਤ ਸਿੰਘ, ਸਰਬਜੀਤ ਕੌਰ ਪਤਨੀ ਮਨਿੰਦਰ ਸਿੰਘ, ਬਲਜਿੰਦਰ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਗਾਜੀਕੋਟ ਥਾਣਾ ਪੁਰਾਣਾ ਸ਼ਾਲਾ ਨੇ ਇੱਕ ਸਲਾਹ ਹੋ ਕੇ ਸਾਮਾਨ ਤੇ ਗਹਿਣੇ ਚੋਰੀ ਕਰ ਲਏ ਹਨ। ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਕਰਵਾਈ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

**ਕਲਾਨੌਰ-(ਮਨਦੀਪ ਕੋਹਲੀ)**-ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਗੁਰਦਾਸਪੁਰ ਦੀ ਮੀਟਿੰਗ ਕਲਾਨੌਰ ਵਿਖੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਗਿੱਲ ਵੱਲੋਂ ਕਰਵਾਈ ਗਈ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਅਤੇ ਹੋਰ ਲੀਡਰਸ਼ਿਪ ਵੱਲੋਂ ਵੱਡੇ ਪੱਧਰ ਤੇ ਸ਼ਮੂਲੀਅਤ।ਇਸ ਮੌਕੇ ਤੇ ਹੋਈ।ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿਹੜੇ ਕਹਿੰਦੇ ਸੀ ਅਸੀਂ ਆਮ ਲੋਕਾਂ ਨੂੰ ਪਾਰਟੀ ਵਿੱਚ ਅੱਗੇ ਲਿਆਵਾਂਗੇ, ਉਨ੍ਹਾਂ ਨੇ ਸਮਾਂ ਆਉਣ ਤੇ ਰਾਜ ਸਭਾ ਦੀਆਂ ਸੱਤ ਸੀਟਾਂ ਬਾਹਰਲਿਆਂ ਅਤੇ ਅਮੀਰਾਂ ਨੂੰ ਦੇ ਦਿੱਤੀਆਂ।ਅਜਿਹਾ ਹੀ ਕਾਂਗਰਸ ਅਤੇ ਭਗੌੜਾ ਦਲ ਵੱਲੋਂ ਕੀਤਾ ਜਾਂਦਾ ਹੈ ਪਰ ਸਾਡੀ ਪਾਰਟੀ ਵਿੱਚ ਅਜਿਹਾ ਨਹੀਂ ਹੋਵੇਗਾ।ਪਾਰਟੀ ਵਿੱਚ ਕੰਮ ਕਰਨ ਵਾਲਿਆਂ ਨੂੰ ਹੀ ਅੱਗੇ ਲਿਆਂਦਾ ਜਾਵੇਗਾ।ਮੇਰੇ ਪ੍ਰਧਾਨਗੀ ਕਾਲ ਵਿੱਚ ਜੋ ਵੀ ਕੋਈ ਚੋਣ ਹੋਵੇਗੀ ਉਸ ਵਿੱਚ 40 ਫੀਸਦੀ ਟਿਕਟਾਂ ਨੌਜਵਾਨਾਂ, ਬੀਬੀਆਂ ਅਤੇ ਦਲਿਤ-ਪਿਛੜੇ ਲੋਕਾਂ ਨੂੰ ਦਿੱਤੀਆਂ ਜਾਣਗੀਆਂ।

ਗਿਆਨੀ ਜੀ ਨੇ ਲੋਕਾਂ ਨੂੰ ਵੰਗਾਰ ਪਾਉਂਦਿਆਂ ਕਿਹਾ ਕਿ ਜੇ ਅਸੀਂ ਰਾਜਨੀਤੀ ਵਿੱਚ ਸੁਧਾਰ ਨਾ ਲਿਆਂਦਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੇ ਸਵਾਲ ਪੁੱਛਣੇ ਹਨ।ਉਨ੍ਹਾਂ ਕਿਹਾ ਕਿ ਅੱਜ ਭਾਵੇਂ ਅਸੀਂ ਥੋੜੇ ਹਾਂ ਪਰ ਅੱਗੇ ਵੱਧਦਿਆਂ ਸਾਡਾ ਕਾਫਲਾ ਵਧੇਗਾ ਅਤੇ ਜਿੱਤ ਪ੍ਰਾਪਤ ਕਰਾਂਗੇ।ਇਸ ਮੌਕੇ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਸਮਿਆਂ ਵਿੱਚ ਕਾਂਗਰਸ ਅਤੇ ਅਖੌਤੀ ਅਕਾਲੀ ਆਗੂਆਂ ਨੇ ਪੰਜਾਬ ਦੀ ਲੁੱਟਮਾਰ ਕੀਤੀ ਜਿਸ ਕਾਰਨ ਪੰਜਾਬ ਦਿਨੋ ਦਿਨ ਕਰਜ਼ੇ ਦੇ ਬੋਝ ਹੇਠਾਂ ਦੱਬਿਆ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਗਿੱਲ ਵੱਲੋਂ ਇਸ ਵਿਸ਼ਾਲ ਮੀਟਿੰਗ ਜੋ ਰੈਲੀ ਦਾ ਰੂਪ ਧਾਰਨ ਕਰ ਚੁੱਕੀ ਸੀ, ਵਿੱਚ ਸ਼ਾਮਿਲ ਹੋਣ ਵਾਲਿਆਂ ਦਾ ਧੰਨਵਾਦ ਕੀਤਾ ਗਿਆ।ਮੀਟਿੰਗ ਵਿੱਚ ਗੁਰਦਰਸ਼ਨ ਸਿੰਘ ਪੰਥਕ ਆਗੂ ਬਟਾਲਾ, ਬੀਬੀ ਹਰਜੀਤ ਕੌਰ ਰੰਧਾਵਾ, ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਇੰਚਾਰਜ ਡਾ. ਹਰਭਜਨ ਸਿੰਘ, ਹਰਦਿਆਲ ਸਿੰਘ ਪ੍ਰਧਾਨ ਮੁਲਾਜ਼ਮ ਜਥੇਬੰਦੀ, ਹਲਕਾ ਪ੍ਰਧਾਨ ਸੁਰਜਨ ਸਿੰਘ ਸ੍ਰੀ ਹਰਗੋਬਿੰਦਪੁਰ, ਜਤਿੰਦਰ ਸਿੰਘ ਸ਼ਹਿਰੀ ਪ੍ਰਧਾਨ, ਪ੍ਰਭਜੋਤ ਸਿੰਘ ਯੂਥ ਆਗੂ, ਤਜਿੰਦਰ ਸਿੰਘ, ਜਸਕਰਨ ਸਿੰਘ ਮਨਿੰਦਰ ਸਿੰਘ ਖਾਲਸਾ ਪ੍ਰਧਾਨ ਬੀਸੀ ਵਿੰਗ, ਸ਼ਹਿਬਾਜ ਸਿੰਘ ਔਲਖ ਯੂਥ ਆਗੂ, ਐਸ਼ਪ੍ਰੀਤ ਘੁਮਾਨ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਦਵਿੰਦਰ ਸਿੰਘ ਡਿਪਟੀ ਪ੍ਰਧਾਨ ਮਨਿਓਰਟੀ, ਨਿਹੰਗ ਸਿੰਘ ਭਾਈ ਰਜਿੰਦਰ ਸਿੰਘ ਭੰਗੂ ਆਦਿ ਵੱਖ-ਵੱਖ ਪਾਰਟੀਆਂ ਦੇ 80 ਦੇ ਕਰੀਬ ਆਗੂਆਂ ਵੱਲੋਂ ਪੁਨਰ ਸੁਰਜੀਤ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਜਿਨ੍ਹਾਂ ਨੂੰ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਤੇ ਸ ਸੁੱਚਾ ਸਿੰਘ ਛੋਟੇਪੁਰ ਵੱਲੋਂ ਸਿਰੋਪਾਓ ਭੇਟ ਕਰਕੇ ਸਵਾਗਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਗਿੱਲ, ਸ਼ਹਿਰੀ ਪ੍ਰਧਾਨ ਬਲਦੇਵ ਸਿੰਘ ਧੁੱਪਸੜੀ, ਅਮਰੀਕ ਸਿੰਘ ਖਲੀਲਪੁਰ, ਸਟੇਜ ਸਕੱਤਰ ਮਨਮੋਹਨ ਸਿੰਘ ਪੱਖੋਕੇ ਸਾਬਕਾ ਚੇਅਰਮੈਨ, ਜਗਤਾਰ ਸਿੰਘ ਗੋਸਲ ਸਾਬਕਾ ਚੇਅਰਮੈਨ, ਮਨਮੋਹਨ ਸਿੰਘ ਛੀਨਾ, ਹਰੀ ਸਿੰਘ ਪੁਰੇਵਾਲ, ਅਮਰੀਕ ਸਿੰਘ ਸਾਬਕਾ ਚੇਅਰਮੈਨ ਧਰਮੀ ਫੌਜੀ, ਜਤਿੰਦਰ ਸਿੰਘ ਸਿੱਧੂ, ਸੁਵਿੰਦਰ ਸਿੰਘ ਘੁੰਮਣ, ਰਘਬੀਰ ਸਿੰਘ ਜੌੜਾ, ਡਾਕਟਰ ਦਿਲਬਾਗ ਸਿੰਘ ਮੁਸਤਫਾਪੁਰ, ਸੁਰਿੰਦਰ ਸਿੰਘ ਮੁਰੀਦ ਕੇ, ਬਿਕਰਮਜੀਤ ਸਿੰਘ ਭੱਟੀ, ਸੁਖਦੇਵ ਸਿੰਘ ਬਿਧੀਪੁਰ, ਦਲਬਿੰਦਰ ਸਿੰਘ ਬਾਜਵਾ, ਗੁਲਾਬ ਸਿੰਘ ਲੋਪਾ, ਪਾਲ ਸਿੰਘ ਰੋਸਾ, ਭੁਪਿੰਦਰ ਸਿੰਘ ਧਰਮੀ ਫੌਜੀ, ਰਜਿੰਦਰ ਸਿੰਘ ਭੰਗੂ, ਸਾਬਕਾ ਚੇਅਰਮੈਨ ਅਮਰੀਕ ਸਿੰਘ ਧਰਮੀ ਫੌਜੀ, ਡਾਕਟਰ ਪਲਵਿੰਦਰ ਸਿੰਘ ਹਕੀਮਪੁਰ, ਰਾਜਕੁਮਾਰ ਕਲਾਨੌਰ, ਦਿਲਬਾਗ ਸਿੰਘ ਮੰਗੀਆਂ, ਮਗਵਿੰਦਰ ਸਿੰਘ ਮੰਗੀਆਂ, ਬਲਜੀਤ ਸਿੰਘ ਠੇਕੇਦਾਰ, ਚੈਨ ਸਿੰਘ ਸਪਰਾਏ, ਨਰਿੰਦਰ ਸਿੰਘ ਖਹਿਰਾ, ਸੁਰਿੰਦਰ ਪਾਲ ਸਿੰਘ ਸੂਬੇਦਾਰ, ਗੁਰਮੁਖ ਸਿੰਘ ਸਰਾਵਾਂ, ਜੋਗਿੰਦਰ ਸਿੰਘ ਧਾਲੀਵਾਲ ਕਲਾਂ, ਸੁਖਦੇਵ ਸਿੰਘ ਨੰਦਿਆਂਵਾਲੀ, ਬਲਬੀਰ ਸਿੰਘ ਬੈਂਸ, ਗੁਰਮੀਤ ਸਿੰਘ ਮਗਰਾਲਾ, ਗੁਰਨਾਮ ਸਿੰਘ ਮੁਸਤਫਾਬਾਦ, ਹੀਰਾ ਸਿੰਘ ਰਹੀਮਾਬਾਦ, ਹਰਭਜਨ ਸਿੰਘ ਰਸ਼ੀਕਾ ਤੱਲਾ ਆਦਿ ਆਗੂ ਹਾਜ਼ਰ ਸਨ।




# ਸ਼ਿਕਾਇਤ ਮਿਲਣ 'ਤੇ ਸਿਵਲ ਸਰਜਨ ਨੇ ਦੇਰ ਰਾਤ ਕੀਤੀ ਸਿਵਲ ਹਸਪਤਾਲ ਦੀ ਚੈਕਿੰਗ

ਫ਼ਿਰੋਜ਼ਪੁਰ (ਗੁਰਬਚਨ ਸਿੰਘ): ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਦਾਖ਼ਲ ਮਰੀਜ਼ ਵੱਲੋਂ ਸਹੀ ਢੰਗ ਨਾਲ ਇਲਾਜ ਨਾ ਮਿਲਣ ਸਬੰਧੀ ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਾਜੀਵ ਪਰਾਸ਼ਰ ਨੂੰ ਫ਼ੋਨ ਕਰਕੇ ਸ਼ਿਕਾਇਤ ਕੀਤੀ ਗਈ। ਸਿਵਲ ਸਰਜਨ ਵੱਲੋਂ ਤੁਰੰਤ ਸਿਵਲ ਹਸਪਤਾਲ ਦੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ ਤਾਂ ਕਿ ਕਿਸੇ ਵੀ ਮਰੀਜ਼ ਨੂੰ ਇਲਾਜ ਮਿਲਣ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ ਪਰ ਇਸ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ ਦੀ ਮਰੀਜ਼ ਵੱਲੋਂ ਦੁਬਾਰਾ ਸ਼ਿਕਾਇਤ ਕਰਨ ਤੇ ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਨੇ ਦੇਰ ਰਾਤ ਖੁਦ ਸਿਵਲ ਹਸਪਤਾਲ ਮੌਕੇ 'ਤੇ ਪਹੁੰਚ ਕੇ ਹਾਲਾਤ ਦਾ ਜਾਇਜ਼ਾ ਲਿਆ।ਬੀਤੀ ਦੇਰ ਰਾਤ ਉਨ੍ਹਾਂ ਵੱਲੋਂ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਐਮਰਜੈਂਸੀ ਵਾਰਡ ਅਤੇ ਜੱਚਾ ਬੱਚਾ ਵਾਰਡ ਦੀ ਅਚਾਨਕ ਜਾਂਚ ਕੀਤੀ ਗਈ।ਜਾਂਚ ਦੌਰਾਨ ਹਸਪਤਾਲ ਵਿਚ ਕਈ ਗੰਭੀਰ ਖਾਮੀਆਂ ਸਾਹਮਣੇ ਆਈਆਂ।ਕੁਝ ਕਰਮਚਾਰੀਆਂ ਵੱਲੋਂ ਡਿਊਟੀ ਵਿਚ ਲਾਪਰਵਾਹੀ ਅਤੇ ਆਪਣੀਆਂ ਜ਼ਿੰਮੇਵਾਰੀਆਂ ਢੰਗ ਨਾਲ ਨਾ ਨਿਭਾਉਣ ਦੇ ਮਾਮਲੇ ਵੀ ਸਾਹਮਣੇ ਆਏ।ਇਸ ਗੱਲ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਨੂੰ ਦਫ਼ਤਰ ਸਿਵਲ ਸਰਜਨ ਵਿਖੇ ਤਲਬ ਕੀਤਾ ਹੈ।ਸਿਵਲ ਸਰਜਨ ਨੇ ਸਪਸ਼ਟ ਕੀਤਾ ਕਿ ਜੋ ਵੀ ਅਧਿਕਾਰੀ ਜਾਂ ਕਰਮਚਾਰੀ ਆਪਣਾ ਕੰਮ ਢੰਗ ਨਾਲ ਨਹੀਂ ਕਰ ਰਹੇ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪਹਿਲ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਡਾ. ਰਾਜੀਵ ਪਰਾਸ਼ਰ ਨੇ ਦੱਸਿਆ ਕਿ ਚੈਕਿੰਗ ਦੌਰਾਨ ਸੁਰੱਖਿਆ ਗਾਰਡਾਂ ਦੀ ਕਮੀ ਅਤੇ ਹਸਪਤਾਲ ਵਿਚ ਦਾਖਲ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਦੇ ਬੈਠਣ ਵਾਸਤੇ ਜਗ੍ਹਾ ਦੀ ਘਾਟ ਨੂੰ ਦੂਰ ਕਰਨ ਲਈ ਕੋਈ ਢੁਕਵੀਂ ਯੋਜਨਾ ਵੀ ਅਮਲ ਵਿਚ ਲਿਆਂਦੀ ਜਾਏਗੀ।ਸਿਵਲ ਸਰਜਨ ਦਫ਼ਤਰ ਵਿਖੇ ਇਸ ਸੰਬਧੀ ਸਿਵਲ ਹਸਪਤਾਲ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਇਹ ਹਦਾਇਤ ਵੀ ਕੀਤੀ ਕਿ ਸਿਵਲ ਹਸਪਤਾਲ ਵਿਚ ਨਵੀਂ ਈਸੀਜੀ ਮਸ਼ੀਨ ਦਾ ਪ੍ਰਬੰਧ ਕੀਤਾ ਜਾਵੇ।ਇਸ ਤੋਂ ਇਲਾਵਾ ਹਰ ਰੋਜ਼ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਵੱਲੋਂ ਨਰਸਿੰਗ ਸਿਸਟਰ ਨੂੰ ਨਾਲ ਲੈ ਕੇ ਜੱਚਾ ਬੱਚਾ ਵਾਰਡ, ਐਮਰਜੈਂਸੀ ਵਾਰਡ ਅਤੇ ਬਾਕੀ ਵਾਰਡਾਂ ਦਾ ਦੌਰਾ ਕਰਨਾ ਯਕੀਨੀ ਬਣਾਇਆ ਜਾਵੇ।ਡਿਪਟੀ ਮੈਡੀਕਲ ਕਮਿਸ਼ਨਰ ਵੱਲੋਂ ਵੀ ਹਰ ਹਫ਼ਤੇ ਇਨ੍ਹਾਂ ਵਾਰਡਾਂ ਦਾ ਦੌਰਾ ਕਰਕੇ ਪ੍ਰਬੰਧਾਂ ਦੀ ਜਾਂਚ ਕੀਤੀ ਜਾਵੇ।ਐਮਰਜੈਂਸੀ ਵਾਰਡ ਵਿਖੇ ਸਪੈਸ਼ਲਿਸਟ ਡਾਕਟਰਾਂ ਦਾ ਆਨ ਕਾਲ ਡਿਊਟੀ ਰਜਿਸਟਰ ਮੈਂਟੇਨ ਕੀਤਾ ਜਾਵੇ ਤਾਂ ਜੋ ਸਰਕਾਰੀ ਹਸਪਤਾਲ ਵਿਚ ਆਏ ਮਰੀਜ਼ਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਔਕੜ ਪੇਸ਼ ਨਾ ਆਵੇ।



# ਆਂਗਣਵਾੜੀ ਸੈਂਟਰ ਬੱਚਿਆਂ ਦੇ ਪੋਸ਼ਣ ਤੇ ਸਿਹਤ ਦਾ ਮਜ਼ਬੂਤ ਬੁਨਿਆਦੀ ਆਧਾਰ: ਵਿਧਾਇਕ ਰਮਦਾਸ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਆਮ ਆਦਮੀ ਪਾਰਟੀ ਦੇ ਅਟਾਰੀ ਹਲਕੇ ਤੋਂ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਪਿੰਡ ਰਾਮਪੁਰਾ ਆਬਾਦੀ ਅਤੇ ਖਾਪੜ ਖੇੜੀ ਵਿਖੇ ਦੋ ਨਵੇਂ ਬਣੇ ਆਂਗਣਵਾੜੀ ਸੈਂਟਰਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਦੋਵਾਂ ਆਂਗਣਵਾੜੀ ਸੈਂਟਰਾਂ ਦੀ ਉਸਾਰੀ ਲਈ ਪ੍ਰਤੀ ਸੈਂਟਰ ਲਗਭਗ 9.5 ਲੱਖ ਰੁਪਏ ਦੀ ਲਾਗਤ ਆਈ ਹੈ ਅਤੇ ਕੁੱਲ 19 ਲੱਖ ਰੁਪਏ ਖਰਚ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਆਂਗਣਵਾੜੀ ਸੈਂਟਰ ਬੱਚਿਆਂ ਦੇ ਪੋਸ਼ਣ, ਸਿਹਤ ਅਤੇ ਪ੍ਰਾਰੰਭਿਕ ਸਿੱਖਿਆ ਦੀ ਮਜ਼ਬੂਤ ਬੁਨਿਆਦ ਤਿਆਰ ਕਰਦੇ ਹਨ।ਵਿਧਾਇਕ ਰਮਦਾਸ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡਾਂ ਦੇ ਸੰਪੂਰਨ ਵਿਕਾਸ ਲਈ ਵਚਨਬੱਧ ਹੈ ਅਤੇ ਸਿੱਖਿਆ ਤੇ ਸਿਹਤ ਵਰਗੇ ਮੁੱਢਲੇ ਖੇਤਰਾਂ ਨੂੰ ਪਹਿਲ ਦੇ ਆਧਾਰ 'ਤੇ ਮਜ਼ਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਨਵੇਂ ਆਂਗਣਵਾੜੀ ਸੈਂਟਰਾਂ ਦੇ ਸ਼ੁਰੂ ਹੋਣ ਨਾਲ ਇਲਾਕੇ ਦੇ ਲੋਕਾਂ, ਖ਼ਾਸ ਕਰਕੇ ਛੋਟੇ ਬੱਚਿਆਂ ਅਤੇ ਮਹਿਲਾਵਾਂ ਨੂੰ ਵੱਡਾ ਲਾਭ ਮਿਲੇਗਾ।ਇਸ ਮੌਕੇ ਬੀਡੀਪੀਓ ਬਲਾਕ ਵੇਰਕਾ ਬਿਕਰਮਜੀਤ ਸਿੰਘ, ਸੀਡੀਪੀਓ ਬਲਾਕ ਵੇਰਕਾ ਗਗਨਦੀਪ ਸਿੰਘ, ਬਲਾਕ ਪ੍ਰਧਾਨ ਸਤਨਾਮ ਸਿੰਘ, ਸਰਪੰਚ ਜਸਬੀਰ ਸਿੰਘ, ਲਖਬੀਰ ਸਿੰਘ (ਖਾਪੜ ਖੇੜੀ), ਧਰਮਬੀਰ ਸਿੰਘ (ਲੋਹਾਰਕਾ), ਬਲਬੀਰ ਸਿੰਘ (ਰਾਮ ਨਗਰ ਕਲੋਨੀ), ਮੇਜਰ ਸਿੰਘ, ਮਨੋਹਰ ਸਿੰਘ ਨੰਬਰਦਾਰ, ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਹੋਰ ਸਬੰਧਤ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।




# ਗੱਡੀ ਦੀ ਸਾਈਡ ਵੱਜਣ ਨਾਲ ਮੋਟਰ-ਸਾਈਕਲ ਸਵਾਰ ਗੰਭੀਰ ਜ਼ਖ਼ਮੀ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਕਲਾਨੌਰ ਪੁਲਸ ਨੇ ਮੋਟਰਸਾਈਕਲ ਨੂੰ ਟੱਕਰ ਮਾਰਨ ਵਾਲੇ ਗੱਡੀ ਚਾਲਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਧਿਆਨ ਮਸੀਹ ਪੁੱਤਰ ਮੰਗਾ ਮਸੀਹ ਵਾਸੀ ਸਾਲੇ ਚੱਕ ਨੇ ਦੱਸਿਆ ਕਿ ਮਿਤੀ 18 ਜਨਵਰੀ ਨੂੰ ਮੈਂ ਅਤੇ ਉਸ ਦਾ ਭਤੀਜਾ ਸਾਵਨ ਮਸੀਹ ਪੁੱਤਰ ਸੈਮੂਅਲ ਮਸੀਹ ਵਾਸੀ ਸਾਲੇ ਚੱਕ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਗੋਸਲ ਤੋਂ ਵਾਪਸ ਆਪਣੇ ਘਰ ਜਾ ਰਹੇ ਸੀ। ਮੋਟਰਸਾਈਕਲ ਨੂੰ ਮੇਰਾ ਭਤੀਜਾ ਸਾਵਨ ਮਸੀਹ ਚਲਾ ਰਿਹਾ ਸੀ। ਸਮਾਂ 4.30 ਵਜੇ ਦੇ ਕਰੀਬ ਜਦ ਉਹ ਟੀ. ਪੁਆਇੰਟ ਡੇਹਰੀਵਾਲ ਕਿਰਨ ਲਾਗੇ ਪੁੱਜੇ ਤਾਂ ਡੇਹਰੀਵਾਲ ਕਿਰਨ ਸਾਈਡ ਵੱਲੋਂ ਇਕ ਗੱਡੀ ਤੇਜ਼ ਰਫਤਾਰ ਨਾਲ ਆਈ ਜਿਸ ਨੂੰ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਦਲੀਪ ਸਿੰਘ ਵਾਸੀ ਡੇਹਰੀਵਾਲ ਚਲਾ ਰਿਹਾ ਸੀ, ਜਿਸ ਨੇ ਆਪਣੀ ਗੱਡੀ ਗਲਤ ਸਾਇਡ ਤੋਂ ਲਿਆ ਕੇ ਮੇਰੇ ਮੋਟਰਸਾਇਕਲ ਵਿਚ ਮਾਰ ਦਿੱਤੀ ਜਿਸ ਨਾਲੀ ਮੇਰੇ ਅਤੇ ਮੇਰੇ ਭਤੀਜੇ ਦੇ ਕਾਫੀ ਸੱਟਾਂ ਲੱਗੀਆਂ ਹਨ ਤੇ ਮੋਟਰਸਾਈਕਲ ਦਾ ਵੀ ਕਾਫੀ ਨੁਕਸਾਨ ਹੋਇਆ ਹੈ। ਪੀੜਤ ਮਲਟੀਸਪੈਸ਼ਲਿਟੀ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਹੈ। ਥਾਣਾ ਕਲਾਨੌਰ ਪੁਲਸ ਨੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸੋਨਾ ਬਾਜਵਾ ਦੀ ਦੇਖ-ਰੇਖ 'ਚ ਭੈਣੀ ਬਾਂਗਰ ਦੇ ਕਬਰਸਤਾਨ 'ਚ ਸ਼ੈੱਡ ਬਣਨੀ ਸ਼ੁਰੂ

ਧਾਰੀਵਾਲ/ਹਰਚੋਵਾਲ (ਮਨਦੀਪ ਵਿੱਕੀ)-ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਭੈਣੀ ਬਾਂਗਰ ਦੇ ਕਬਰਸਤਾਨ ਵਿੱਚ ਸ਼ੈੱਡ ਬਣਾਉਣ ਦਾ ਕੰਮ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਐਕਸ ਸਰਵਿਸਮੈਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਸੋਨਾ ਬਾਜਵਾ ਨੇ ਸ਼ੁਰੂ ਕਰਵਾਇਆ।ਇਸ ਮੌਕੇ ਸੋਨਾ ਬਾਜਵਾ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਪਿੰਡ ਦੇ ਕਬਰਸਤਾਨ ਵਿੱਚ ਸ਼ੈੱਡ ਬਣਾਉਣ ਲਈ ਮਸੀਹ ਭਾਈਚਾਰੇ ਦੇ ਲੋਕ ਮੰਗ ਕਰ ਰਹੇ ਸਨ, ਜਿਸਨੂੰ ਅੱਜ ਪੂਰਾ ਕਰਦੇ ਹੋਏ ਇਹ ਸ਼ੈੱਡ ਬਣਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਸ਼ੈੱਡ ਬਣਾਉਣ ਲਈ ਇਕ ਪੰਜ ਮੈਂਬਰੀ ਕਮੇਟੀ ਦੀਪਕ ਮਸੀਹ ਦੀ ਅਗਵਾਈ ਹੇਠ ਬਣਾਈ ਗਈ ਹੈ, ਇਸ ਪੰਜ ਮੈਂਬਰੀ ਕਮੇਟੀ ਦੀ ਦੇਖ-ਰੇਖ ਹੇਠ ਹੀ ਇਸ ਸ਼ੈੱਡ ਦੀ ਉਸਾਰੀ ਕਰਵਾਈ ਜਾਵੇਗੀ।ਇਸ ਮੌਕੇ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਵੱਲੋਂ ਬਿਨਾਂ ਕਿਸੇ ਪੱਖਪਾਤ ਦੇ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਹਲਕੇ ਅੰਦਰ ਪਿੰਡਾਂ ਵਿੱਚ ਵਿਕਾਸ ਦੇ ਕੰਮ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਪਿੰਡ ਭੈਣੀ ਬਾਂਗਰ ਵਿਚ ਵੀ ਵਿਕਾਸ ਦੇ ਕੰਮ ਚੱਲ ਰਹੇ ਹਨ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਆਪ ਦੇ ਸੀਨੀਅਰ ਆਗੂ ਮਨਜੀਤ ਸਿੰਘ ਬੰਟੀ, ਪੰਚ ਗੁਰਚਰਨ ਸਿੰਘ, ਪੰਚ ਜਨਕ ਰਾਜ, ਰਮੇਸ਼ ਸਿੰਘ, ਗੁਰਮੀਤ ਸਿੰਘ ਕਿੱਦੀ, ਦੀਪਕ ਮਸੀਹ, ਹਰਪਾਲ ਸਿੰਘ ਸਾਗਰ ਆਦਿ ਪਿੰਡ ਵਾਸੀ ਹਾਜ਼ਰ ਸਨ।



# ਦਾਜ ਦੇ ਲੋਭੀਆਂ ਵਿਆਹੁਤਾ ਨੂੰ ਕੁੱਟਮਾਰ ਕਰਕੇ ਘਰੋਂ ਕੱਢਿਆ

## * ਪੁਲਸ ਵੱਲੋਂ ਤਿੰਨ ਖਿਲਾਫ ਮਾਮਲਾ ਦਰਜ

ਫ਼ਿਰੋਜ਼ਪੁਰ (ਗੁਰਬਚਨ ਸਿੰਘ) :ਫ਼ਿਰੋਜ਼ਪੁਰ ਵਿਖੇ ਇਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਉਸ ਦੀ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ ਵਿਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖਿਲਾਫ 498-ਏ, 406 ਆਈਪੀਸੀ ਅਤੇ 4 ਡੋਵਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਇਕ ਨਿਰਮਲ ਕੌਰ ਪੁੱਤਰੀ ਸੁਖਦੇਵ ਸਿੰਘ ਵਾਸੀ ਸ਼ਾਹ ਵਾਲਾ ਰੋਡ ਨੇੜੇ ਗੁਰਦੁਆਰਾ ਹਰਨਾਮਸਰ ਜ਼ੀਰਾ ਨੇ ਦੱਸਿਆ ਕਿ ਇਕ ਦਰਖਾਸਤ ਨੰਬਰ ਯੂਆਈਡੀ 532848 ਮਿਤੀ 19 ਫਰਵਰੀ 2025 ਪੜਤਾਲ ਉਪ ਕਪਤਾਨ ਪੁਲਸ ਜ਼ੀਰਾ ਸਬ-ਡਵੀਜ਼ਨ ਬਾਅਦ ਕਾਨੂੰਨੀ ਰਾਏ ਡੀਏ ਲੀਗਲ ਫਿਰੋਜ਼ਪੁਰ ਅਤੇ ਬਾਅਦ ਮਨਜ਼ੂਰੀ ਸੀਨੀਅਰ ਕਪਤਾਨ ਫਿਰੋਜ਼ਪੁਰ ਮੌਸੂਲ ਹੋਈ ਸੀ ਜਿਸ ਵਿਚ ਨਿਰਮਲ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ 27 ਮਈ 2024 ਨੂੰ ਗੁਰਪ੍ਰੀਤ ਸਿੰਘ ਪੱਡਾ ਪੁੱਤਰ ਕਸ਼ਮੀਰ ਸਿੰਘ ਵਾਸੀ ਸਵਾਸਥਿਕ ਵਿਹਾਰ ਜੀਰਕਪੁਰ ਐੱਸਏਐੱਸ ਨਗਰ ਮੋਹਾਲੀ ਨਾਲ ਹੋਇਆ ਸੀ।ਵਿਆਹੁਤਾ ਨਿਰਮਲ ਕੌਰ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਦਿੱਤਾ ਸੀ, ਪਰ ਉਸ ਦਾ ਪਤੀ ਗੁਰਪ੍ਰੀਤ ਸਿੰਘ ਪੱਡਾ ਅਤੇ ਉਸ ਦਾ ਮਾਮਾ ਸੁਜਾਨ ਸਿੰਘ ਕੁਲਾਰ ਅਤੇ ਮਾਮੀ ਪਰਮਜੀਤ ਕੌਰ ਕੁਲਾਰ ਵਾਸੀ ਮਕਾਨ ਨੰਬਰ 2310 ਸੈਕਟਰ 35-ਸੀ, ਚੰਡੀਗੜ੍ਹ ਇਸ ਦਾਜ ਦਹੇਜ ਤੋਂ ਖੁਸ਼ ਨਹੀਂ ਸਨ ਤੇ ਉਸ ਕੋਲੋਂ ਹੋਰ ਦਾਜ ਦੀ ਮੰਗ ਕਰਦੇ ਸਨ। ਨਿਰਮਲ ਕੌਰ ਨੇ ਦੱਸਿਆ ਕਿ ਉਸ ਵੱਲੋਂ ਇਨਕਾਰ ਕਰਨ 'ਤੇ ਗੁਰਪ੍ਰੀਤ ਸਿੰਘ ਉਸ ਨੂੰ ਛੱਡ ਕੇ ਅਮਰੀਕਾ ਚਲਾ ਗਿਆ ਅਤੇ ਮਗਰੋਂ ਉਸ ਦੇ ਮਾਮਾ ਅਤੇ ਮਾਮੀ ਨੇ ਉਸ ਦੀ ਕੁੱਟਮਾਰ ਕਰਕੇ ਆਪਣੇ ਘਰੋਂ ਕੱਢ ਦਿੱਤਾ।

ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਪੁਲਸ ਨੇ ਉਕਤ ਵਿਆਹੁਤਾ ਦੇ ਪਤੀ ਅਤੇ ਉਸ ਦੇ ਮਾਮਾ, ਮਾਮੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸਕੂਲ ਆਫ ਐਮੀਨੈਂਸ ਦਾਖਲਾ ਟੈਸਟ ਲਈ ਰਜਿਸਟ੍ਰੇਸ਼ਨ ਦੇ ਸਮੇਂ 'ਚ ਵਾਧਾ

ਧਾਰੀਵਾਲ, (ਮਨਦੀਪ ਵਿੱਕੀ)-ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲ ਆਫ ਐਮੀਨੈਂਸ ਵਿੱਚ ਵੀ 9ਵੀਂ ਅਤੇ 11ਵੀਂ ਜਮਾਤ ਦੇ ਦਾਖਲੇ ਲਈ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 20-01-2026 ਨਿਸ਼ਚਿਤ ਕੀਤੀ ਸੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪਰਮਜੀਤ ਨੇ ਦੱਸਿਆ ਕਿ ਫੀਲਡ ਤੋਂ ਆ ਰਹੀ ਮੰਗ ਅਨੁਸਾਰ ਹੁਣ ਐੱਸਸੀਈਆਰਟੀ ਪੰਜਾਬ ਨੇ ਇਸ ਦਾਖਲਾ ਟੈਸਟ ਲਈ ਰਜਿਸਟ੍ਰੇਸ਼ਨ ਮਿਤੀ ਵਿੱਚ 25-01-2026 ਤੱਕ ਵਾਧਾ ਕਰ ਦਿੱਤਾ ਹੈ।



ਉਨ੍ਹਾਂ ਜ਼ਿਲ੍ਹੇ ਦੇ ਸਮੂਹ ਸਕੂਲਾਂ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਲਈ ਅਪੀਲ ਕੀਤੀ ।ਜ਼ਿਲ੍ਹਾ ਨੋਡਲ ਅਫਸਰ ਅਮਰਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਜ਼ਿਲ੍ਹੇ ਦੇ ਵਿਦਿਆਰਥੀਆਂ ਨੂੰ ਇਸ ਟੈਸਟ ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣੀ ਚਾਹੀਦੀ ਹੈ ਤਾਂ ਜੋ ਕੋਈ ਵੀ ਯੋਗ ਵਿਦਿਆਰਥੀ ਇਸ ਦਾਖਲਾ ਟੈਸਟ ਪ੍ਰੀਖਿਆ ਤੋਂ ਵਾਂਝਾ ਨਾ ਰਹੇ ।

ਉਨ੍ਹਾਂ ਅੱਗੇ ਦੱਸਿਆ ਕਿ 9ਵੀ ਅਤੇ 11ਵੀਂ ਜਮਾਤ ਵਿੱਚ ਦਾਖਲਾ ਟੈਸਟ ਲਈ ਸਾਂਝੀ ਮਿਤੀ 01-03-2026 ਨਿਸ਼ਚਿਤ ਕੀਤੀ ਗਈ ਹੈ ਜਿਸ ਵਾਸਤੇ ਐੱਸਸੀਈਆਰਟੀ ਪੰਜਾਬ ਵੱਲੋਂ ਮਿਥੀ ਮਿਤੀ ਤੋਂ ਪਹਿਲਾਂ ਪਹਿਲਾਂ ਯੋਗ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਕਰ ਦਿੱਤੇ ਜਾਣਗੇ।

ਇੱਥੇ ਇਹ ਵਰਨਣਯੋਗ ਹੈ ਕਿ 9ਵੀਂ ਅਤੇ 11ਵੀਂ ਜਮਾਤ ਵਿੱਚ ਸਕੂਲ ਆਫ ਐਮੀਨੈਂਸ ਦਾ ਟੈਸਟ ਪਾਸ ਕਰ ਚੁੱਕੇ ਵਿਦਿਆਰਥੀ ਵੱਖ-ਵੱਖ ਸਟਰੀਮ ਸਾਇੰਸ ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਵਿੱਚ ਦਾਖਲਾ ਲੈਣਗੇ ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਗਿਣਤੀ ਅਤੇ ਸਹੂਲਤ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹੇ ਵਿੱਚ ਹੀ ਬਲਾਕ ਪੱਧਰ ਤੇ ਪ੍ਰੀਖਿਆ ਕੇਂਦਰ ਸਥਾਪਿਤ ਕੀਤੇ ਜਾਣਗੇ ।

ਸ: ਪੁਰੇਵਾਲ ਨੇ ਦੱਸਿਆ ਕਿ ਇਸ ਟੈਸਟ ਵਾਸਤੇ ਸਰਕਾਰੀ ਸਕੂਲਾਂ ਤੋਂ ਇਲਾਵਾ ਜ਼ਿਲ੍ਹੇ ਦੇ ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਵੀ ਅਪਲਾਈ ਕਰ ਸਕਦੇ ਹਨ ।ਰਜਿਸਟ੍ਰੇਸ਼ਨ ਲਈ http//schoolifem-inence.pseb.ac.in ਲਿੰਕ 'ਤੇ ਵਿਜ਼ਟ ਕੀਤਾ ਜਾ ਸਕਦਾ ਹੈ।

# ਸ਼ਤਾਬਦੀ ਸਮਾਗਮਾਂ ਦੌਰਾਨ ਸ੍ਰੀ ਹਜ਼ੂਰ ਸਾਹਿਬ ਲਈ ਅੰਮ੍ਰਿਤਸਰ, ਚੰਡੀਗੜ੍ਹ ਤੇ ਦਿੱਲੀ ਤੋਂ ਲੱਗੀਆਂ ਸਪੈਸ਼ਲ ਟ੍ਰੇਨਾਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ (ਸਰਪ੍ਰਸਤ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ) ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਗਿਆਨੀ ਕੁਲਵੰਤ ਸਿੰਘ ਦੀ ਅਗਵਾਈ ਹੇਠ 'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 24 ਤੇ 25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਵਿਸ਼ਾਲ ਪੱਧਰ 'ਤੇ ਮਨਾਏ ਜਾ ਰਹੇ ਦੋ ਦਿਨਾਂ ਸ਼ਤਾਬਦੀ ਸਮਾਗਮਾਂ ਲਈ ਸੰਗਤਾਂ ਦੀ ਵੱਡੀ ਆਮਦ ਨੂੰ ਦੇਖਦੇ ਹੋਏ ਖਾਸ ਉਪਰਾਲੇ ਕੀਤੇ ਗਏ ਹਨ ਜਿਸ ਤੋਂ ਬਾਅਦ ਉੱਤਰੀ ਰੇਲਵੇ ਚੰਡੀਗੜ੍ਹ-ਨਾਂਦੇੜ-ਚੰਡੀਗੜ੍ਹ, ਹਜ਼ਰਤ ਨਿਜ਼ਾਮੁਦੀਨ-ਨਾਂਦੇੜ-ਹਜ਼ਰਤ ਨਿਜ਼ਾਮੁਦੀਨ ਤੇ ਅੰਮ੍ਰਿਤਸਰ-ਚੇਰਲਾਪੱਲੀ (ਨਾਂਦੇੜ)-ਅੰਮ੍ਰਿਤਸਰ ਰੂਟ 'ਤੇ ਆਉਣ-ਜਾਣ ਲਈ ਸੰਗਤਾਂ ਦੀ ਸਹੂਲਤ ਲਈ 6 ਸਪੈਸ਼ਲ ਟ੍ਰੇਨਾਂ ਚਲਾਈਆਂ ਜਾ ਰਹੀਆਂ ਹਨ।ਇਸਦੇ ਨਾਲ ਹੀ ਸੰਗਤਾਂ ਦੇ ਹਵਾਈ ਸਫਰ ਲਈ ਫਲਾਈਟਾਂ 'ਚ ਵੀ ਵਾਧਾ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ। ਦੱਖਣੀ ਕੇਂਦਰੀ ਰੇਲਵੇ ਨਾਂਦੇੜ ਡਿਵੀਜ਼ਨ ਤੋਂ ਜਾਰੀ ਸੂਚੀ ਅਨੁਸਾਰ ਪਹਿਲੀ ਸਪੈਸ਼ਲ ਟ੍ਰੇਨ (04642, ਅੰਮ੍ਰਿਤਸਰ ਚੇਰਲਾਪੱਲੀ) 23 ਤੇ 24 ਜਨਵਰੀ ਨੂੰ ਸਵੇਰੇ 03.35 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ ਤੇ ਤੀਜੇ ਦਿਨ ਸਵੇਰੇ 03.30 ਵਜੇ ਚੇਰਲਾਪੱਲੀ (ਨਾਂਦੇੜ) ਪਹੁੰਚੇਗੀ, ਜਦਕਿ ਦੂਜੀ ਸਪੈਸ਼ਲ ਟ੍ਰੇਨ (04641,ਚੇਰਲਾਪੱਲੀ-ਅੰਮ੍ਰਿਤਸਰ ) 25 ਤੇ 26 ਜਨਵਰੀ ਨੂੰ ਚੇਰਲਾਪੱਲੀ (ਨਾਂਦੇੜ) ਤੋਂ ਦੁਪਹਿਰ 03.40



ਵਜੇ ਚੱਲ ਕੇ ਤੀਜੇ ਦਿਨ 03.10 ਵਜੇ ਅੰਮ੍ਰਿਤਸਰ ਪਹੁੰਚੇਗੀ।ਤੀਜੀ ਸਪੈਸ਼ਲ ਟ੍ਰੇਨ (04524, ਚੰਡੀਗੜ੍ਹ-ਹਜ਼ੂਰ ਸਾਹਿਬ ਨਾਂਦੇੜ) 23 ਤੇ 24 ਜਨਵਰੀ ਨੂੰ ਸਵੇਰੇ 05.40 ਵਜੇ ਚੰਡੀਗੜ੍ਹ ਤੋਂ ਰਵਾਨਾ ਹੋਵੇਗੀ ਤੇ ਅਗਲੇ ਦਿਨ ਦੁਪਹਿਰ 01.30 ਵਜੇ ਹਜ਼ੂਰ ਸਾਹਿਬ ਨਾਂਦੇੜ ਪਹੁੰਚੇਗੀ,ਜਦਕਿ ਚੌਥੀ ਸਪੈਸ਼ਲ ਟ੍ਰੇਨ (04523,ਹਜ਼ੂਰ ਸਾਹਿਬ ਨਾਂਦੇੜ-ਚੰਡੀਗੜ੍ਹ) 25 ਤੇ 26 ਜਨਵਰੀ ਨੂੰ ਰਾਤ 9.00 ਵਜੇ ਹਜ਼ੂਰ ਸਾਹਿਬ ਨਾਂਦੇੜ ਤੋਂ ਚੱਲ ਕੇ ਤੀਜੇ ਦਿਨ ਸਵੇਰੇ 08.00 ਵਜੇ ਉਸੇ ਰੂਟ ਤੇ ਚੰਡੀਗੜ੍ਹ ਪਹੁੰਚੇਗੀ।ਪੰਜਵੀਂ ਸਪੈਸ਼ਲ ਟ੍ਰੇਨ (04494, ਹਜ਼ਰਤ ਨਿਜ਼ਾਮੁਦੀਨ-ਹਜ਼ੂਰ ਸਾਹਿਬ ਨਾਂਦੇੜ) 23 ਤੇ 24 ਜਨਵਰੀ ਨੂੰ ਦਿੱਲੀ ਦੇ ਹਜ਼ਰਤ ਨਿਜ਼ਾਮੁਦੀਨ ਸ਼ਟੇਸ਼ਨ ਤੋਂ ਦੁਪਹਿਰ 12.30 ਵਜੇ ਰਵਾਨਾ ਹੋਵੇਗੀ ਤੇ ਅਗਲੇ ਦਿਨ ਸ਼ਾਮ 4.20 ਵਜੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪਹੁੰਚੇਗੀ, ਜਦਕਿ ਵਾਪਸੀ ਲਈ ਛੇਵੀਂ ਸ਼ਪੈਸ਼ਲ ਟ੍ਰੇਨ (04493,ਹਜ਼ੂਰ ਸਾਹਿਬ ਨਾਂਦੇੜ-ਹਜ਼ਰਤ ਨਿਜ਼ਾਮੁਦੀਨ) 24 ਤੇ 25 ਜਨਵਰੀ ਨੂੰ ਰਾਤ 08.10 ਵਜੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਚੱਲ ਕੇ ਅਗਲੇ ਦਿਨ ਰਾਤ 11.20 ਵਜੇ ਵਾਪਸ ਹਜ਼ਰਤ ਨਿਜ਼ਾਮੁਦੀਨ ਪਹੁੰਚੇਗੀ।ਸੰਤ ਬਾਬਾ ਕੁਲਵੰਤ ਸਿੰਘ ਜਥੇਦਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ, ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸੰਤ ਬਾਬਾ ਹਰਨਾਮ ਸਿੰਘ (ਮੁਖੀ ਦਮਦਮੀ ਟਕਸਾਲ) ਤੇ ਮੁੱਖ ਮੰਤਰੀ ਮਹਾਰਾਸ਼ਟਰਾ ਰਾਹਤ ਫੰਡ ਦੇ ਇੰਚਾਰਜ ਰਾਮੇਸ਼ਵਰ ਨਾਇਕ, ਭਾਈ ਜਸਪਾਲ ਸਿੰਘ ਸਿੱਧੂ ਚੇਅਰਮੈਨ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ ਤੇ ਚਰਨਦੀਪ ਸਿੰਘ ਹੈਪੀ ਮੈਂਬਰ ਮਨਓਰਟੀ ਕਮਿਸ਼ਨ ਮਹਾਂਰਾਸ਼ਟਰ ਸਰਕਾਰ ਨੇ ਸੰਗਤਾਂ ਦੀ ਵੱਡੀ ਸਹੂਲਤ ਲਈ ਮੁੱਖ ਮੰਤਰੀ ਦਵਿੰਦਰ ਫੜਨਵੀਸ ਤੇ ਰੇਲਵੇ ਵਿਭਾਗ ਵੱਲੋਂ ਉਕਤ ਸਪੈਸ਼ਲ ਟ੍ਰੇਨਾਂ ਚਲਾਏ ਜਾਣ ਦੇ ਫੈਸਲੇ ਦਾ ਨਿੱਘਾ ਸਵਾਗਤ ਕਰਦਿਆਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੌਰਾਨ 24-25 ਜਨਵਰੀ ਨੂੰ ਵੱਡੀ ਗਿਣਤੀ 'ਚ ਹੁੰਮ ਹੁੰਮਾ ਕੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ 2 ਰੋਜ਼ਾ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

# ਨੌਜਵਾਨ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਬੇਪਛਾਣੇ ਵਿਅਕਤੀਆਂ ਵੱਲੋਂ ਹਮਲਾ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਇਕ ਨੌਜਵਾਨ ਉਤੇ ਜਾਨਲੇਵਾ ਹਮਲਾ ਕਰਨ ਵਾਲੇ ਕੁਝ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮੰਗਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਸਹੂਰ ਕਲਾਂ ਨੇ ਦੱਸਿਆ ਕਿ ਮੇਰਾ ਲੜਕਾ ਦਿਲਪ੍ਰੀਤ ਸਿੰਘ ਉਮਰ 22 ਸਾਲ ਬਟਾਲਾ ਸ਼ੂਗਰ ਮਿੱਲ ਵਿੱਚ 15 ਜਨਵਰੀ ਨੂੰ ਆਪਣਾ ਗੰਨਾ ਟਰੈਕਟਰ ਟਰਾਲੀ 'ਤੇ ਲੈ ਕੇ ਗਿਆ ਸੀ ਜਿਥੇ ਦਿਲਪ੍ਰੀਤ ਸਿੰਘ ਦੀ ਕੁਝ ਲੜਕਿਆਂ ਨਾਲ ਟਰੈਕਟਰ ਟਰਾਲੀ ਅੱਗੇ ਪਿੱਛੇ ਕਰਨ ਨੂੰ ਲੈ ਕੇ ਬਹਿਸਬਾਜ਼ੀ ਹੋਈ ਸੀ। 16 ਜਨਵਰੀ ਨੂੰ ਮੈਨੂੰ ਲੜਕੇ ਨੇ ਫੋਨ ਕਰਕੇ ਦੱਸਿਆ ਕਿ ਅਜੇ ਕੁਝ ਦਿਨ ਟਰਾਲੀ ਖਾਲੀ ਕਰਨ ਨੂੰ ਲੱਗ ਜਾਣੇ ਹਨ, ਉਹ ਬੱਸ ਰਾਹੀਂ ਗੁਰਦਾਸਪੁਰ ਆ ਰਿਹਾ ਹੈ, ਮੈਨੂੰ ਬੱਸ ਸਟੈਂਡ ਤੋਂ ਆ ਕੇ ਲੈ ਜਾਣਾ। ਉਸੇ ਦਿਨ ਦੁਪਹਿਰ 12.30 ਵਜੇ ਦੇ ਕਰੀਬ ਮੇਰਾ ਲੜਕਾ ਬੱਸ ਸਟੈਂਡ ਪੁੱਜਾ ਕਿ ਇੰਨੇ ਨੂੰ ਇਕ ਸਕੂਟਰੀ ਅਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ 5 ਨਾ-ਮਾਲੂਮ ਵਿਅਕਤੀ ਆਏ ਅਤੇ ਜਿਨ੍ਹਾਂ ਪਾਸ ਦਾਤਰ ਅਤੇ ਕਿਰਪਾਨਾਂ ਸਨ, ਜਿਨ੍ਹਾਂ ਨੇ ਦਿਲਪ੍ਰੀਤ ਸਿੰਘ ਨੂੰ ਮਾਰ ਦੇਣ ਦੀ ਨੀਅਤ ਨਾਲ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ, ਜੋ ਦਿਉਲ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਹੈ। ਪੁਲਸ ਨੇ ਪੰਜ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸੁਸਾਇਟੀ ਦੇ ਮੈਂਬਰਾਂ ਦੀ ਮੀਟਿੰਗ ਭਲਕੇ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** : ਸ੍ਰੀ ਗੁਰੂ ਰਵਿਦਾਸ ਮਿਸ਼ਨ ਸੇਵਾ ਸੁਸਾਇਟੀ ਦੇ ਮੈਂਬਰਾਂ ਦੀ ਮੀਟਿੰਗ 23 ਜਨਵਰੀ ਨੂੰ ਰੱਖੀ ਗਈ ਹੈ। ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਲਛਮਣ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 1 ਫਰਵਰੀ ਨੂੰ ਮਨਾਉਣ ਸਬੰਧੀ ਇਹ ਮੀਟਿੰਗ ਗੁਰਦੁਆਰਾ ਸ਼੍ਰੋਮਣੀ ਸ਼ਹੀਦ ਭਾਈ ਸੰਗਤ ਸਿੰਘ ਵਿਖੇ ਸ਼ਾਮ ਨੂੰ 4 ਵਜੇ ਰੱਖੀ ਗਈ ਹੈ।

# ਐੱਲ ਪੀ ਯੂ ਦੇ ਵਿਦਿਆਰਥੀ ਦੀ ਗਣਤੰਤਰ ਦਿਵਸ ਸਮਾਰੋਹ ਲਈ ਚੋਣ



**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਤਿੰਨ ਵਿਦਿਆਰਥੀਆਂ ਨੂੰ 26 ਜਨਵਰੀ, 2026 ਨੂੰ ਨਵੀਂ ਦਿੱਲੀ ਦੇ ਕਰਤਵਯ ਪਥ 'ਤੇ ਹੋਣ ਵਾਲੇ 77ਵੇਂ ਰਾਸ਼ਟਰੀ ਗਣਤੰਤਰ ਦਿਵਸ ਸਮਾਰੋਹ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਹੈ। ਇਸ ਸਾਲ ਦੀ ਵੱਕਾਰੀ ਪਰੇਡ ਵੰਦੇ ਮਾਤਰਮ ਦੇ 150 ਸਾਲਾਂ ਦਾ ਜਸ਼ਨ ਮਨਾਏਗੀ, ਜੋ ਭਾਰਤ ਦੀ ਦੇਸ਼ ਭਗਤੀ ਅਤੇ ਰਾਸ਼ਟਰੀ ਏਕਤਾ ਦੀ ਅਮੀਰ ਵਿਰਾਸਤ ਨੂੰ ਉਜਾਗਰ ਕਰੇਗੀ।ਚੁਣੇ ਗਏ ਕੈਡਿਟਾਂ ਵਿੱਚ ਕੈਡੇਟ ਅੰਕਿਤ ਕੁਮਾਰ (ਬੀ ਟੈਕ ਸੀ ਐੱਸ ਈ, ਦੂਜਾ ਸਾਲ), ਕੈਡੇਟ ਸਕਸ਼ਮ ਸ਼ਰਮਾ (ਬੀ ਟੈਕ ਸੀ ਐੱਸ ਈ, ਦੂਜਾ ਸਾਲ), ਤੇ ਕੈਡੇਟ ਸ਼ੁਭਾਂਗ ਜੈਮਨ (ਬੀ ਟੈਕ ਸੀ ਐੱਸ ਈ, ਤੀਜਾ ਸਾਲ) ਸ਼ਾਮਲ ਹਨ, ਜਿਨ੍ਹਾਂ ਨੂੰ ਦੇਸ਼ ਦੇ ਸਭ ਤੋਂ ਉੱਚੇ ਪਤਵੰਤਿਆਂ ਦੇ ਸਾਹਮਣੇ ਲਹਿਰਾਏ ਗਏ ਤਿਰੰਗੇ ਨੂੰ ਸਲਾਮੀ ਦੇਣ ਦਾ ਮਾਣ ਪ੍ਰਾਪਤ ਹੋਵੇਗਾ। ਇਸ ਸਮਾਰੋਹ ਵਿੱਚ ਭਾਰਤ ਦੇ ਮਾਣਯੋਗ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ, ਨਰਿੰਦਰ ਮੋਦੀ, ਅਤੇ ਅੰਤਰਰਾਸ਼ਟਰੀ ਮੁੱਖ ਮਹਿਮਾਨ, ਯੂਰਪੀਅਨ ਕੌਂਸਲ ਦੇ ਪ੍ਰਧਾਨ ਸ਼੍ਰੀ ਐਂਟੋਨੀਓ ਕੋਸਟਾ ਤੇ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਸ਼੍ਰੀਮਤੀ ਉਰਸੁਲਾ ਵਾਨ ਡੇਰ ਲੇਅਨ ਸ਼ਾਮਲ ਹੋਣਗੇ।ਯੁਵਾ ਮਾਮਲੇ ਅਤੇ ਖੇਡ ਮੰਤਰਾਲੇ (ਭਾਰਤ ਸਰਕਾਰ) ਨੇ ਦੇਸ਼ ਦੇ ਪੰਜ ਖੇਤਰਾਂ ਦੇ ਲੱਖਾਂ ਵਿਦਿਆਰਥੀ ਵਲੰਟੀਅਰਾਂ ਵਿੱਚੋਂ ਐੱਲ ਪੀ ਯੂ ਕੈਡਿਟਾਂ ਦੀ ਚੋਣ ਦੇਸ਼ ਦੇ ਸਭ ਤੋਂ ਵੱਧ ਪ੍ਰਤੀਯੋਗੀ ਚੋਣ ਪ੍ਰਕਿਰਿਆਵਾਂ ਵਿੱਚੋਂ ਇੱਕ ਰਾਹੀਂ ਕੀਤੀ। ਤਿੰਨਾਂ ਕੈਡਿਟਾਂ ਨੇ ਅਨੁਸ਼ਾਸਨ, ਧੀਰਜ, ਅਗਵਾਈ ਅਤੇ ਸੇਵਾ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ 100 ਦਿਨਾਂ ਦੇ ਰਾਸ਼ਟਰੀ ਪੱਧਰ ਦੇ ਸਿਖਲਾਈ ਕੈਂਪ ਨੂੰ ਸਫਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਆਪਣਾ ਸਥਾਨ ਪ੍ਰਾਪਤ ਕੀਤਾ।ਰਾਸ਼ਟਰੀ ਸਮਾਰੋਹਾਂ ਵਿੱਚ ਐੱਲ ਪੀ ਯੂ ਦੀ ਮੌਜੂਦਗੀ ਵਿੱਚ ਹੋਰ ਵੀ ਮਹੱਤਵਪੂਰਨ ਵਾਧਾ ਕਰਦੇ ਹੋਏ, ਪੰਕਜ ਵਰਮਾ, ਬੀਏ, ਦੂਜੇ ਸਾਲ, ਨੂੰ ਡਿਊਟੀ ਦੇ ਮਾਰਗ 'ਤੇ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਵੀ ਚੁਣਿਆ ਗਿਆ ਹੈ। ਦੇਸ਼ ਭਰ ਤੋਂ ਚੁਣੇ ਗਏ 2,500 ਤੋਂ ਵੱਧ ਸੱਭਿਆਚਾਰਕ ਕਲਾਕਾਰਾਂ ਵਿੱਚੋਂ, ਪੰਕਜ ਵਰਮਾ ਇੱਕ ਭੰਗੜਾ ਕਲਾਕਾਰ ਵਜੋਂ ਪੰਜਾਬ ਦੀ ਜੀਵੰਤ ਵਿਰਾਸਤ ਦੀ ਨੁਮਾਇੰਦਗੀ ਕਰਨਗੇ, ਜੋ ਗਣਤੰਤਰ ਦਿਵਸ ਸਮਾਰੋਹਾਂ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਕਾਰੀ ਸੱਭਿਆਚਾਰਕ ਪ੍ਰਦਰਸ਼ਨਾਂ ਵਿੱਚੋਂ ਇੱਕ ਵਿੱਚ ਯੋਗਦਾਨ ਪਾਉਣਗੇ।

# ਗਣਤੰਤਰ ਦਿਵਸ ਮਨਾਉਣ ਸੰਬੰਧੀ ਕਿਸੇ ਵੀ ਵਿਭਾਗ ਵੱਲੋਂ ਅਣਗਹਿਲੀ ਬਰਦਾਸ਼ਤ ਨਹੀਂ : ਐੱਸ ਡੀ ਐੱਮ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

26 ਜਨਵਰੀ ਨੂੰ ਗਣਤੰਤਰ ਦਿਵਸ ਨੂੰ ਬੜੇ ਹੀ ਸ਼ਾਨੋਸ਼ੌਕਤ ਅਤੇ ਸੁਚੱਜੇ ਢੰਗ ਨਾਲ ਮਨਾਉਣ ਸਬੰਧੀ ਜ਼ੋਰ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਤੇ ਤਿਆਰੀਆਂ ਨੂੰ ਨੇਪਰੇ ਚਾੜਨ ਲਈ ਵੱਖ-ਵੱਖ ਸਰਕਾਰੀ ਮਹਿਕਮਿਆਂ ਨੂੰ ਹਦਾਇਤਾਂ ਜਾਰੀ ਕਰਨ ਸਬੰਧੀ ਟਾਂਡਾ ਦੇ ਐੱਸ ਡੀ ਐੱਮ ਲਵਪ੍ਰੀਤ ਸਿੰਘ ਔਲਖ ਨੇ ਇੱਕ ਮੀਟਿੰਗ ਕੀਤੀ ਜਿਸ ਵਿੱਚ ਸੁਪਰਡੈਂਟ ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਤਿਲਕ ਰਾਜ, ਸਨੇਹ ਲਤਾ, ਨੀਰਜ ਕੁਮਾਰ ਤੋਂ ਇਲਾਵਾ ਹੋਰ ਮਹਿਕਮੇ ਦੇ ਅਧਿਕਾਰੀ ਹਾਜ਼ਰ ਸਨ।ਐਸ.ਡੀ.ਐਮ ਲਵਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਗਣਤੰਤਰ ਦਿਵਸ ਇੱਕ ਰਾਸ਼ਟਰੀ ਤਿਉਹਾਰ ਹੈ ਜਿਸ ਨੂੰ ਪੂਰੇ ਅਨੁਸ਼ਾਸਨ, ਦੇਸ਼ ਭਗਤੀ ਦੀ ਭਾਵਨਾ ਅਤੇ ਉੱਚ ਮਿਆਰਾਂ ਨਾਲ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਗਣਤੰਤਰ ਦਿਵਸ ਦੇ ਮੌਕੇ ਤੇ ਕੜੇ ਸੁਰੱਖਿਆ ਪ੍ਰਬੰਧ ਪੁਲਸ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਅਤੇ ਸਮਾਗਮ ਵਾਲੀ ਥਾਂ ਤੇ ਸਾਫ਼ ਸਫ਼ਾਈ ਰੱਖਣ ਸੰਬੰਧੀ ਸਬੰਧਿਤ ਵਿਭਾਗ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ।ਉਨ੍ਹਾਂ ਕਿਹਾ ਕਿ ਇਸ ਸਮਾਗਮ ਦੌਰਾਨ ਕਿਸੇ ਵੀ ਸਰਕਾਰੀ ਵਿਭਾਗ ਵੱਲੋਂ ਕੀਤੀਆਂ ਗਈਆਂ ਅਣਗਹਿਲੀਆਂ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਾਰੇ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਇਸ ਗਣਤੰਤਰ ਦਿਵਸ ਨੂੰ ਮਿਲ ਜੁਲ ਕੇ ਮਨਾਉਣ ਤਾਂ ਜੋ ਇਹ ਸਮਾਗਮ ਬਿਨਾਂ ਸ਼ੰਕਤ ਨਾਲ ਸੰਪੰਨ ਹੋ ਸਕੇ।

# ਡਾ. ਪ੍ਰਦੀਪ ਨੰਗਲੂ ਮਾਨਸਰੋਵਰ ਸਾਹਿਤ ਅਕੈਡਮੀ ਦੇ ਸਲਾਹਕਾਰ ਨਿਯੁਕਤ

**ਰਾਜਸਥਾਨ, (ਨ ਜ਼ ਸ)**



ਮਾਨਸਰੋਵਰ ਵੈਲਫੇਅਰ ਫਾਉਂਡੇਸ਼ਨ ਅਧੀਨ ਚੱਲ ਰਹੀ ਪ੍ਰਸਿੱਧ ਸਾਹਿਤਕ ਅਤੇ ਸੰਸਕ੍ਰਿਤਿਕ ਸੰਸਥਾ ਮਾਨਸਰੋਵਰ ਸਾਹਿਤ ਅਕੈਡਮੀ ਨੇ ਅਮਰੀਕਾ (ਕੈਲੀਫੋਰਨੀਆ) ਦੇ ਪ੍ਰਸਿੱਧ ਮਨੋਵਿਗਿਆਨੀ ਤੇ ਮਾਨਸਿਕ ਸਿਹਤ ਮਾਹਰ ਡਾ. ਪਰਦੀਪ ਨੰਗਲੂ ਨੂੰ ਇੱਕ ਸਾਲ ਲਈ ਆਪਣਾ ਸਲਾਹਕਾਰ ਨਿਯੁਕਤ ਕੀਤਾ ਹੈ। ਇਹ ਨਿਯੁਕਤੀ 19 ਜਨਵਰੀ 2026 ਤੋਂ 19 ਜਨਵਰੀ 2027 ਤੱਕ ਪ੍ਰਭਾਵੀ ਰਹੇਗੀ।ਅਕੈਡਮੀ ਸਾਹਿਤ, ਰਚਨਾਤਮਕ ਲੇਖਨ ਅਤੇ ਸੰਸਕ੍ਰਿਤਿਕ ਮੁੱਲਾਂ ਦੇ ਪ੍ਰਚਾਰ ਲਈ ਸਮਰਪਿਤ ਹੈ। ਡਾ. ਨੰਗਲੂ ਦੇ ਵਿਸ਼ਾਲ ਅਨੁਭਵ, ਮਾਰਗਦਰਸ਼ਨ ਅਤੇ ਬੌਧਿਕ ਯੋਗਦਾਨ ਨੂੰ ਮੱਦੇਨਜ਼ਰ ਰੱਖਦੇ ਹੋਏ, ਅਕੈਡਮੀ ਨੇ ਇਹ ਮਹੱਤਵਪੂਰਨ ਫ਼ੈਸਲਾ ਲਿਆ ਹੈ। ਆਪਣੇ ਸਲਾਹਕਾਰ ਭੂਮਿਕਾ ਵਿੱਚ ਡਾ. ਨੰਗਲੂ ਸਾਹਿਤਕ, ਅਕਾਦਮਿਕ ਅਤੇ ਸੰਸਕ੍ਰਿਤਿਕ ਗਤੀਵਿਧੀਆਂ ਵਿੱਚ ਰਣਨੀਤਿਕ ਮਾਰਗਦਰਸ਼ਨ ਪ੍ਰਦਾਨ ਕਰਨਗੇ, ਜਿਸ ਨਾਲ ਸੰਸਥਾ ਦੇ ਵਿਜ਼ਨ ਅਤੇ ਉਦੇਸ਼ ਹੋਰ ਮਜ਼ਬੂਤ ਹੋਣਗੇ। ਇਹ ਨਿਯੁਕਤੀ ਸਨਮਾਨਾਤਮਕ ਅਤੇ ਸਵੈਇੱਛੁਕ ਹੈ, ਜੋ ਅਕੈਡਮੀ ਦੀ ਅੰਤਰਰਾਸ਼ਟਰੀ ਸਹਿਯੋਗ ਅਤੇ ਸੰਸਕ੍ਰਿਤਿਕ ਉਤਕ੍ਰਿਸ਼ਟਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਅਕੈਡਮੀ ਦੇ ਪ੍ਰਬੰਧਕਾਂ ਨੇ ਡਾ. ਪਰਦੀਪ ਨੰਗਲੂ ਦਾ ਹਾਰਦਿਕ ਸਵਾਗਤ ਕਰਦੇ ਹੋਏ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਉਨ੍ਹਾਂ ਦੀ ਦੂਰਦਰਸ਼ਤਾ ਅਤੇ ਅਨੁਭਵ ਨਾਲ ਭਾਰਤ ਅਤੇ ਵਿਦੇਸ਼ਾਂ ਵਿੱਚ ਸਾਹਿਤ ਅਤੇ ਸੰਸਕ੍ਰਿਤੀ ਦੇ ਪ੍ਰਸਾਰ ਨੂੰ ਨਵੀਂ ਦਿਸ਼ਾ ਮਿਲੇਗੀ।

# 25 ਨੌਜਵਾਨ ਕਿਸਾਨ ਕਮੇਟੀ ਦੋਆਬਾ ਪੰਜਾਬ 'ਚ ਸ਼ਾਮਲ



**ਮਹਿਤਿਆਣਾ (ਜਗਤਾਰ ਸਿੰਘ ਡੂੰਗਰਾਨੀ)**

ਪਿੰਡ ਦਿਹਾਣਾ ਜੱਟਾਂ ਵਿਖੇ ਕਿਸਾਨ ਕਮੇਟੀ ਦੋਆਬਾ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਪੰਜਾਬ ਦੇ ਪ੍ਰਧਾਨ ਸਤਵਿੰਦਰ ਸਿੰਘ ਦਿਹਾਣਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਕਮੇਟੀ ਪ੍ਰਧਾਨ ਸਤਵਿੰਦਰ ਸਿੰਘ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਿਸਾਨ ਕਮੇਟੀ ਦੋਆਬਾ ਪੰਜਾਬ ਨੂੰ ਉਸ ਵਕਤ ਭਾਰੀ ਬੱਲ ਮਿਲਿਆ ਜਦੋਂ ਕਿ ਜਦੋਂ ਆਲੇ ਦੁਆਲੇ ਦੇ ਪਿੰਡਾਂ ਦੇ 25 ਨੌਜਵਾਨ ਕਿਸਾਨ ਕਮੇਟੀ ਦੋਆਬਾ ਪੰਜਾਬ ਵਿੱਚ ਸ਼ਾਮਿਲ ਹੋਏ। ਇਸ ਮੌਕੇ ਕਮੇਟੀ ਪ੍ਰਧਾਨ ਸਤਵੀਰ ਸਿੰਘ ਦਿਹਾਣਾ ਨਵੇਂ ਸ਼ਾਮਲ ਹੋਏ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਕਮੇਟੀ ਪ੍ਰਧਾਨ ਸਤਵੀਰ ਸਿੰਘ ਦਿਹਾਣਾ ਨੇ ਦੱਸਿਆ ਕਿ ਪਿਛਲੇ ਸਮੇਂ ਆਏ ਹੜ੍ਹਾਂ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ।ਔਖੀ ਘੜੀ ਦੌਰਾਨ ਕਿਸਾਨ ਕਮੇਟੀ ਦੋਆਬਾ ਪੰਜਾਬ ਦੇ ਮੈਂਬਰਾਂ ਨੇ ਹੜ੍ਹ ਪੀੜਤ ਪਰਿਵਾਰਾਂ ਦੀ ਬਾਂਹ ਫੜੀ ਹੈ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਹਰ ਸੰਭਵ ਸਹਾਇਤਾ ਕੀਤੀ ਹੈ।ਮੀਟਿੰਗ ਦੌਰਾਨ ਪ੍ਰਧਾਨ ਸਤਵੀਰ ਸਿੰਘ ਛਉਣੀ,ਉਪ ਪ੍ਰਧਾਨ ਚਰਨਜੀਤ ਸਿੰਘ ਮੋਨਾ ਖੁਰਦ, ਖਜ਼ਾਨਚੀ ਬਲਜੀਤ ਸਿੰਘ ਬੱਬ, ਸਕੱਤਰ ਅਜਮੇਰ ਸਿੰਘ ਮੋਨਾ ਕਲਾ,ਅਮਨ ਮੋਨਾ ਕਲਾ,ਰਾਜੂ ਚੱਪੜਾ ਭਾਮ,ਰਵਿੰਦਰ ਸਿੰਘ ਮੋਗੋਪੇਟੀ, ਚਰਨਪ੍ਰੀਤ ਸਿੰਘ ਮਾਹਲਾ, ਜਸਵਿੰਦਰ ਸਿੰਘ ਛਉਣੀ,ਸੋਨਾ ਦਿਹਾਣਾ ਆਦਿ ਹਾਜ਼ਰ ਸਨ।

# ਮਾਮਲਾ ਕੰਗਣੀਵਾਲ ਵੇਈਂ ਦਾ ਪੁਲ ਬਣਾਉਣ ਦਾ
# ਕਿਸਾਨਾਂ, ਮਜ਼ਦੂਰਾਂ ਨੇ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**- ਕਿਸਾਨ, ਮਜ਼ਦੂਰ, ਵਿਦਿਆਰਥੀ ਨੌਜਵਾਨਾਂ ਵਲੋਂ ਜੰਡਿਆਲਾ ਤੋਂ ਜਲੰਧਰ ਰੋਡ ਪਿੰਡ ਕੰਗਣੀਵਾਲ ਵੇਈਂ ਤੇ ਪੁਲ ਨੂੰ ਬਣਾਉਣ ਅਤੇ ਨਕੋਦਰ ਤੋਂ ਜਗਰਾਓਂ ਰੋਡ ਨੂੰ ਬਣਾਉਣ ਸਬੰਧੀ ਡਿਪਟੀ ਕਮਿਸ਼ਨਰ ਦੇ ਨਾਮ ਮੁੱਖ ਮੰਤਰੀ ਫੀਲਡ ਅਫ਼ਸਰ ਨਵਦੀਪ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਆਗੂਆਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦੋਂ ਬਹੁਤ ਜ਼ਿਆਦਾ ਬਾਰਿਸ਼ਾਂ ਹੋਈਆਂ ਤਾਂ ਕੰਗਣੀਵਾਲ ਵੇਈਂ ਵਾਲਾ ਪੁਲ ਬਹੁਤ ਨੁਕਸਾਨਿਆ ਗਿਆ, ਕਈ ਦਿਨ ਰੋਡ ਬੰਦ ਵੀ ਰਿਹਾ। ਉਸ ਸਮੇਂ ਵੇਈਂ ਉਪਰ ਨਵਾਂ ਪੁਲ ਬਣਾਉਣ ਦਾ ਕੰਮ ਸ਼ੁਰੂ ਹੋਇਆ ਪਰ ਉਹ ਅੱਧ ਵਿਚਾਲੇ ਹੀ ਬੰਦ ਕਰ ਦਿੱਤਾ ਗਿਆ। ਜਿਸ ਕਾਰਨ ਹੁਣ ਕਿਸੇ ਸਮੇਂ ਵੀ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ ਜੇਕਰ ਪੁਰਾਣਾ ਪੁਲ ਹੀ ਚੱਲਦਾ ਰਿਹਾ ਤਾਂ।ਇਸ ਲਈ ਨਵੇਂ ਪੁਲ ਦੀ ਉਸਾਰੀ ਤੁਰੰਤ ਸ਼ੁਰੂ ਕਰਵਾਈ ਜਾਵੇ। ਇਸੇ ਤਰ੍ਹਾਂ ਹੀ ਨਕੋਦਰ ਤੋਂ ਜਗਰਾਓਂ ਰੋਡ ਦੀ ਹਾਲਤ ਵੀ ਤਰਸਯੋਗ ਹੈ । ਸ਼ਾਹਕੋਟ 'ਤੇ ਟੋਲ ਲੱਗਣ ਕਾਰਨ ਉਸ ਤੋਂ ਬਹੁਤ ਸਾਰੇ ਭਾਰੀ ਵਾਹਨ ਇਸ ਰੋਡ ਤੋਂ ਲੰਘਣ ਕਾਰਨ ਸੜਕ ਦੀ ਹਾਲਤ ਹੋਰ ਵੀ ਖਸਤਾ ਹੋ ਗਈ ਹੈ। ਮੰਡ ਇਲਾਕੇ ਨੂੰ ਇਹ ਸੜਕ ਜਗਰਾਓਂ ਤੇ ਨਕੋਦਰ ਨਾਲ ਜੋੜਦੀ ਹੈ। ਖਰਾਬ ਸੜਕ ਕਾਰਨ ਐਮਰਜੈਂਸੀ ਵਿੱਚ ਮਰੀਜ਼ਾਂ ਨੂੰ ਹਸਪਤਾਲ ਤੱਕ ਲੈ ਕੇ ਜਾਣਾ ਵੀ ਬੇਹੱਦ ਮੁਸ਼ਕਲ ਹੋ ਜਾਂਦਾ ਹੈ। ਇਸ ਨੂੰ ਤੁਰੰਤ ਬਣਾਇਆ ਜਾਵੇ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ, ਜੁਲੇਖਾ ,ਪੇਂਡੂ ਮਜ਼ਦੂਰ



ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸੰਤੋਖ ਸਿੰਘ ਸੰਧੂ, ਸਮਾਜ ਸੇਵਕ ਤੇ ਸੀਨੀਅਰ ਪੱਤਰਕਾਰ ਬਾਲਕ੍ਰਿਸ਼ਨ ਬਾਲੀ ਨੂਰਮਹਿਲ, ਸੁਰਜੀਤ ਸਿੰਘ ਸਮਰਾ, ਦੇਸ਼ ਭਗਤ ਯਾਦਗਾਰ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ, ਨਵਜੋਤ ਸਿਆਣੀਵਾਲ, ਅਜੀਤ ਸਿੰਘ, ਚੰਨਣ ਸਿੰਘ, ਆਦਿ ਹਾਜ਼ਰ ਸਨ।

# ਸ਼ਹੀਦੀ ਸਮਾਗਮਾਂ ਦੇ ਪਹਿਲੇ ਦਿਨ ਸੰਧਿਆ ਫੇਰੀ ਕੱਢੀ





**ਆਦਮਪੁਰ (ਪਰਮਜੀਤ ਸਿੰਘ)**

ਗੁਰੂਦੁਆਰਾ ਸ਼ਹੀਦ ਬਾਬਾ ਮਤੀ ਜੀ ਵਿਖੇ ਧਨ ਧਨ ਸ਼ਹੀਦ ਬਾਬਾ ਮਤੀ ਜੀ ਦੇ ਸਾਲਾਨਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਤਿੰਨ ਰੋਜ਼ਾ ਸ਼ਹੀਦੀ ਸਮਾਗਮਾਂ ਦੇ ਪਹਿਲੇ ਦਿਨ ਗੁਰੂਦੁਆਰਾ ਸਾਹਿਬ ਤੋਂ ਪੰਜਾਬ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਸੰਧਿਆ ਫੇਰੀ ਕੱਢੀ ਗਈ।ਇਸ ਮੌਕੇ ਸੰਤ ਬਾਬਾ ਜਨਕ ਸਿੰਘ, ਸੰਤ ਬਾਬਾ ਸਰਵਣ ਸਿੰਘ ਵੱਲੋਂ ਵੀ ਹਾਜ਼ਰੀ ਭਰੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਸੰਧਿਆ ਫੇਰੀ ਗੁਰੂਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪੂਰੇ ਨਗਰ ਦੀਆਂ ਪ੍ਰਕਰਮਾ ਕਰਦਿਆਂ ਦੇਰ ਸ਼ਾਮ ਗੁਰੂਦੁਆਰਾ ਸਾਹਿਬ ਪਹੁੰਚ ਸਮਾਪਤ ਹੋਈ।ਜਿਸ ਉਪਰੰਤ ਭਾਈ ਗੁਰਸਾਹਿਬ ਸਿੰਘ ਜਫ਼ਰਵਾਲ ਅਤੇ 22 ਜਨਵਰੀ ਨੂੰ ਭਾਈ ਮਨਜਿੰਦਰ ਸਿੰਘ ਹਰਰਾਏ ਪੁਰ ਵਾਲੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ ਨਿਹਾਲ ਕਰਨਗੇ। ਇਸ ਮੌਕੇ ਸੰਗਤਾਂ ਵੱਲੋਂ ਲੰਗਰਾਂ ਅਤੇ ਫੁੱਲਾਂ ਦੀ ਵਰਖਾ ਕਰ ਸੰਧਿਆ ਫੇਰੀ ਦਾ ਸਵਾਗਤ ਕਰ ਗੁਰੂ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਖੀਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।ਇਸ ਮੌਕੇ ਜਰਨੈਲ ਸਿੰਘ, ਰਣਵੀਰ ਪਾਲ ਸਿੰਘ, ਹਰਦਿਆਲ ਸਿੰਘ, ਜਸਪਾਲ ਸਿੰਘ, ਸਤਨਾਮ ਸਿੰਘ, ਅਮਰਜੀਤ ਸਿੰਘ, ਨਰਿੰਦਰ ਸਿੰਘ ਨਿੰਦੀ, ਕਾਬਲ ਸਿੰਘ, ਮਾਸਟਰ ਸੁਰਜੀਤ ਸਿੰਘ, ਸਰਪੰਚ ਰਸ਼ਪਾਲ ਸਿੰਘ ਪਾਲਾ, ਲਖਵਿੰਦਰ ਸਿੰਘ, ਗੁਰਜੀਤ ਸਿੰਘ, ਡਾ. ਰਣਵੀਰ ਸਿੰਘ ਰੰਧਾਵਾ ਹਾਜ਼ਰ ਸਨ।

# ਚਾਈਨਾ ਡੋਰ ਨਾ ਵਰਤਣ ਸੰਬੰਧੀ ਵਿਦਿਆਰਥੀਆਂ ਨੂੰ ਪ੍ਰੇਰਿਆ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਆਨੰਦਪੁਰ ਸਾਹਿਬ ਦੀ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਚਾਈਨਾ ਡੋਰ ਨਾ ਵਰਤਣ ਲਈ ਪ੍ਰੇਰਿਆ। ਉਹਨਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਚਾਈਨਾ ਡੋਰ ਕਾਰਨ ਕਈ ਲੋਕ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ ਤੇ ਬਹੁਤ ਸਾਰੇ ਲੋਕ ਜਖਮੀ ਵੀ ਹੋਏ ਹਨ। ਉਹਨਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਬਹੁਤ ਸਾਰੇ ਖੂਬਸੂਰਤ ਪੰਛੀ ਵੀ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਮਰ ਚੁੱਕੇ ਹਨ। ਇਹ ਚਾਈਨਾ ਡੋਰ ਬੇਹੱਦ ਖਤਰਨਾਕ ਅਤੇ ਜਾਨ ਲੇਵਾ ਹੈ। ਇਸ ਤੋਂ ਬਚਾਅ ਕਰਨਾ ਬੇਹੱਦ ਜਰੂਰੀ ਹੈ। ਇਸ ਲਈ ਵਿਦਿਆਰਥੀਆਂ ਨੂੰ ਬਸੰਤ ਮੌਕੇ ਪਤੰਗਬਾਜ਼ੀ ਕਰਨ ਲਈ ਚਾਈਨਾ ਡੋਰ ਦੀ ਵਰਤੋਂ ਬਿਲਕੁਲ ਵੀ ਨਹੀਂ ਕਰਨੀ ਚਾਹੀਦੀ। ਉਹਨਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਵੀ ਸ਼ਹਿਰ ਦੇ ਵੱਖ ਵੱਖ ਬਾਜ਼ਾਰਾਂ ਵਿੱਚ ਚਾਈਨਾ ਡੋਰ ਸਬੰਧੀ ਛਾਪੇਮਾਰੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਚਾਈਨਾ ਡੋਰ ਦੀ ਵਿਕਰੀ ਪੂਰਨ ਰੂਪ ਵਿੱਚ ਬੈਨ ਹੈ। ਕੋਈ ਵੀ ਦੁਕਾਨਦਾਰ ਚਾਈਨਾ ਡੋਰ ਦੀ ਵਿਕਰੀ ਨਹੀਂ ਕਰ ਸਕਦਾ।

# ਸਿਹਤ ਮੰਤਰੀ ਨੇ ਕੀਤੇ ਲਗਭਗ 3 ਕਰੋੜ ਦੇ ਉਦਘਾਟਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬੇ ਦੇ ਸਿਹਤ ਬਜਟ ਦਾ ਇੱਕ-ਇੱਕ ਪੈਸਾ ਜਨਤਾ ਦੀ ਭਲਾਈ ਅਤੇ ਅਤਿਆਧੁਨਿਕ ਸਹੂਲਤਾਂ 'ਤੇ ਖਰਚ ਕੀਤਾ ਜਾ ਰਿਹਾ ਹੈ। ਹਰਿਆਣਾ ਹੁਣ ਹੈਲਥ ਹੱਬ ਬਨਣ ਦੀ ਰਾਹ 'ਤੇ ਤੇਜੀ ਨਾਲ ਵੱਧ ਰਿਹਾ ਹੈ।ਸਿਹਤ ਮੰਤਰੀ ਅੱਜ ਨਾਰਨੌਲ ਦੇ ਅਟੇਲੀ ਹਲਕੇ ਵਿੱਚ ਵੱਖ-ਵੱਖ ਵਿਕਾਸ ਕੰਮਾਂ ਦੇ ਉਦਘਾਟਨ ਤੇ ਨੀਂਹ ਪੱਥਰ ਮੌਕੇ 'ਤੇ ਜਨਸਭਾ ਨੂੰ ਸੰਬੋਧਿਤ ਕਰ ਰਹੀ ਸੀ।ਉਨ੍ਹਾਂ ਨੇ ਲਗਭਗ 3 ਕਰੋੜ ਰੁਪਏ ਦੇ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਤੇ ਨੀਂਹ ਪੱਥਰ ਰੱਖਿਆ ਗਿਆ। ਉਨ੍ਹਾਂ ਨੇ ਪਿੰਡ ਸਾਏ, ਸਰਾਨੀ ਅਤੇ ਗੁਜਰਵਾਸ ਨੂੰ 8-8 ਲੱਖ ਰੁਪਏ ਅਤੇ ਛਾਪੜਾ ਸਲੀਮਪੁਰ ਅਤੇ ਖੋੜ ਦੇ ਵਿਕਾਸ ਲਈ 10-10 ਲੱਖ ਰੁਪਏ ਦਾ ਐਲਾਨ ਕੀਤਾ।ਉਨ੍ਹਾਂ ਨੇ ਗ੍ਰਾਮੀਣਾਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾਂ ਦੀ ਸਮਸਿਆਵਾਂ ਸੁਣੀਆਂ ਅਤੇ ਸਬੰਧਿਤ ਅਧਿਕਾਰੀਆਂ ਨੂੰ ਹੱਲ ਲਈ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਮੰਤਰੀ ਨੇ ਕਿਹਾ ਕਿ ਅਟੇਲੀ ਦੀ ਜਨਤਾ ਨੇ ਉਨ੍ਹਾਂ 'ਤੇ ਅਤੇ ਸੂਬੇ ਦੀ ਭਾਜਪਾ ਸਰਕਾਰ 'ਤੇ ਜੋ ਭਰੋਸਾ ਜਤਾਇਆ ਹੈ, ਉਹੀ ਉਨ੍ਹਾਂ ਲਈ ਸੱਭ ਤੋਂ ਵੱਧ ਪ੍ਰੇਰਣਾ ਹੈ। ਸਿਹਤ ਮੰਤਰੀ ਨੇ ਕਿਹਾ ਕਿ ਕੋਰਿਆਵਾਸ ਮੈਡੀਕਲ ਕਾਲਜ ਵਿੱਚ ਸੀਨੀਅਰ ਰੇਜੀਡੇਂਟ ਡਾਕਟਰਸ ਦੇ 68 ਅਹੁਦਿਆਂ ਲਈ ਇੰਟਰਵਿਊ ਚੱਲ ਰਹੇ ਹਨ।

# ਗੈਂਗਸਟਰਾਂ ਵਿਰੁੱਧ ਫੈਸਲਾਕੁੰਨ ਜੰਗ ਹੈ 'ਆਪ੍ਰੇਸ਼ਨ ਪ੍ਰਹਾਰ' : ਸ਼ੁਭਮ ਸਹੋਤਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**



ਸ਼ੁਭਮ ਸਹੋਤਾ ਗੜਦੀਵਾਲਾ ਨੇ ਪੰਜਾਬ ਪੁਲਸ ਵੱਲੋਂ ਗੈਂਗਸਟਰਾਂ ਵਿਰੁੱਧ ਸ਼ੁਰੂ ਕੀਤੇ ਗਏ ਰਾਜ ਪੱਧਰੀ ਵੱਡੀ ਮੁਹਿੰਮ 'ਆਪ੍ਰੇਸ਼ਨ ਪ੍ਰਹਾਰ' ਦਾ ਸਵਾਗਤ ਕੀਤਾ ਅਤੇ ਇਸ ਨੂੰ ਪੰਜਾਬ ਵਿੱਚ ਕਾਨੂੰਨ ਵਿਵਸਥਾ ਬਹਾਲ ਕਰਨ ਵੱਲ ਇਕ ਇਤਿਹਾਸਕ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਿਡਰ ਅਤੇ ਸਪੱਸ਼ਟ ਅਗਵਾਈ ਹੇਠ ਪੰਜਾਬ ਪੁਲਿਸ ਨੇ ਸੰਗਠਿਤ ਅਪਰਾਧ ਤੇ ਗੈਂਗਸਟਰ ਨੈੱਟਵਰਕ ਵਿਰੁੱਧ ਸਿੱਧੀ ਤੇ ਫੈਸਲਾਕੁੰਨ ਜੰਗ ਦਾ ਐਲਾਨ ਕੀਤਾ ਹੈ। ਸ਼ੁਭਮ ਸਹੋਤਾ ਗੜਦੀਵਾਲਾ ਨੇ ਕਿਹਾ ਕਿ ਪੁਲਸ ਡਾਇਰੈਕਟਰ ਜਨਰਲ (ਡੀ ਜੀ ਪੀ) ਦੀ ਅਗਵਾਈ ਹੇਠ ਪੂਰੇ ਪੰਜਾਬ ਵਿਚ ਲੱਗਭਗ 2,000 ਪੁਲਿਸ ਟੀਮਾਂ, ਜਿਨ੍ਹਾਂ ਵਿੱਚ ਲੱਗਭਗ 12,000 ਪੁਲਿਸ ਕਰਮਚਾਰੀ ਸ਼ਾਮਿਲ ਹਨ, ਅੱਜ ਤੋਂ ਪੰਜਾਬ ਭਰ ਵਿੱਚ ਸਰਗਰਮੀ ਨਾਲ ਛਾਪੇਮਾਰੀ ਕਰ ਰਹੀਆਂ ਹਨ। ਇਸ ਮੁਹਿੰਮ ਦਾ ਉਦੇਸ਼ ਸਿਰਫ਼ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨਾ ਹੀ ਨਹੀਂ ਹੈ, ਸਗੋਂ ਉਨ੍ਹਾਂ ਦੇ ਪੂਰੇ ਨੈੱਟਵਰਕ ਨੂੰ ਖਤਮ ਕਰਨਾ ਵੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਨੂੰ ਵੀ ਕਾਨੂੰਨ ਤੋਂ ਉੱਪਰ ਨਹੀਂ ਸਮਝਿਆ ਜਾਵੇਗਾ, ਭਾਵੇਂ ਗੈਂਗਸਟਰ ਦੇਸ਼ ਵਿੱਚ ਹੋਣ ਜਾਂ ਵਿਦੇਸ਼ਾਂ ਵਿੱਚ ਅਪਰਾਧ ਚਲਾ ਰਹੇ ਹੋਣ। ਸ਼ੁਭਮ ਸਹੋਤਾ ਗੜਦੀਵਾਲਾ ਨੇ ਕਿਹਾ ਕਿ ਇਹ ਮੁਹਿੰਮ ਪੁਲਿਸ ਫੋਰਸ ਦਾ ਮਨੋਬਲ ਵੀ ਵਧਾਏਗੀ, ਕਿਉਂਕਿ ਚੰਗਾ ਅਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਢੁਕਵੇਂ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਆਮ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਇਕ ਟੋਲ-ਫ੍ਰੀ ਨੰਬਰ 93946-93946 ਜਾਰੀ ਕੀਤਾ ਗਿਆ ਹੈ, ਤਾਂ ਜੋ ਲੋਕ ਬਿਨਾਂ ਕਿਸੇ ਡਰ ਦੇ ਪੁਲਿਸ ਨੂੰ ਅਪਰਾਧ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰ ਸਕਣ।



ਸ੍ਰੀ ਬਾਲਾ ਜੀ ਦੀ ਵਿਸ਼ਾਲ ਰੱਥ ਯਾਤਰਾ ਸ੍ਰੀ ਹਨੂਮਾਨ ਮੰਦਰ ਫਿਲੌਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੀ ਪਰਿਕਰਮਾ ਕਰਦੀ ਹੋਈ ਸ੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਿਰ ਫਿਲੌਰ ਵਿਖੇ ਸਮਾਪਤ ਹੋਈ। ਇਸ ਮੌਕੇ ਤੇ ਚੇਅਰਮੈਨ ਡਾ: ਕੇਵਲ ਕ੍ਰਿਸ਼ਨ, ਪ੍ਰਧਾਨ ਸ੍ਰੀ ਰਛਪਾਲ ਸਿੰਘ ਹੈਪੀ, ਜਨਰਲ ਸਕੱਤਰ ਦਵਿੰਦਰ ਕੁਮਾਰ ਤੇ ਭਾਰੀ ਗਿਣਤੀ ਵਿੱਚ ਸ਼ਰਧਾਲੂ ਸ਼ਾਮਿਲ ਹੋਏ। (ਫੋਟੋ ਤੇ ਵੇਰਵਾ : ਨਿਰਮਲ ਫਿਲੌਰ)



ਜਸਵਿੰਦਰ ਕੁਮਾਰ, ਹਰਜੀਤ ਕੌਰ, ਲਾਖਾ ਪਰਵਾਰ ਵਲੋਂ ਆਪਣੇ ਮਾਤਾ-ਪਿਤਾ ਸਵਰਗੀ ਬੀਬੀ ਬੰਸੋ, ਪਰਮਜੀਤ ਦੀ ਯਾਦ 'ਚ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਮੇਹਲੀ ਲਈ ਪ੍ਰਬੰਧਕ ਕਮੇਟੀ ਨੂੰ 50000 ਰੁਪਏ ਦਾਨ ਕੀਤੇ। (ਫੋਟੋ ਤੇ ਵੇਰਵਾ : ਅਵਤਾਰ ਕਲੇਰ ਬੰਗਾ)

# ਪ੍ਰਕਾਸ਼ ਪੁਰਬ ਤੇ ਧਾਰਮਿਕ ਗੀਤ 'ਗੁਰੂ ਦੇ ਪੁੱਤਰ' ਰਿਲੀਜ



**ਅੱਪਰਾ (ਨਿਰਮਲ ਗੁੜਾ)**

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਸਿੱਧ ਗਾਇਕ ਧਰਮਪਾਲ ਧੱਮਾ ਵਲੋਂ ਸੰਗਤ ਵਿੱਚ ਹੋਰ ਵੀ ਸ਼ਰਧਾ, ਉਤਸ਼ਾਹ ਤੇ ਜੋਸ਼ ਭਰਨ ਲਈ ਗੀਤਕਾਰ ਬੱਗਾ ਸੇਲਕੀਆਣਾ ਦਾ ਲਿਖਿਆ ਧਾਰਮਿਕ ਗੀਤ "ਗੁਰੂ ਦੇ ਪੁੱਤਰ" ਸੰਗਤਾਂ ਦੇ ਮਨਮੁੱਖ ਕੀਤਾ ਹੈ। ਇਸ ਗੀਤ ਦਾ ਪੋਸਟਰ ਰਿਸ਼ੀ ਠਾਕੁਰ ਦਾਸ ਜੀ ਦਰਬਾਰ ਹਰੀਪੁਰ ਖਾਲਸਾ ਦੇ ਮੁੱਖ ਸੇਵਾਦਾਰ ਸੰਤ ਰਾਮ ਸੇਵਕ ਵੱਲੋਂ ਰਿਲੀਜ਼ ਕੀਤਾ ਤੇ ਮੁਬਾਰਕਵਾਦ ਦਿੰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਤੇ ਡਾ. ਅੰਬੇਡਕਰ ਦੇ ਜੀਵਨ ਭਰ ਸੰਘਰਸ਼ ਦੇ ਕਰਕੇ ਬੜੀਆਂ ਮੁਸ਼ਕਲਾਂ ਨਾਲ ਸਮਾਜ ਦੇ ਹੱਥ 'ਕਲਮ' ਆਈ ਹੈ, ਵਿਦਿਆ ਨਾਲ ਸਮਾਜ ਅੰਦਰ ਕ੍ਰਾਂਤੀ ਆ ਰਹੀ ਹੈ। ਇਸ ਮੌਕੇ ਅੰਬੇਡਕਰ ਪ੍ਰੈਸ ਕਲੱਬ ਦੇ ਚੇਅਰਮੈਨ ਤੇਜਿੰਦਰ ਕੁਮਾਰ, ਪ੍ਰਧਾਨ ਜਗਨਨਾਥ ਜੱਗੀ, ਸੀਨੀਅਰ ਵਾਈਸ ਪ੍ਰਧਾਨ ਇੰਦਰਜੀਤ ਸਿੰਘ, ਉਪ ਪ੍ਰਧਾਨ ਕੁਲਦੀਪ ਸਿੰਘ ਥਲਾ, ਪ੍ਰੈਸ ਸਕੱਤਰ ਜਗਜੀਤ ਸਿੰਘ ਭੱਟੀ, ਐਡਵਾਈਜ਼ਰ ਰੇਸ਼ਮ ਲਾਲ, ਐਡਵਾਈਜ਼ਰ ਰਮਨ ਮਾਹੀ ਸੰਗਤ ਮੌਜੂਦ ਸੀ।

# ਅੱਜ ਬਿਜਲੀ ਬੰਦ ਰਹੇਗੀ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ):**

ਸ੍ਰੀ ਚਮਕੌਰ ਸਾਹਿਬ ਬਿਜਲੀ ਦਫ਼ਤਰ ਦੇ 132 ਕੇ ਵੀ ਗਰਿੱਡ ਦੀ ਜ਼ਰੂਰੀ ਮੁਰੰਮਤ ਲਈ 22 ਜਨਵਰੀ ਬੱਸ ਬਾਰ ਨੰਬਰ ਤੋਂ ਚਲਦੇ ਫੀਡਰਾਂ ਦੀ ਬਿਜਲੀ ਸਪਲਾਈ ਸਵੇਰੇ 8 ਵਜੇ ਤੋਂ ਸ਼ਾਮ 5 ਤੱਕ ਬੰਦ ਰਹੇਗੀ। ਕਾਰਜਕਾਰੀ ਇੰਜੀਨੀਅਰ ਨੇ ਦੱਸਿਆ ਕਿ ਜਿਹੜੇ ਪਿੰਡਾਂ ਦੀ ਬਿਜਲੀ ਸਪਲਾਈ ਬੰਦ ਰਹੇਗੀ, ਉਨ੍ਹਾਂ ਪਿੰਡ ਸੱਲੋਮਾਜਰਾ, ਮੁੰਡੀਆਂ,ਡਹਿਰ,ਸਟੇਡੀਅਮ ਕਾਲੋਨੀ, ਬੇਲਾ- ਮੋਰਿੰਡਾ ਰੋਡ,ਭੱਕੂ ਮਾਜਰਾ, ਦੁੱਗਰੀ,ਕੋਟਲੀ,ਮਾਜਰੀ,ਲੁਠੇੜੀ, ਭੂਰੜੇ, ਰਾਮਗੜ੍ਹ, ਸੈਦਪੁਰ, ਪਿੱਪਲ ਮਾਜਰਾ, ਚੂਹੜ ਮਾਜਰਾ,ਕਾਲੇ ਮਾਜਰਾ ਅਤੇ ਪਿੰਡ ਹਵਾਰਾ ਕਲਾਂ ਸ਼ਾਮਲ ਹਨ।

# ਗੁ: ਸਿੰਘ ਸ਼ਹੀਦਾਂ ਵਿਖੇ ਕਾਰ ਪਾਰਕਿੰਗ ਦੀ ਦੂਜੀ ਮੰਜਲ ਦੇ ਦੂਜੇ ਹਿੱਸੇ ਦਾ ਲੈਂਟਰ ਪਾਇਆ

**ਮੋਹਾਲੀ (ਗੁਰਜੀਤ ਬਿੱਲਾ)**



ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬਨਣ ਵਾਲੀ ਬਹੁਮੰਜਿਲੀ ਕਾਰ ਪਾਰਕਿੰਗ ਦੀ ਦੂਜੀ ਮੰਜਿਲ ਦੇ ਦੂਜੇ ਚਰਨ ਦਾ ਲੈਂਟਰ ਪਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਅਸ਼ੀਰਵਾਦ ਸਦਕਾ ਸੰਗਤਾਂ ਦੀ ਸਹੂਲਤ ਲਈ ਬਹੁਮੰਜਿਲੀ ਕਾਰ ਪਾਰਕਿੰਗ ਦਾ ਨਿਰਮਾਣ ਕੀਤਾ ਜਾ ਰਿਹਾ ਹੈ । ਇਸ ਕਾਰ ਪਾਰਕਿੰਗ ਦੀ ਦੂਜੀ ਮੰਜਿਲ ਦੇ ਦੂਜੇ ਚਰਨ ਦੇ ਲੈਂਟਰ ਦੀ ਅਰੰਭਤਾ ਲਈ ਸਵੇਰੇ 10 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਅਤੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਦੂਜ਼ੀ ਮੰਜਿਲ ਦੇ ਦੂਜੇ ਚਰਨ ਦੇ ਲੈਂਟਰ ਦੀ ਅਰੰਭਤਾ ਕਰਵਾਈ ਗਈ। ਅਧੁਨਿਕ ਸਹੂਲਤਾਂ ਵਾਲੀ ਇਹ ਕਾਰ ਪਾਰਕਿੰਗ ਬੇਸਮੇਂਟ ਸਮੇਤ 7 ਮੰਜ਼ਿਲਾ ਬਣਵਾਈ ਜਾ ਰਹੀ ਹੈ। ਇਸ ਮੌਕੇ ਤੇ ਕਈ ਸੰਤ ਮਹਾਂਪੁਰਖ, ਸਿਆਸੀ ਆਗੂ, ਪਿੰਡ ਅਤੇ ਇਲਾਕੇ ਦੇ ਪਤਵੰਤੇ ਸੱਜਣ ਉਚੇਚੇ ਤੌਰ ਤੇ ਕਾਰ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਪੁੱਜੇ ਹੋਏ ਸਨ। ਪ੍ਰਬੰਧਕ ਕਮੇਟੀ ਤੇ ਸੰਗਤਾਂ ਵੱਲੋਂ ਮਠਿਆਈਆਂ ਅਤੇ ਦੁੱਧ ਚਾਹ ਦਾ ਅਤੁੱਟ ਲੰਗਰ ਵਰਤਾਇਆ ਗਿਆ। ਬੁਲਾਰੇ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿੱਖੇ ਆਧੁਨਿਕ ਸਹੂਲਤਾਂ ਵਾਲੇ ਦੀਵਾਨ ਹਾਲ ਦੀ ਉਸਾਰੀ ਦੀ ਸੇਵਾ ਵੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਵਿੱਚ ਆਧੁਨਿਕ ਸਹੂਲਤਾਂ ਵਾਲੇ ਬਹੁਮੰਜਿਲੀ ਲੰਗਰ ਹਾਲ ਦੀ ਉਸਾਰੀ ਦਾ ਕੰਮ ਵੀ ਜਲਦ ਸ਼ੁਰੂ ਕਰਵਾਇਆ ਜਾਵੇਗਾ।

# ਹਰਿਆਣਾ 'ਚ ਸਟਾਰਟਅੱਪ ਨੂੰ ਮਿਲੀ ਨਵੀਂ ਉਡਾਨ : ਸੈਣੀ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਮਾਨੇਸਰ ਵਿੱਚ ਆਯੋਜਿਤ ਪ੍ਰੀ-ਬਜਟ ਕੰਸਲਟੇਂਟ ਪ੍ਰੋਗਰਾਮ ਵਿੱਚ ਸਟਾਰਟਅਪ ਸੰਸਥਾਪਕਾਂ ਅਤੇ ਉਦਮੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਯੁਵਾ ਇਨੋਵੇਟਰਸ ਅਤੇ ਸਟਾਰਟਅਪ ਹਰਿਆਣਾ ਦੀ ਅਰਥਵਿਵਸਥਾ ਨੂੰ ਨਵੀਂ ਦਿਸ਼ਾ ਦੇ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ 16 ਜਨਵਰੀ ਨੂੰ ਰਾਸ਼ਟਰੀ ਸਟਾਰਟਅਪ ਦਿਵਸ ਮਨਾਇਆ ਗਿਆ ਸੀ ਅਤੇ ਅੱਜ ਦਾ ਪ੍ਰੀ-ਬਜਟ ਕੰਸਲਟੇਂਟ ਉਸੇ ਉਤਸਵ ਦੀ ਲੜੀ ਹੈ। ਉਨ੍ਹਾਂ ਕਿਹਾ ਕਿ ਸਟਾਰਟਅਪ ਇੰਡੀਆ ਸਿਰਫ਼ ਇੱਕ ਸਰਕਾਰੀ ਯੋਜਨਾ ਨਹੀਂ ਹੈ ਸਗੋਂ ਇਹ ਇੱਕ ਰੇਨਬੋ ਵਿਜ਼ਨ ਹੈ ਜੋ ਵੱਖ ਵੱਖ ਸੈਕਟਰਸ ਨੂੰ ਨਵੀਆਂ ਸੰਭਾਵਨਾਵਾਂ ਨਾਲ ਜੋੜਦਾ ਹੈ। ਇਸ ਮੌਕੇ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਯੁਵਾ ਸਸ਼ਕਤੀਕਰਨ ਅਤੇ ਉਦਮਿਤਾ ਰਾਜ ਮੰਤਰੀ ਗੌਰਵ ਗੌਤਮ ਅਤੇ ਗੁਰੂਗ੍ਰਾਮ ਵਿਧਾਇਕ ਮੁਕੇਸ਼ ਸ਼ਰਮਾ ਮੌਜੂਦ ਰਹੇ।ਮੁੱਖ ਮੰਤਰੀ ਨੇ ਕਿਹਾ ਕਿ ਸਾਲ 2047 ਤੱਕ ਦੇਸ਼ ਨੂੰ ਵਿਕਸਿਤ ਬਣਾਉਣ ਦੇ ਸੰਕਲਪ ਨਾਲ ਸਰਕਾਰ ਲਗਾਤਾਰ ਤੇਜ਼ ਗਤੀ ਨਾਲ ਕੰਮ ਕਰ ਰਹੀ ਹੈ।ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਨੇ ਵਿਕਾਸ ਦੀ ਨਵੀਂ ਦਿਸ਼ਾ ਫੜੀ ਹੈ ਅਤੇ ਹਰ ਖੇਤਰ ਵਿੱਚ ਤਰੱਕੀ ਸਾਫ਼ ਵਿਖਾਈ ਦੇ ਰਹੀ ਹੈ।ਮੁੱਖ ਮੰਤਰੀ ਨੇ ਦੱਸਿਆ ਕਿ ਪਿਛਲੇ 10 ਸਾਲਾਂ ਵਿੱਚ ਦੇਸ਼ ਵਿੱਚ ਸਟਾਰਟਅਪ ਦੀ ਗਿਣਤੀ 500 ਤੋਂ ਵਧ ਕੇ 2 ਲੱਖ ਤੋਂ ਵੱਧ ਹੋ ਗਈ ਹੈ। ਇਸ ਵਿੱਚ ਹਰਿਆਣਾ ਦਾ ਯੋਗਦਾਨ ਅਗ੍ਰਣੀ ਰਿਹਾ ਹੈ, ਵਿਸ਼ੇਸ਼ਕਰ ਗੁਰੂਗ੍ਰਾਮ ਅਤੇ ਮਾਣੇਸਰ ਦਾ। ਹਰਿਆਣਾ ਵਿੱਚ ਹੁਣ 9500 ਤੋਂ ਵੱਧ ਸਟਾਰਟਅਪ ਹਨ ਅਤੇ ਰਾਜ ਇਸ ਮਾਮਲੇ ਵਿੱਚ ਦੇਸ਼ ਵਿੱਚ ਸੱਤਵੇਂ ਸਥਾਨ 'ਤੇ ਹੈ। ਮੁੱਖ ਮੰਤਰੀ ਨੇ ਮਾਣ ਨਾਲ ਕਿਹਾ ਕਿ ਹਰਿਆਣਾ ਵਿੱਚ 50 ਫੀਸਦੀ ਤੋਂ ਵੱਧ ਸਟਾਰਟਅਪਸ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਡਾਇਰੇਕਟਰ ਹੈ ਅਤੇ ਸਰਕਾਰ ਮਹਿਲਾ ਕਾਮਿਆਂ ਨੂੰ ਹਰ ਕਦਮ 'ਤੇ ਮਦਦ ਦੇਣ ਲਈ ਵਚਨਬੱਧ ਹੈ।

# ਸਰਕਾਰ ਦਾ ਟੀਚਾ ਪੰਜਾਬ ਨੂੰ ਬਾਲ ਭਿਖਾਰੀ ਤੋਂ ਮੁਕਤ ਕਰਨਾ : ਸੈਣੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੈਕਫਿੰਕੋ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ ਨੇ ਕਿਹਾ ਕਿ ਮਾਨ ਸਰਕਾਰ ਦੀ ਸਪੱਸ਼ਟ ਦ੍ਰਿਸ਼ਟੀ ਅਤੇ ਮਜ਼ਬੂਤ ??ਇੱਛਾ ਸ਼ਕਤੀ ਕਾਰਨ ਸੂਬੇ ਵਿੱਚ ਬਾਲ ਭਿਖਾਰੀ ਵਿਰੁੱਧ ਫੈਸਲਾਕੁੰਨ ਲੜਾਈ ਲੜੀ ਜਾ ਰਹੀ ਹੈ। ਇਸ ਦਿਸ਼ਾ ਵਿੱਚ ਚਲਾਈ ਜਾ ਰਹੀ ਰਾਜ ਪੱਧਰੀ ਵਿਸ਼ੇਸ਼ ਮੁਹਿੰਮ 'ਪ੍ਰੋਜੈਕਟ ਜੀਵਨ ਜੋਤ 2.0' ਦੇ ਹੁਣ ਤੱਕ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ।ਸੰਦੀਪ ਸੈਣੀ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ 1,023 ਬੱਚਿਆਂ ਨੂੰ ਭੀਖ ਮੰਗਣ ਤੋਂ ਮੁਕਤ ਕੀਤਾ ਗਿਆ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਨ੍ਹਾਂ ਵਿੱਚੋਂ 336 ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕੀਤਾ ਗਿਆ ਹੈ ਤਾਂ ਜੋ ਉਹ ਸਿੱਖਿਆ ਰਾਹੀਂ ਆਤਮਨਿਰਭਰ ਬਣ ਸਕਣ। ਇਸ ਤੋਂ ਇਲਾਵਾ, 8 ਬੱਚਿਆਂ ਨੂੰ ਆਂਗਣਵਾੜੀ ਕੇਂਦਰਾਂ ਵਿੱਚ ਦਾਖਲ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਸ਼ੁਰੂਆਤੀ ਸਿੱਖਿਆ ਅਤੇ ਪੋਸ਼ਣ ਨਾਲ ਜੋੜਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ 38 ਬੱਚਿਆਂ ਨੂੰ ਸਪਾਂਸਰਸ਼ਿਪ ਸਕੀਮ ਦਾ ਲਾਭ ਪ੍ਰਦਾਨ ਕੀਤਾ ਗਿਆ ਹੈ, ਤਾਂ ਜੋ ਉਨ੍ਹਾਂ ਦੀ ਸਿੱਖਿਆ ਅਤੇ ਜ਼ਰੂਰਤਾਂ ਵਿੱਚ ਕੋਈ ਰੁਕਾਵਟ ਨਾ ਆਵੇ। ਚੇਅਰਮੈਨ ਸੰਦੀਪ ਸੈਣੀ ਨੇ ਕਿਹਾ ਕਿ ਮਾਨ ਸਰਕਾਰ ਦਾ ਉਦੇਸ਼ ਨਾ ਸਿਰਫ਼ ਬੱਚਿਆਂ ਨੂੰ ਭੀਖ ਮੰਗਣ ਤੋਂ ਮੁਕਤ ਕਰਨਾ ਹੈ, ਸਗੋਂ ਉਨ੍ਹਾਂ ਨੂੰ ਸਿੱਖਿਆ, ਸੁਰੱਖਿਆ ਅਤੇ ਬਿਹਤਰ ਜੀਵਨ ਪ੍ਰਦਾਨ ਕਰਨਾ ਵੀ ਹੈ। ਇਸ ਲਈ ਸਮਾਜ ਦੀ ਭਾਗੀਦਾਰੀ ਵੀ ਬਹੁਤ ਜ਼ਰੂਰੀ ਹੈ।

# ਸੀ ਟੀ ਗਰੁੱਪ ਵੱਲੋਂ ਸਮਾਜ ਦੇ ਅਸਲ ਬਦਲਾਅ ਲਿਆਉਣ ਵਾਲਿਆਂ ਦਾ ਸਨਮਾਨ

**ਜਲੰਧਰ ( ਸ਼ੈਲੀ ਐਲਬਰਟ)**

ਸੀ ਟੀ ਗਰੁੱਪ ਆਫ਼ ਇੰਸਟੀਟਿਊਸ਼ਨਜ਼ ਨੇ ਐਕਸੀਲੈਂਸ ਅਵਾਰਡਜ਼ ਦੇ ਚੌਥੇ ਸੰਸਕਰਣ ਦਾ ਸ਼ਾਨਦਾਰ ਆਯੋਜਨ ਕੀਤਾ। ਇਹ ਸਮਾਰੋਹ ਉਹਨਾਂ ਵਿਅਕਤੀਆਂ ਨੂੰ ਸਮਰਪਿਤ ਰਿਹਾ ਜਿਨ੍ਹਾਂ ਨੇ ਆਪਣੀ ਪੇਸ਼ਾਵਰ ਕਾਬਲੀਅਤ ਤੋਂ ਅੱਗੇ ਵਧ ਕੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਂਦਾ। ਅਵਾਰਡ ਮਨੁੱਖਤਾ ਸੇਵਾ, ਉਦਯੋਗਕ ਨੈਤ੍ਰਤਵ, ਅੰਤਰਰਾਸ਼ਟਰੀ ਖੇਡਾਂ, ਨੈਤਿਕ ਪੱਤਰਕਾਰਤਾ, ਸਮਾਜਿਕ ਸੁਧਾਰ, ਮਹਿਲਾ ਸਸ਼ਕਤੀਕਰਨ, ਨਵੀਨਤਾ ਅਤੇ ਰਾਸ਼ਟਰ ਨਿਰਮਾਣ ਵਰਗੇ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਲਈ ਦਿੱਤੇ ਗਏ।ਇਸ ਸਮਾਰੋਹ ਦੇ ਮੁੱਖ ਮਹਿਮਾਨ ਹਰਭਜਨ ਸਿੰਘ, ਪ੍ਰਸਿੱਧ ਭਾਰਤੀ ਕ੍ਰਿਕੇਟਰ, ਕਮੈਂਟੇਟਰ ਅਤੇ ਰਾਜ ਸਭਾ ਸਾਂਸਦ ਰਹੇ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਸੀਟੀ ਗਰੁੱਪ ਦੀ ਇਸ ਪਹਿਲ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਅਸਲ ਚੇਂਜਮੇਕਰਜ਼ ਨੂੰ ਸਨਮਾਨ ਦੇਣਾ ਸਮਾਜ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਹਿੰਮਤ, ਅਨੁਸ਼ਾਸਨ ਅਤੇ ਇਮਾਨਦਾਰੀ ਹੀ ਇੱਕ ਜ਼ਿੰਮੇਵਾਰ ਤੇ ਤਰੱਕੀਸ਼ੀਲ ਰਾਸ਼ਟਰ ਦੀ ਨੀਂਹ ਹਨ।ਐਕਸੀਲੈਂਸ ਅਵਾਰਡਜ਼ ਦੇ ਪਹਿਲੇ ਚਰਨ ਵਿੱਚ ਜਗਵਿੰਦਰ ਸਿੰਘ (ਅੰਤਰਰਾਸ਼ਟਰੀ ਫੁੱਟ ਆਰਟਿਸਟ, ਨੈਸ਼ਨਲ ਪੈਰਾ ਸਾਈਕਲਿਸਟ, ਪੈਰਾ ਤਾਇਕਵਾਂਡੋ ਖਿਡਾਰੀ ਅਤੇ ਮੋਟੀਵੇਸ਼ਨਲ ਸਪੀਕਰ), ਬੀਬੀ ਰਾਜਿੰਦਰ ਕੌਰ ਅਤੇ ਸ਼ਮਸ਼ੇਰ ਸਿੰਘ (ਪ੍ਰਭ ਆਸਰਾ ਦੇ ਸੰਸਥਾਪਕ - ਮਨੁੱਖਤਾ ਸੇਵਾ ਲਈ), ਸੁਖਦੇਵ ਸਿੰਘ ਖਿੰਡਾ (ਮੈਨੇਜਿੰਗ ਡਾਇਰੈਕਟਰ, ਏਜੀਆਈ ਇੰਫਰਾ ਲਿਮਟਿਡ, ਜਲੰਧਰ - ਉਦਯੋਗ ਅਤੇ ਢਾਂਚਾਗਤ ਵਿਕਾਸ ਲਈ), ਸੁਦਰਸ਼ਨ ਸ਼ਰਮਾ (ਮੈਨੇਜਿੰਗ ਡਾਇਰੈਕਟਰ, ਐਚ.ਆਰ ਇੰਟਰਨੈਸ਼ਨਲ - ਉਤਕ੍ਰਿਸ਼ਟ ਨੈਤ੍ਰਤਵ) ਅਤੇ ਸਿਮਰਨਜੋਤ ਸਿੰਘ ਮੱਕੜ (ਪੱਤਰਕਾਰ - ਨੈਤਿਕ ਅਤੇ ਨਿਡਰ ਪੱਤਰਕਾਰਤਾ ਲਈ) ਨੂੰ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਪ੍ਰਿਯੰਕਾ ਠਾਕੁਰ (ਅੰਤਰਰਾਸ਼ਟਰੀ ਬਾਕਸਰ ਅਤੇ ਕਿਕ ਬਾਕਸਰ, 14 ਸਾਲਾਂ ਤੋਂ ਅਜੇਤੂ ਪੰਜਾਬ ਸਟੇਟ ਚੈਂਪੀਅਨ), ਗੌਰਵਦੀਪ ਸਿੰਘ (ਫਾਊਂਡਰ, ਇਨੀਸ਼ੀਏਟਰਜ਼ ਆਫ਼ ਚੇਂਜ), ਗਗਨ ਬੇਦੀ (ਪ੍ਰਾਈਡ ਆਫ਼ ਪੰਜਾਬ, ਡਾਂਸ ਕਿੰਗ ਆਫ਼ ਇੰਡੀਆ ਅਤੇ ਫੈਸ਼ਨ ਆਇਕਨ), ਸਾਰੰਗਥੇਮ ਨਿਰੁਪਮਾ ਦੇਵੀ (ਮਿਸ ਯੂਨੀਵਰਸ ਮਣੀਪੁਰ 2025) ਅਤੇ ਕੋਮਲ (ਅੰਤਰਰਾਸ਼ਟਰੀ ਪਾਵਰਲਿਫਟਰ ਅਤੇ ਡੈਡਲਿਫਟ ਵਿੱਚ ਵਰਲਡ ਰਿਕਾਰਡ ਹੋਲਡਰ) ਨੂੰ ਵੀ ਐਕਸੀਲੈਂਸ ਅਵਾਰਡ ਨਾਲ ਨਿਵਾਜਿਆ ਗਿਆ।ਸਮਾਰੋਹ ਦੌਰਾਨ ਹਰਪਾਲ ਕੌਰ ਧੰਜਲ (ਦ ਵੈਲਡਰ ਗਰਲ) ਨੂੰ ਸਕਿਲਡ ਟ੍ਰੇਡਜ਼ ਵਿੱਚ ਮਹਿਲਾ ਸਸ਼ਕਤੀਕਰਨ ਨੂੰ ਨਵੀਂ ਦਿਸ਼ਾ ਦੇਣ ਲਈ, ਅਮਰਿੰਦਰ ਸਿੰਘ ਧੀਮਾਨ (ਮੈਨੇਜਿੰਗ ਡਾਇਰੈਕਟਰ, ਧੀਮਾਨ ਇੰਡਸਟਰੀਜ਼), ਅਸ਼ਵਨੀ ਵਿਕਟਰ (ਡਾਇਰੈਕਟਰ, ਵਿਕਟਰ ਫੋਰਜਿੰਗਜ਼), ਪ੍ਰੋ. ਅਜੇ ਬੰਸਲ (ਰਜਿਸਟਰਾਰ, ਐਨ ਆਈ ਟੀ ਜਲੰਧਰ), ਮਨਮੀਤ ਕੇ ਅਰੋੜਾ (ਪ੍ਰਿੰਸੀਪਲ ਆਰਕੀਟੈਕਟ ਅਤੇ ਫਾਊਂਡਰ, ਦ ਆਰਚ), ਡਾ. ਚਰਨਜੀਤ ਸਿੰਘ ਪ੍ਰਥੀ (ਚੇਅਰਮੈਨ, ਕੈਪੀਟਲ ਹਸਪਤਾਲ) ਅਤੇ ਚਾਰੁਵ੍ਰਤ ਬੈਨਸ (ਅੰਤਰਰਾਸ਼ਟਰੀ ਓਲੰਪਿਆਡ ਮੈਡਲਿਸਟ - ਆਈ.ਈ.ਐਸ.ਓ) ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਜੋਂ ਲਾਲ ਕੁਮਾਰ ਵਿਸ਼ਵਾਸ (ਐਸ ਡੀ ਐਮ, ਨਕੋਦਰ), ਰਾਜ ਕੁਮਾਰ ਸ਼ਰਮਾ ( ਕ੍ਰਿਕਟ ਕੋਚ ਅਤੇ ਅੰਤਰਰਾਸ਼ਟਰੀ ਕ੍ਰਿਕੇਟਰ ਅਭਿਸ਼ੇਕ ਸ਼ਰਮਾ ਦੇ ਪਿਤਾ) ਅਤੇ ਯੁਵਰਾਜ ਸਿੰਘ (ਅਸਿਸਟੈਂਟ ਡਿਫੈਂਸ ਕੌਂਸਲ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਪ੍ਰਾਧਿਕਰਨ, ਜਲੰਧਰ) ਹਾਜ਼ਰ ਰਹੇ।ਸਮਾਰੋਹ ਵਿੱਚ ਸੀਟੀ ਗਰੁੱਪ ਦੇ ਨੈਤ੍ਰਿਤਵ ਦੀ ਮਾਣਯੋਗ ਹਾਜ਼ਰੀ ਰਹੀ, ਜਿਸ ਵਿੱਚ ਚਰਨਜੀਤ ਸਿੰਘ ਚੰਨੀ (ਚੇਅਰਮੈਨ), ਡਾ. ਮਨਬੀਰ ਸਿੰਘ (ਮੈਨੇਜਿੰਗ ਡਾਇਰੈਕਟਰ), ਪਰਮਿੰਦਰ ਕੌਰ (ਕੋ-ਚੇਅਰਪਰਸਨ), ਤਾਨਿਕਾ ਚੰਨੀ (ਜੌਇੰਟ ਮੈਨੇਜਿੰਗ ਡਾਇਰੈਕਟਰ), ਡਾ. ਨਿਤਿਨ ਟੰਡਨ (ਐਗਜ਼ਿਕਿਊਟਿਵ ਡਾਇਰੈਕਟਰ) ਅਤੇ ਡਾ. ਸ਼ਿਵ ਕੁਮਾਰ (ਡਾਇਰੈਕਟਰ ਕੈਂਪਸ) ਸ਼ਾਮਲ ਸਨ।



# ਨਮ ਅੱਖਾਂ ਨਾਲ ਪ੍ਰਿੰਸੀਪਲ ਪਿਆਰਾ ਸਿੰਘ ਦਾ ਅੰਤਮ ਸੰਸਕਾਰ

**ਮਾਹਿਲਪੁਰ (ਸ.ਫਰੀ)**



ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੇ ਮੈਂਬਰ ਤੇ ਪਾਰਟੀ ਦੀ ਹੁਸ਼ਿਆਰਪੁਰ ਜ਼ਿਲ੍ਹਾ ਕਮੇਟੀ ਦੇ ਸਕੱਤਰ ਪ੍ਰਿੰਸੀਪਲ ਪਿਆਰਾ ਸਿੰਘ ਸਦੀਵੀ ਵਿਛੋੜਾ ਦੇ ਗਏ ਹਨ। ਸਾਥੀ ਪਿਆਰਾ ਸਿੰਘ ਨੇ 19 ਜਨਵਰੀ ਪੀ.ਜੀ.ਆਈ. 'ਚ ਅੰਤਮ ਸਾਹ ਲਿਆ । ਉਹ ਕਾਫੀ ਦੇਰ ਤੋਂ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਜੂਝ ਰਹੇ ਸਨ। ਪ੍ਰਿੰਸੀਪਲ ਪਿਆਰਾ ਸਿੰਘ ਦਾ ਅੰਤਿਮ ਸੰਸਕਾਰ ਉਨਾਂ ਦੇ ਪਿੰਡ ਅਛਰਵਾਲ ਵਿਖੇ ਲਾਲ ਝੰਡਿਆਂ ਦੀ ਸਲਾਮੀ ਹੇਠ ਕੀਤਾ ਗਿਆ। ਇਸ ਮੌਕੇ ਪਾਰਟੀ ਦੇ ਕੇਂਦਰੀ ਸਟੈਂਡਿੰਗ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ, ਪੰਜਾਬ ਰਾਜ ਕਮੇਟੀ, ਪ ਸ ਸ ਫ ਦੇ ਸੂਬਾ ਪ੍ਰਧਾਨ ਸਾਥੀ ਸਤੀਸ਼ ਰਾਣਾ, ਨੌਜਵਾਨ ਆਗੂ ਧਰਮਿੰਦਰ ਸਿੰਘ, ਸਾਥੀ ਗਿਆਨ ਸਿੰਘ ਗੁਪਤਾ, ਮੱਖਣ ਲੰਗੇਰੀ, ਰਾਮਜੀ ਦਾਸ, ਪ੍ਰਿਤਪਾਲ ਸਿੰਘ ਚੌਟਾਲਾ, ਮੱਖਣ ਸਿੰਘ ਵਾਹਿਦਪੁਰੀ, ਮਲਕੀਤ ਬਾਹੋਵਾਲ, ਸਤਨਾਮ ਸਿੰਘ ਅਜਨਾਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪਸਸਫ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਅਮਰਜੀਤ ਕੁਮਾਰ, ਸ਼ਾਮ ਸੁੰਦਰ ਕਪੂਰ, ਪਰਮਜੀਤ ਕਾਤਿਬ, ਸਤਵਿੰਦਰ ਸਿੰਘ, ਅਰਵਿੰਦਰ ਸਿੰਘ, ਗੁਰਵਿੰਦਰ ਸਿੰਘ, ਸੁਨੀਲ ਸ਼ਰਮਾ, ਜਸਵਿੰਦਰ ਸਿੰਘ, ਸਗਲੀ ਰਾਮ, ਉਂਕਾਰ ਸਿੰਘ, ਹਰਮਨੋਜ ਕੁਮਾਰ, ਸੁਖਵਿੰਦਰ ਸਿੰਘ, ਪਰਮਜੀਤ ਸਿੰਘ, ਪਰਮਿੰਦਰ ਕੁਮਾਰ, ਕੁਲਵੰਤ ਸਿੰਘ, ਗਿਆਨ ਚੰਦ, ਸਤਨਾਮ ਸਿੰਘ, ਜੀਤ ਬਗਵਾਂਈ, ਜਤਿੰਦਰ ਸਿੰਘ, ਬਖਤਾਵਰ ਸਿੰਘ, ਦਵਿੰਦਰ ਪਰਮਾਰ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਸ਼ੇਰ ਜੰਗ ਬਹਾਦਰ ਸਿੰਘ, ਬਲਵੀਰ ਚੰਦ, ਮਹਿੰਦਰ ਪਾਲ, ਕੁਲਦੀਪ ਸਿੰਘ, ਤਰਸੇਮ ਲਾਲ, ਰਾਮ ਆਸਰਾ, ਸੰਤ ਰਾਮ, ਗੁਰਪਾਲ ਸਿੰਘ, ਬਲਵਿੰਦਰ ਰਾਮ, ਹਰਭਜਨ ਸਿੰਘ ਅਜਨੋਹਾ, ਰਸ਼ਪਾਲ ਸਿੰਘ, ਕੁਲਵਰਨ ਸਿੰਘ ਆਦਿ ਹਾਜ਼ਰ ਸਨ।